ਜੀਵਨ ਬ੍ਰਿਤਾਂਤ

ਮਹਾਰਾਜਾ

ਨੌਨਿਹਾਲ ਸਿੰਘ

(ਖ਼ਾਲਸਾ ਰਾਜ ਦਾ ਤੀਜਾ ਮਹਾਰਾਜਾ)

ਬਾਬਾ ਪ੍ਰੇਮ ਸਿੰਘ ਹੋਤੀ

EST. 1940

ਲਾਹੌਰ ਬੁੱਕ ਸ਼ਾਪ

2-ਲਾਜਪਤ ਰਾਏ ਮਾਰਕੀਟ, ਲੁਧਿਆਣਾ

2011

ਸਜਿਲਦ : *80/- ਰੁਪਏ*

ਪ੍ਰਕਾਸ਼ਕ : *ਤੇਜਿੰਦਰ ਬੀਰ ਸਿੰਘ, ਲਾਹੌਰ ਬੁੱਕ ਸ਼ਾਪ*
2-ਲਾਜਪਤ ਰਾਏ ਮਾਰਕੀਟ, ਨੇੜੇ ਸੁਸਾਇਟੀ ਸਿਨੇਮਾ,
ਲੁਧਿਆਣਾ । Ph. : 2740738
E-Mail:-lahorebookshop40@Rediffmail.com

ਲੇਜ਼ਰ ਸੈਟਿੰਗ : *ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ।*

ਛਾਪਕ : *R.K. Offset Process, Delhi*

ਤਤਕਰਾ

ਭੂਮਿਕਾ

ਮਹਾਰਾਜਾ ਨੌਨਿਹਾਲ ਸਿੰਘ ਦਾ ਜੀਵਨ-ਬ੍ਰਿਤਾਂਤ ਇਕ ਅਜਿਹਾ ਵਚਿੱਤ੍ਰ ਜੀਵਨ ਹੈ, ਜਿਸ ਦੀ ਇਕ-ਇਕ ਘਟਨਾ ਮੌਜੂਦਾ ਜਨਤਾ ਤੇ ਆਉਣ ਵਾਲੀ ਸੰਤਾਨ ਲਈ ਅਮੋਲਕ ਸਿੱਖਯਾ ਨਾਲ ਲਬਾ-ਲਬ ਭਰੀ ਪਈ ਹੈ। ਇਸ ਦੇ ਪੜ੍ਹਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸੰਸਾਰ 'ਤੇ ਜੀਵਨ ਬਿਤਾਉਣ ਲਈ ਹੋਰਨਾਂ ਅਨੇਕ ਗੁਣਾਂ ਵਿੱਚੋਂ ਪਰਤਾਵਾ (ਤਜਰਬਾ) ਕਿੰਨੀ ਕੁ ਲੋੜੀਂਦੀ ਚੀਜ਼ ਹੈ। ਬਹਾਦਰੀ ਉੱਚੀ ਦਾਤ ਹੈ, ਜਿਸ ਨਾਲ ਸੰਸਾਰ ਦੀਆਂ ਅਨੇਕਾਂ ਸਫ਼ਲਤਾਵਾਂ ਪ੍ਰਾਪਤ ਹੋ ਸਕਦੀਆਂ ਹਨ। 'ਨਿਰਭੈਤਾ' ਰੱਬੀ ਗੁਣ ਹੈ, ਜਿਸ ਦੇ ਵਸੀਲੇ ਨਾਲ ਅਸੰਖ ਔਕੜਾਂ 'ਤੇ ਕਾਬੂ ਪਾ ਸਕੀਦਾ ਹੈ। 'ਜੋਸ਼' ਜ਼ਿੰਦਗੀ ਹੈ ਜਿਸ ਦੇ ਅਧਾਰ 'ਤੇ ਹੀ ਸੰਸਾਰ ਦੇ ਸਾਰੇ ਕੰਮ ਚਲ ਰਹੇ ਹਨ। 'ਧਨ-ਪਦਾਰਥ' ਦਾਤਾ ਦੀ ਬਖ਼ਸ਼ਿਸ਼ ਹੈ, ਮਾਇਕੀ ਮਨੁੱਖ ਇਸ ਦੀ ਪ੍ਰਾਪਤੀ ਦੇ ਹੁੰਦਿਆਂ ਕਿਸੇ ਹੋਰ ਚੀਜ਼ ਦੀ ਲੋੜ ਨਹੀਂ ਸਮਝਦੇ ਪਰ ਪਰਤਾਵਾ ਉਹ ਪੂੰਜੀ ਹੈ, ਜਿਸ ਦੇ ਨਾ ਹੋਣ ਦੇ ਕਾਰਨ ਉੱਪਰ ਲਿਖੇ ਸਾਰੇ ਅਮੋਲਕ ਗੁਣ, ਭਿਆਨਕ ਅਵਗੁਣ ਦੀ ਸ਼ਕਲ ਵਿਚ ਪਲਟ ਸਕਦੇ ਹਨ ਅਤੇ ਸੁੱਖਾਂ ਦੀ ਥਾਂ ਅਤਿ ਦੁਖਦਾਈ ਬਣ ਜਾਂਦੇ ਹਨ।

ਇਸ ਭਾਵ ਦੀ ਪੁਸ਼ਟੀ ਲਈ ਆਓ! ਅਸੀਂ ਮਹਾਰਾਜਾ ਨੌਨਿਹਾਲ ਸਿੰਘ ਦਾ ਜੀਵਨ ਪੜ੍ਹੀਏ, ਜਿਸ ਤੋਂ ਭਾਵ ਸਿੱਧ ਹੋ ਜਾਇਗਾ ਕਿ ਇਸ ਇਕ ਗੁਣ ਦੀ ਅਣਹੋਂਦ ਦੇ ਕਾਰਨ ਅਨੇਕਾਂ ਗੁਣਾਂ ਦੇ ਹੁੰਦੇ ਹੋਇਆਂ ਵੀ ਉਸ ਤੋਂ ਕੀ-ਕੀ.ਭਿਆਨਕ ਭੁੱਲਾਂ ਕਰਵਾਈਆਂ ਗਈਆਂ। ਮਹਾਰਾਜਾ ਨੌਨਿਹਾਲ ਸਿੰਘ ਨਿਰਭੈ ਜੋਧਾ ਹੈ, ਅਥੱਕ ਬਹਾਦਰ ਹੈ, ਪੁਰਜੋਸ਼ ਨੌਜਵਾਨ ਹੈ, ਭਰਪੂਰ ਖ਼ਜ਼ਾਨਿਆਂ ਦਾ ਮਾਲਕ ਹੈ, ਲੱਖਾਂ ਫ਼ੌਜਾਂ ਹੁਕਮ ਵਿਚ ਆਪਾ ਵਾਰਦੀਆਂ ਹਨ, ਪਰ ਸ਼ੋਕ! ਇਕ ਤਜਰਬੇ ਦੀ ਕਮੀ ਦੇ ਕਾਰਨ ਅਜਿਹੇ ਨਿਰਦਈ

ਹਤਿਆਰਿਆਂ ਦੇ ਧੋਖਿਆਂ ਦਾ ਸ਼ਿਕਾਰ ਬਣ ਜਾਂਦਾ ਹੈ, ਜਿਨ੍ਹਾਂ ਨੂੰ ਇਹ ਦਿਲੋਂ ਜਾਣਦਾ ਹੈ ਕਿ ਇਹ ਖ਼ਾਲਸਾ ਰਾਜ ਤੇ ਮੇਰੀ ਜਾਨ ਦੇ ਵੈਰੀ ਹਨ, ਨਾ ਤਜਰਬਾਕਾਰ ਮਹਾਰਾਜਾ ਨੂੰ ਖ਼ੁਦਗਰਜ਼ ਡੋਗਰੇ ਵਜ਼ੀਰ ਆਪਣੀਆਂ ਚਾਲਾਂ ਵਿੱਚ ਫਸਾ ਕੇ ਪਹਿਲਾਂ ਵਫ਼ਾਦਾਰ ਸਰਦਾਰ, ਬਦਖੁਵਾ ਕਰਕੇ ਦੱਸੇ ਜਾਂਦੇ ਹਨ, ਇਨ੍ਹਾਂ ਵਿੱਚੋਂ ਇਕ ਨੂੰ (ਸ੍ਰ. ਚੇਤ ਸਿੰਘ) ਇਸ ਦੇ ਰੂਬਰੂ ਟੁਕੜੇ-ਟੁਕੜੇ ਕੀਤਾ ਜਾਂਦਾ ਹੈ, ਛੇਕੜ ਇਸ ਨੂੰ ਖ਼ੁਦ ਅਤਿ ਨਿਰਦਯਤਾ ਨਾਲ ਠੀਕ ਓਸੇ ਦਿਨ ਮਾਰ ਦਿੱਤਾ ਜਾਂਦਾ ਹੈ, ਜਿਸ ਦਿਨ ਇਸ ਦੇ ਪਿਤਾ ਦਾ ਅੰਤਿਮ ਸੰਸਕਾਰ ਅਜੇ ਹੋ ਰਿਹਾ ਸੀ। ਇਹ ਇਕ ਲੱਖ ਪੰਜਾਹ ਹਜ਼ਾਰ 1,50000 ਮੁਰੱਬਾ ਮੀਲ ਦੇਸ਼ ਦਾ ਮਹਾਰਾਜ਼ਾ ਹੈ, ਲੱਖਾਂ ਨੌਕਰਾਂ ਦਾ ਮਾਲਕ ਹੈ; ਪਰ ਇਕ ਘੁੱਟ ਪਾਣੀ ਲਈ ਤਰਸ-ਤਰਸ ਕੇ ਬਿਲਲਾਂਦਾ ਹੈ ਤੇ ਇਕ ਬੂੰਦ ਪਾਣੀ ਦੇਣ ਤੋਂ ਬਿਨਾਂ ਸਸਕਾ-ਸਸਕਾ ਕੇ ਤਰਸਾਇਆ ਜਾਂਦਾ ਹੈ। ਇਥੇ ਹੀ ਬੱਸ ਨਹੀਂ, ਇਸ ਦੀ ਪਿਆਰੀ ਮਾਂ ਤੇ ਲਾਡਲੀ ਧਰਮ ਪਤਨੀ ਅੰਤ ਸਮੇਂ ਇਸ ਦਾ ਮੂੰਹ ਦੇਖਣ ਲਈ ਆਉਂਦੀਆਂ ਹਨ ਪਰ ਅਜਿਹੇ ਦਰਦਨਾਕ ਕੀਰਨੇ ਤੇ ਵਾਸਤੇ ਪਾਂਦੀਆਂ ਹਨ ਕਿ ਪੱਥਰ ਵੀ ਮੋਮ ਹੋ ਕੇ ਪੰਘਰ ਜਾਂਦੇ ਹਨ। ਅੱਤਿਆਚਾਰੀਆਂ ਵੱਲੋਂ ਬੰਦ ਕੀਤੇ ਗਏ ਕਿਲ੍ਹੇ ਦੇ ਦਰਵਾਜ਼ਿਆਂ ਦੇ ਖੁੱਲ੍ਹਾਣ ਲਈ ਇਹ ਨੂੰਹ ਸੱਸ ਆਪਣੇ ਕੋਮਲ ਹੱਥ ਮੇਖਾਂ ਜੜੇ ਦਰਵਾਜ਼ਿਆਂ 'ਤੇ ਮਾਰ-ਮਾਰ ਕੇ ਲਹੂ-ਲੁਹਾਨ ਕਰ ਦਿੰਦੀਆਂ ਹਨ, ਪਰ ਨਿਰਦਈ ਇਨ੍ਹਾਂ ਨੂੰ ਮਰਦੇ ਹੋਏ ਮਹਾਰਾਜ ਦਾ ਮੂੰਹ ਤੱਕ ਨਹੀਂ ਦੱਸਦੇ ਆਦਿ। ਇਸ ਤਰ੍ਹਾਂ ਇਤਿਹਾਸਕ ਵਾਕਿਆਤ, ਡੂੰਘੀ ਖੋਜ ਨਾਲ ਇਸ ਪੁਸਤਕ ਵਿੱਚ ਇਕੱਠੇ ਕੀਤੇ ਗਏ ਹਨ, ਜਿਸ ਦੇ ਪੜ੍ਹਨ ਤੋਂ ਪਤਾ ਲੱਗ ਜਾਂਦਾ ਹੈ ਕਿ ਖ਼ੁਦਗ਼ਰਜ਼ ਆਪਣੀਆਂ ਗ਼ਰਜ਼ਾਂ ਪੂਰੀਆਂ ਕਰਨ ਲਈ ਕਿਹੋ ਜਿਹੇ ਅੱਤਿਆਚਾਰ ਕਰਦੇ ਹਨ ਅਤੇ ਡੂੰਘੀਆਂ ਚਾਲਾਂ ਚੱਲਦੇ ਹਨ, ਜਿਨ੍ਹਾਂ ਤੋਂ ਬਚਣਾ ਬਿਨਾਂ ਭਾਰੀ ਤਜਰਬੇ ਦੇ ਕਿੰਨਾ ਕਠਨ ਕੰਮ ਹੈ ਤੇ ਸੰਸਾਰ 'ਤੇ ਜੀਵਨ ਗੁਜ਼ਾਰਨ ਲਈ ਮਨੁੱਖ ਨੂੰ ਕਿੰਨੀ ਸਾਵਧਾਨਤਾ ਦੀ ਲੋੜ ਹੈ।

ਫਰਵਰੀ
੧੯੨੭

(ਬਾਬਾ) ਪ੍ਰੇਮ ਸਿੰਘ

ਜੀਵਨ ਮਹਾਰਾਜਾ ਨੌਨਿਹਾਲ ਸਿੰਘ ਜੀ

ਜਨਮ

ਸ਼ਹਿਜ਼ਾਦਾ ਨੌਨਿਹਾਲ ਸਿੰਘ ਮਹਾਰਾਜਾ ਖੜਗ ਸਿੰਘ ਦਾ ਪੁੱਤਰ ਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਪੋਤਰਾ ਸੀ। ਆਪ ਦਾ ਜਨਮ ਫੱਗਣ ਸੰਮਤ ੧੮੭੭ ਮੁਤਾਬਿਕ ੧੧ ਫਰਵਰੀ, ਸੰਨ ੧੮੨੦ ਨੂੰ ਮਹਾਰਾਣੀ ਚੰਦ ਕੌਰਾ[1] ਦੀ ਕੁੱਖ ਤੋਂ ਹੋਇਆ।

ਮਹਾਰਾਜਾ ਰਣਜੀਤ ਸਿੰਘ ਜੀ ਇਸ ਸਮੇਂ ਸ੍ਰੀ ਅੰਮ੍ਰਿਤਸਰ ਜੀ ਵਿਚ ਸਨ, ਜਦ ਆਪ ਨੂੰ ਇਸ ਸ਼ਹਿਜ਼ਾਦੇ ਦੇ ਜਨਮ ਦੀ ਖ਼ੁਸ਼ੀ ਭਰੀ ਖ਼ਬਰ ਪਹੁੰਚੀ। ਆਪ ਉਸੀ ਵਕਤ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਹਾਜ਼ਰ ਹੋਏ ਅਤੇ ਦੇਰੀ ਤੱਕ ਆਪਣਾ ਸੀਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

---

1. ਮਹਾਰਾਣੀ ਚੰਦ ਕੌਰ ਸ੍ਰ. ਜੈਮਲ ਸਿੰਘ ਜੀ ਘਨੱਈਆ ਮਿਸਲ ਦੇ ਮਿਸਲਦਾਰ ਦੀ ਸਪੁੱਤਰੀ ਸੀ। ਆਪ ਦਾ ਵਿਆਹ ੬ ਫਰਵਰੀ ਸੰਨ ੧੮੧੨ ਨੂੰ ਮਹਾਰਾਜਾ ਖੜਗ ਸਿੰਘ ਨਾਲ ਫਤਹਿਗੜ੍ਹ (ਗੁਰਦਾਸਪੁਰ) ਵਿਚ ਬੜੀ ਧੂਮਧਾਮ ਨਾਲ ਹੋਇਆ। ਮਹਾਰਾਜਾ ਰਣਜੀਤ ਸਿੰਘ ਜੀ ਨੇ ਇਸ ਸਮੇਂ ਇਨੀ ਦਰਿਆ ਦਿਲੀ ਤੋਂ ਕੰਮ ਲਿਆ ਕਿ ਪੰਜਾਬ ਵਿਚ ਉਸ ਸਮੇਂ ਇਹ ਆਮ ਕਿਹਾ ਜਾਂਦਾ ਸੀ ਕਿ ਇੰਨੀ ਸਜ-ਧਜ ਨਾਲ ਇਸ ਤੋਂ ਪਹਿਲਾਂ ਦੇਸ਼ ਵਿਚ ਕਦੀ ਕੋਈ ਵਿਆਹ ਨਹੀਂ ਸੀ ਹੋਇਆ। ਘਨੱਈਆ ਮਿਸਲ ਦੇ ਪਤਵੰਤੇ ਸਰਦਾਰਾਂ ਨੇ ਆਪਣੇ ਸਤਿਕਾਰ ਯੋਗ ਪਰਾਹੁਣਿਆਂ ਦੀ ਜਿਸ ਉਦਾਰ ਦਿਲੀ ਨਾਲ ਪ੍ਰਾਹੁਣਚਾਰੀ ਕੀਤੀ ਉਹ ਕਦੇ ਨਾ ਭੁੱਲਣ ਵਾਲੀ ਸੀ। ਇਸ ਸਮੇਂ ਮਹਾਰਾਜਾ ਨਾਲ ਪਟਿਆਲਾ, ਨਾਭਾ, ਜੀਂਦ ਤੇ ਕੈਥਲ ਆਦਿ ਤੋਂ ਛੁੱਟ ਕਰਨਾਲ (ਸਰ ਡੈਵਡ) ਅਕਟਰ ਲੋਨੀ ਏਜੰਟ ਗਵਰਨਰ ਜਰਨਲ ਵੀ ਸ਼ਾਮਿਲ ਸੀ। (ਸਰ ਲੈਪਲ ਗ੍ਰਿਫ਼ਨ)

ਹਜ਼ੂਰੀ ਵਿਚ ਸ਼ੁਕਰ ਗੁਜ਼ਾਰੀ ਨਾਲ ਨਿਵਾਈ ਰੱਖਿਆ।

ਲਿਖਿਆ ਹੈ ਕਿ ਪਰਕ੍ਰਮਾ ਵਿਚ ਇਸ ਸਮੇਂ ਮਹਾਰਾਜਾ ਸਾਹਿਬ ਨੇ ਆਪਣੇ ਹੱਥਾਂ ਨਾਲ ਰੁਪਏ ਤੇ ਮੋਹਰਾਂ ਦਾ ਮੀਂਹ ਵਸਾਇਆ, ਅਨੇਕ ਅਨਾਥਾਂ ਅਤੇ ਲੋੜਵੰਦਾਂ ਨੂੰ ਨਿਹਾਲ ਕਰ ਦਿੱਤਾ। ਸ੍ਰੀ ਅੰਮ੍ਰਿਤਸਰ, ਲਾਹੌਰ, ਮੁਲਤਾਨ ਅਤੇ ਪੰਜਾਬ ਦੇ ਹੋਰਨਾਂ ਵੱਡੇ-ਵੱਡੇ ਸ਼ਹਿਰਾਂ ਵਿਚ ਕਈ ਦਿਨਾਂ ਤੱਕ ਖ਼ੁਸ਼ੀਆਂ ਮਨਾਈਆਂ ਗਈਆਂ ਤੇ ਦੀਪ-ਮਾਲਾ ਹੋਈ।

ਉਸ ਸਮੇਂ ਦੇ ਪ੍ਰਸਿੱਧ ਕਵੀਆਂ ਨੇ ਆਪੋ-ਆਪਣੇ ਕੋਮਲ ਖ਼ਿਆਲਾਂ ਅਨੁਸਾਰ ਮਨਮੋਹਣੀਆਂ ਕਵਿਤਾਵਾਂ ਰਚ ਕੇ ਮਹਾਰਾਜਾ ਸਾਹਿਬ ਦੇ ਦਰਬਾਰ ਵਿੱਚ ਪੇਸ਼ ਕੀਤੀਆਂ। ਜਿਨ੍ਹਾਂ ਨੂੰ ਵੱਡੇ-ਵੱਡੇ ਇਨਾਮ ਤੇ ਖ਼ਿਲਤਾਂ ਮਿਲੀਆਂ, ਉਨ੍ਹਾਂ ਵਿਚੋਂ ਇਕ ਕਵਿਤਾ ਜੋ ਦੀਵਾਨ ਅਮਰ ਨਾਥ ਨੇ ਪੇਸ਼ ਕੀਤੀ ਸੀ, ਬੜੀ ਹੀ ਪਸੰਦ ਕੀਤੀ ਗਈ ਜੋ ਬੜੀ ਪੁਰ-ਮਤਲਬ ਤੇ ਸਮੇਂ ਦੇ ਠੀਕ ਅਨੁਕੂਲ ਸੀ, ਜੋ ਇਸ ਤਰ੍ਹਾਂ ਸ਼ੁਰੂ ਹੁੰਦੀ ਸੀ—

ਚਰਨ ਅਕਲ ਕਲ ਅਨ ਨਿਹਾਲ ਦਾਨਿਸ਼
ਦਰ ਗੁਲਸ਼ਨ ਆਫ਼ਰੀਨਸ਼ ਆਮਦ
ਤਾਰੀਖ਼ ਵਲਾਦੰਸ਼ ਬਜਸਤਮ
ਗੁਲਦਸਤਾ ਬਾਗ਼ ਦਾਨਿਸ਼ ਆਮਦ

ਭਾਵ—ਉਹ ਸਿਆਣਪ ਦਾ ਡਾਲ ਜਦ ਇਸ ਬਾਗ਼ ਰੂਪੀ ਸੰਸਾਰ ਵਿਚ ਮੌਲਿਆ ਤਾਂ ਮੈਂ ਉਸਦੀ ਆਮਦ ਦੀ ਤਾਰੀਫ਼ ਲੱਭਣੀ ਚਾਹੀ, ਜਦ ਮੈਂ ਗੌਹ ਕੀਤੀ ਤਾਂ ਲੱਭ ਲਿਆ ਕਿ ਅਕਲ ਦਾ ਗੁਲਦਸਤਾ ਆਇਆ।

ਕੁਝ ਦਿਨ ਉਪਰੰਤ ਬੜੀ ਧੂਮ-ਧਾਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਨੁਸਾਰ ਸ਼ਹਿਜ਼ਾਦੇ ਦਾ ਨਾਮ ਨੌਨਿਹਾਲ ਸਿੰਘ ਰੱਖਿਆ ਗਿਆ। ਇਸ ਸਮੇਂ ਇਕ ਸੌ ਇਕ ਤੋਪ ਦੀ ਸਲਾਮੀ ਉਤਾਰੀ ਗਈ ਅਤੇ ਵੱਡੀਆਂ ਜਾਗੀਰਾਂ ਤੇ ਬਖ਼ਸ਼ਿਸ਼ਾਂ ਅਧਿਕਾਰੀਆਂ ਨੂੰ ਬਖ਼ਸ਼ੀਆਂ ਗਈਆਂ।

ਇਸ ਸ਼ਹਿਜ਼ਾਦੇ ਦੇ ਚੇਹਰੇ ਦੀ ਨੁਹਾਰ ਅਤੇ ਹਰ ਵੇਲੇ ਖਿੜਿਆ ਰਹਿਣ ਵਾਲਾ ਮੁਖੜਾ ਕੁਝ ਅਜਿਹਾ ਮਨਮੋਹਣਾ ਸੀ ਕਿ ਜੇ ਕੋਈ ਇਕ ਵਾਰੀ ਇਸ ਨੂੰ ਦੇਖਦਾ, ਮੋਹਤ ਹੋ ਜਾਂਦਾ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਤਾਂ ਇਸ ਸ਼ਹਿਜ਼ਾਦੇ ਨਾਲ ਬਾਲਪਨ ਤੋਂ ਹੀ ਐਨਾ ਪਿਆਰ ਸੀ ਕਿ ਜਿਸ ਦੀ ਕੋਈ ਹੱਦ ਹੀ ਨਹੀਂ ਸੀ।

ਇਸ ਬੱਚੇ ਦੇ ਵਡੀਰਨ ਦੀ ਜ਼ਿੰਮੇਵਾਰੀ, ਵੱਡੇ ਮਹਾਰਾਜੇ ਨੇ ਆਪਣੀ ਦ੍ਰਿਸ਼ਟੀ ਗੋਚਰ ਰੱਖੀ। ਉਸ ਸਮੇਂ ਦੀ ਉੱਚੀ ਤੋਂ ਉੱਚੀ ਵਿਦਿਆ ਪ੍ਰਾਪਤੀ ਦਾ ਪ੍ਰਬੰਧ ਇਸ ਤਰ੍ਹਾਂ ਕੀਤਾ ਗਿਆ—

ਧਾਰਮਿਕ ਸਿੱਖਿਆ ਲਈ ਭਾਈ ਸਾਹਿਬ ਭਾਈ ਸੰਤ ਸਿੰਘ ਜੀ ਗਿਆਨੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੀਯਤ ਹੋਏ। ਰਾਜਸੀ ਤੇ ਫ਼ੌਜੀ ਵਿਦਿਆ ਦੀ ਜ਼ਿੰਮੇਵਾਰੀ ਮਾਨਯੋਗ ਸਰਦਾਰ ਲੈਹਣਾ ਸਿੰਘ ਜੀ ਮਜੀਠੀਆ ਤੇ ਬਹਾਦਰ ਸਰਦਾਰ ਹਰੀ ਸਿੰਘ ਜੀ ਨਲਵਾ ਅਤੇ ਜਰਨੈਲ ਵੰਨਤੂਰਾ ਦੇ ਹੱਥਾਂ ਵਿਚ ਸੌਂਪੀ ਗਈ, ਜਿਨ੍ਹਾਂ ਨੇ ਆਪਣੀ ਸਾਰੀ ਯੋਗਤਾ ਵਰਤ ਕੇ ਸ਼ਹਿਜ਼ਾਦੇ ਨੂੰ ਸਰਬ ਗੁਣਾਂ ਵਿਚ ਨਿਪੁੰਨ ਕਰ ਦਿੱਤਾ। ਜਿਸ ਤਰ੍ਹਾਂ ਇਹ ਅਧਿਆਪਕ ਉਸ ਸਮੇਂ ਦੇ ਪ੍ਰਸਿੱਧ ਨਾਮੀ ਆਦਮੀ ਸਨ, ਉਸੇ ਤਰ੍ਹਾਂ ਇਹ ਵਿਦਿਆਰਥੀ ਵੀ ਆਪਣੀ ਨਜ਼ੀਰ ਆਪ ਹੀ ਸੀ। ਜੋ ਜੋ ਸੰਥਾ ਸ਼ਹਿਜ਼ਾਦੇ ਨੂੰ ਦਿੱਤੀ ਜਾਂਦੀ, ਉਹ ਬਿਨਾਂ ਕਿਸੇ ਲੰਮੀ ਘਾਲ ਦੇ ਯਾਦ ਕਰ ਲੈਂਦਾ। ਸ਼ਾਹਸਵਾਰੀ ਅਤੇ ਨਿਸ਼ਾਨਾਬਾਜ਼ੀ ਵਿਚ ਤਾਂ ਉਹ ਕਮਾਲ ਪ੍ਰਾਪਤ ਕੀਤਾ ਕਿ ਜਿਸ ਦੀ ਨਜ਼ੀਰ ਮਿਲਣੀ ਜੇ ਅਸੰਭਵ ਨਹੀਂ ਸੀ ਤਾਂ ਕਠਿਨ ਤਾਂ ਜ਼ਰੂਰੀ ਸੀ। ਕਈ-ਕਈ ਰਜਮੰਟਾਂ ਤੋਂ ਇਕੋ ਵਕਤ ਵਿਚ ਪਰੇਡ ਲੈਣ ਦਾ ਕੰਮ ਅਜਿਹੀ ਯੋਗਤਾ ਤੇ ਫ਼ੁਰਤੀ ਨਾਲ ਕਰਦਾ ਕਿ ਪੁਰਾਣੇ ਤੇ ਨਾਮੀ ਜਰਨੈਲ ਵੀ ਵਾਹ! ਵਾਹ!! ਬੋਲ ਉਠਦੇ।

ਸ਼ਹਿਜ਼ਾਦਾ ਨੌਨਿਹਾਲ ਸਿੰਘ ਤੇ ਪਿਸ਼ਾਵਰ

ਪਿਸ਼ਾਵਰ ਦੇ ਇਲਾਕੇ ਨੂੰ ਫ਼ਤਹ ਕੀਤਿਆਂ ਮਹਾਰਾਜਾ ਰਣਜੀਤ ਸਿੰਘ ਨੂੰ ਭਾਵੇਂ ਸੋਲ੍ਹਾਂ ਸਾਲ ਹੋ ਗਏ ਸਨ, ਪਰ ਜਿਸ ਤਰ੍ਹਾਂ ਦਾ ਪ੍ਰਬੰਧ ਮਹਾਰਾਜਾ ਸਾਹਿਬ ਇਸ ਇਲਾਕੇ ਦਾ ਕਰਨਾ ਚਾਹੁੰਦੇ ਸਨ, ਉਹ ਇਸ ਵਕਤ ਤੱਕ ਨਹੀਂ ਸੀ ਹੋ ਸਕਿਆ, ਜਿਸ ਕਰਕੇ ਪਿਸ਼ਾਵਰ ਨੂੰ ਖ਼ਾਲਸਾ ਰਾਜ ਨਾਲ ਮਿਲਾਉਣਾ ਜ਼ਰੂਰੀ ਸਮਝਿਆ ਗਿਆ।

ਮਿਲਾਣ ਦੇ ਕਾਰਣ

੧. ਮਹਾਰਾਜਾ ਸਾਹਿਬ ਵੱਲੋਂ ਇਸ ਇਲਾਕੇ 'ਤੇ ਕਈ ਸਾਲਾਂ ਤੋਂ ਕਬਜ਼ਾ ਸੁਲਤਾਨ ਮੁਹੰਮਦ ਖ਼ਾਨ ਬਾਰਕਜ਼ਈ ਦਾ ਚਲਿਆ ਆਉਂਦਾ ਸੀ, ਜਿਸ ਦੇ ਬਦਲੇ ਉਸ ਨੇ ਪੰਜ ਲੱਖ ਰੁਪਿਆ ਨਾਨਕਸ਼ਾਹੀ ਸਾਲਾਨਾ ਬਾਜ-ਗੁਜ਼ਾਰੀ (ਖ਼ਰਾਜ) ਤਾਰਨ ਦਾ ਐਹਦਨਾਮਾ ਲਿਖ ਦਿੱਤਾ ਸੀ[1] ਪਰ ਇਹ ਰਕਮ ਕਦੇ ਵੀ ਸਮੇਂ ਸਿਰ ਲਾਹੌਰ ਦੇ ਖ਼ਜ਼ਾਨੇ ਵਿੱਚ ਬਾਰਕ-ਜ਼ਈ ਦਾਖ਼ਲ ਨਹੀਂ ਸਨ ਕਰਦੇ ਤੇ ਸਦਾ ਹੀ ਫ਼ੌਜ ਦੇ ਦਬਾ ਨਾਲ ਰੁਪਿਆ ਤਾਰਦੇ ਸਨ। ਸਾਲ ਸੰਨ ੧੮੧੮ ਤੋਂ ੩੨-੩੩ ਦਾ ਖ਼ਿਰਾਜ ਸਾਰੇ ਦਾ ਸਾਰਾ ਬਾਕੀ ਚਲਾ ਆਉਂਦਾ ਸੀ ਤੇ ਮੁੜ-ਮੁੜ ਮੰਗ ਕਰਨ 'ਤੇ ਵੀ ਦਾਖ਼ਲ ਨਾ ਕੀਤਾ ਗਿਆ।[1]

੨. ਪਿਸ਼ਾਵਰ ਦੇ ਲਾਗੇ ਦੇ ਇਲਾਕਿਆਂ ਦੇ ਸ਼ੀਆ ਮੁਸਲਮਾਨਾਂ ਤੇ ਹਿੰਦੂਆਂ ਨੇ ਮਿਲ ਕੇ ਇਕ ਬੜੀ ਦਰਦਨਾਕ ਦਰਖ਼ਾਸਤ ਸਰਦਾਰ ਹਰੀ ਸਿੰਘ ਜੀ ਦੀ ਰਾਹੀਂ ਮਹਾਰਾਜਾ ਸਾਹਿਬ ਕੋਲ ਭੇਜੀ ਕਿ ਰੱਬ ਦੇ

1. ਉਸ ਸਮੇਂ ਦੇ ਅਹਿਦਨਾਮਿਆਂ ਦੇ ਵਿਸ਼ਥਾਰ ਦਾ ਨਮੂਨਾ ਇਸੇ ਪੁਸਤਕ ਵਿੱਚ ਸ਼ਹਿਜ਼ਾਦਾ ਨੌਨਿਹਾਲ ਸਿੰਘ ਦੀ ਕਾਬਲ 'ਤੇ ਚੜ੍ਹਾਈ ਦੇ ਪ੍ਰਕਰਣ ਵਿੱਚ ਪੜ੍ਹੋ।

ਵਾਸਤੇ ਅਸਾਨੂੰ ਬਾਰਕਜ਼ਈਆਂ ਦੀ ਜ਼ੁਲਮੀ ਹਕੂਮਤ ਤੋਂ ਛੁਡਾ ਕੇ ਆਪਣੀ ਰਾਖੀ ਵਿਚ ਲਿਆ ਜਾਏ।[1]

੩. ਹਜ਼ਾਰੇ ਦੇ ਰੌਲੇ ਵਿਚ ਖੋਜ ਤੋਂ ਪਤਾ ਲੱਗਾ ਕਿ ਸੁਲਤਾਨ ਮੁਹੰਮਦ ਖ਼ਾਨ ਅਤੇ ਉਸਦੇ ਭਾਈ ਧੀਰ ਮੁਹੰਮਦ ਖ਼ਾਨ ਦੀ ਲੁਕਵੀਂ ਸਹਾਇਤਾ ਬਾਗ਼ੀਆਂ ਨੂੰ ਮਿਲਦੀ ਰਹੀ ਸੀ।[2]

ਉੱਪਰ ਲਿਖੇ ਵਾਕਿਆਤ 'ਤੇ ਵਿਚਾਰ ਕਰਨ ਲਈ ਮਾਰਚ, ਸੰਨ ੧੮੩੪ ਵਿਚ ਮਹਾਰਾਜਾ ਸਾਹਿਬ ਨੇ ਲਾਹੌਰ ਵਿਚ ਇਕ ਭਾਰੀ ਦਰਬਾਰ ਕੀਤਾ, ਜਿਸ ਵਿੱਚ ਸੁਲਤਾਨ ਮੁਹੰਮਦ ਖ਼ਾਨ ਹਾਕਮ ਪਿਸ਼ਾਵਰ ਦੇ ਰਵੱਈਏ 'ਤੇ ਖੁੱਲ੍ਹੀ ਵਿਚਾਰ ਕੀਤੀ ਗਈ। ਸਰਬ ਸੰਮਤੀ ਨਾਲ ਇਹ ਫ਼ੈਸਲਾ ਹੋਇਆ ਕਿ ਚੂੰਕਿ ਹਾਕਮ ਪਿਸ਼ਾਵਰ ਆਪਣੇ ਕੀਤੇ ਹੋਏ ਐਹਦਨਾਮੇ 'ਤੇ ਕਾਇਮ ਨਹੀਂ ਰਿਹਾ, ਦੂਜਾ ਮੁਸਲਮਾਨ ਅਤੇ ਹਦੂਰਿਆਂ 'ਤੇ ਜ਼ੁਲਮ ਕਰਦਾ ਹੈ। ਖ਼ਾਲਸਾ ਰਾਜ ਦੀ ਸਰਹੱਦ 'ਤੇ ਰੌਲੇ ਖੜ੍ਹੇ ਕਰਨ ਵਿੱਚ ਹਿੱਸਾ ਲੈਂਦਾ ਰਿਹਾ ਹੈ, ਹੁਣ ਸਮੇਂ ਦੀਆਂ ਲੋੜਾਂ ਇਸ ਗੱਲ ਦੀ ਮੰਗ ਕਰਦੀਆਂ ਹਨ ਕਿ ਖ਼ਾਲਸਾ ਰਾਜ ਦਾ ਬੰਨਾ ਦਰਿਆ ਅਟਕ ਤੋਂ ਪਾਰ ਦੱਰਾ ਖ਼ੈਬਰ ਤੱਕ ਵਧਾ ਦਿੱਤਾ ਜਾਵੇ ਤੇ ਸਾਰੇ ਸਰਹੱਦੀ ਇਲਾਕੇ ਨੂੰ ਪੂਰੀ ਤਰ੍ਹਾਂ ਪੰਜਾਬ ਨਾਲ ਮਿਲਾ ਦਿੱਤਾ ਜਾਵੇ।[3] ਸਰਹੱਦ 'ਤੇ ਅਮਨ ਕਾਇਮ ਰੱਖਣ ਲਈ ਜਿੱਥੇ-ਜਿੱਥੇ ਲੋੜ ਸਮਝੀ ਜਾਏ, ਨਵੇਂ ਕਿਲ੍ਹੇ, ਬੁਰਜ, ਗੜ੍ਹੀਆਂ ਤੇ ਛਾਵਣੀਆਂ ਪਾਈਆਂ ਜਾਣ। ਜੰਗੀ ਪ੍ਰਬੰਧ ਦੇ ਨਾਲ-ਨਾਲ ਮੁਲਖੀ (Civil) ਇੰਤਜ਼ਾਮ ਲਾਹੌਰ ਅਤੇ ਅੰਮ੍ਰਿਤਸਰ ਆਦਿ ਵੱਡੇ ਸ਼ਹਿਰਾਂ ਕੇ ਨਮੂਨੇ 'ਤੇ ਕੀਤਾ ਜਾਏ।

ਇਸ ਫ਼ੈਸਲੇ ਅਨੁਸਾਰ ਖ਼ਾਲਸਾ ਫ਼ੌਜਾਂ ਨੂੰ ਥਾਉਂ-ਥਾਈਂ ਤਿਆਰੀਆਂ ਦਾ ਹੁਕਮ ਦਿੱਤਾ ਗਿਆ। ਹੁਣ ੫ ਅਪ੍ਰੈਲ, ਸੰਨ ੧੮੩੪ ਨੂੰ ੪੦੦੦੦ ਫ਼ੌਜ ਮਹਾਰਾਜਾ ਸਾਹਿਬ ਦੇ ਹੋਣਹਾਰ ਪੋਤਰੇ ਸ਼ਾਹਜ਼ਾਦਾ ਨੌਨਿਹਾਲ ਸਿੰਘ ਦੀ ਸਰਕਰਦਗੀ ਵਿਚ ਪਿਸ਼ਾਵਰ ਵੱਲ ਤੋਰੀ ਗਈ।[4] ਨਾਲ ਹੀ ਮਹਾਰਾਜਾ

1. ਤਾਰੀਖ਼ ਪੰਜਾਬ—ਆਰ.ਬੀ. ਘਨੱਯਾ ਲਾਲ ਸਫ਼ਾ ੩੫੩।
2. ਹਿਸਟਰੀ ਆਫ਼ ਦੀ ਪੰਜਾਬ—ਸਯੱਦ ਮੁਹੰਮਦ ਲਤੀਫ਼ ਸਫ਼ਾ ੪੬੮।
3. ਇਸ ਰੌਲੇ ਨੂੰ ਦਬਾਉਣ ਵਿਚ ਸਰਦਾਰ ਹਰੀ ਸਿੰਘ ਨਲੂਏ ਨੂੰ ਕਈ ਮਹੀਨੇ ਬੜੀ ਕਰੜੀ ਘਾਲ ਘਾਲਣੀ ਪਈ ਤੇ ਬਹੁਤ ਸਾਰੀਆਂ ਬਹੁ ਮੁੱਲੀਆਂ ਜਾਨਾਂ ਵਾਰਨ ਤੋਂ ਛੁਟ ਕਈ ਲੱਖ ਰੁਪਿਆ ਖ਼ਰਚ ਕਰਨਾ ਪਿਆ।
4. ਹਿਸਟਰੀ ਆਫ਼ ਦੀ ਪੰਜਾਬ—ਸੱਯਦ ਮੁਹੰਮਦ ਲਤੀਫ਼, ਸਫ਼ਾ ੪੬੮।

ਸਾਹਿਬ ਨੇ ਜਰਨੈਲ ਹਰੀ ਸਿੰਘ ਜੀ ਨਲੂਏ ਨੂੰ ਫ਼ੁਰਮਾਨ ਲਿੱਖ ਭੇਜਿਆ, ਜੋ ਇਨ੍ਹੀਂ ਦਿਨੀਂ ਹਜ਼ਾਰੇ ਦੀ ਸ਼ੋਰਸ ਦੇ ਦਬਾਉਣ ਲਈ ਇਧਰ ਆਏ ਹੋਏ ਸਨ ਕਿ ਸ਼ਹਿਜ਼ਾਦਾ ਨੌਨਿਹਾਲ ਸਿੰਘ ਦੀ ਕਮਾਂਡ ਵਿਚ ਖ਼ਾਲਸਾ ਫ਼ੌਜਾਂ ਪਿਸ਼ਾਵਰ ਤੇ ਯੂਸਫ਼ਜ਼ਈ ਦੇ ਇਲਾਕੇ ਨੂੰ ਸਿੱਖ ਰਾਜ ਨਾਲ ਮਿਲਾਉਣ ਲਈ ਆਉਂਦੀਆਂ ਨੇ, ਆਪ ਆਪਣੀਆਂ ਫ਼ੌਜਾਂ ਹਜ਼ਾਰੇ ਤੋਂ ਹਟਾ ਕੇ ਖ਼ੈਰਾਬਾਦ ਦੇ ਮੈਦਾਨ ਵਿੱਚ ਉਨ੍ਹਾਂ ਨਾਲ ਮਿਲ ਜਾਓ ਅਤੇ ਅਜਿਹੀ ਯੋਗਤਾ ਤੋਂ ਕੰਮ ਲਵੋ ਕਿ ਘੱਟ ਤੋਂ ਘੱਟ ਖ਼ੂਨ ਖ਼ਰਾਬੇ ਵਿੱਚ ਸਫ਼ਲਤਾ ਹੋ ਜਾਏ ਪਰ ਇਸ ਨਾਲ ਹੀ ਇਸ ਗੱਲ ਵੱਲ ਪੂਰਾ ਖ਼ਿਆਲ ਰੱਖਣਾ ਕਿ ਖ਼ਾਲਸਈ ਦਬਦਬਾ ਸਦਾ ਲਈ ਇਸ ਧਰਤੀ 'ਤੇ ਕਾਇਮ ਹੋ ਜਾਏ। ਜਰਨੈਲ ਵੰਨਤੂਰਾ ਤੇ ਇਲਾਰਡ ਵੀ ਸਹਿਜ਼ਾਦੇ ਨਾਲ ਆ ਰਹੇ ਨੇ, ਇਨ੍ਹਾਂ ਤੋਂ ਆਪ ਨੇ ਆਪਣੀ ਵਿਚਾਰ ਅਨੁਸਾਰ ਕੰਮ ਲੈਣਾ, ਅਸਾਨੂੰ ਰੋਜ਼ਾਨਾ ਆਪਣੇ ਕੰਮ ਦੀ ਖ਼ਬਰ ਭੇਜਦੇ ਰਹਿਣਾ।

ਸ਼ਹਿਜ਼ਾਦੇ ਦੀ ਫ਼ੌਜ ਕੂਚ ਦਰ ਕੂਚ ਕਰਦੀ ਹੋਈ ੨ ਮਈ ਨੂੰ ਪੂਰੀ ਸਫ਼ਲਤਾ ਨਾਲ ਦਰਿਆ ਅਟਕ ਤੋਂ ਬੇੜੀਆਂ ਦੇ ਪੁਲ ਦੀ ਰਾਹੀਂ ਪਾਰ ਹੋਈ। ਇਸੇ ਦਿਨ ਇਥੇ ਦੋਵੇਂ ਫ਼ੌਜਾਂ (ਸ਼ਹਿਜ਼ਾਦਾ ਨੌਨਿਹਾਲ ਸਿੰਘ ਤੇ ਸਰਦਾਰ ਹਰੀ ਸਿੰਘ ਦੀਆਂ) ਬੜੇ ਜੋਸ਼ ਦੇ ਜੈਕਾਰਿਆਂ ਦੀ ਗੂੰਜ ਵਿਚ ਮਿਲੀਆਂ, ਸਰਦਾਰ ਹਰੀ ਸਿੰਘ ਜੀ ਨੇ ਪੂਰੀ ਸ਼ਾਨ ਨਾਲ ਸ਼ਹਿਜ਼ਾਦਾ ਤੇ ਖ਼ਾਲਸਾ ਫ਼ੌਜ ਦੀ ਅਗਵਾਈ ਕੀਤੀ, ਅੱਗੋਂ ਸ਼ਹਿਜ਼ਾਦਾ ਸਾਹਿਬ ਬੜੇ ਪਿਆਰ ਨਾਲ ਮਿਲੇ।

ਅਗਲੇ ਦਿਨ ੩ ਮਈ ਨੂੰ ਖ਼ੈਰਾਬਾਦ ਦੇ ਮੈਦਾਨ ਵਿਚ ਫ਼ੌਜ ਦੇ ਮੁਖੀਆਂ ਦਾ ਭਾਰੀ ਇਕੱਠ ਹੋਇਆ, ਜਿਸ ਵਿਚ ਇਸ ਚੜ੍ਹਾਈ ਦੇ ਹਰ ਇਕ ਪਹਿਲੂ 'ਤੇ ਪੂਰੀ-ਪੂਰੀ ਵਿਚਾਰ ਕੀਤੀ ਗਈ। ਇਸੇ ਤਦਬੀਰ ਅਨੁਸਾਰ ੪ ਮਈ ਨੂੰ ਅੰਮ੍ਰਿਤ ਵੇਲੇ ਪਿਸ਼ਾਵਰ ਵੱਲ ਫ਼ੌਜਾਂ ਨੇ ਕੂਚ ਕਰ ਦਿੱਤਾ।

ਸੁਲਤਾਨ ਮੁਹੰਮਦ ਖ਼ਾਨ ਹਾਕਮ ਪਿਸ਼ਾਵਰ ਨੇ ਜਿਸ ਦਿਨ ਤੋਂ ਖ਼ਾਲਸਾ ਫ਼ੌਜ ਦੇ ਇਧਰ ਕੂਚ ਦੀ ਖ਼ਬਰ ਸੁਣੀ ਸੀ, ਉਸੇ ਦਿਨ ਤੋਂ ਹੀ ਲੜਾਈ ਦੀਆਂ ਤਿਆਰੀਆਂ ਵਿੱਚ ਦਿਨ-ਰਾਤ ਜੁੱਟ ਪਿਆ। ਸਭ ਤੋਂ ਪਹਿਲਾਂ ਉਸ ਨੇ ਆਪਣੇ ਬਹਾਦਰ ਭਾਈ ਦੋਸਤ ਮੁਹੰਮਦ ਖ਼ਾਨ ਨੂੰ ਲਿਖਿਆ ਕਿ 'ਖ਼ਾਲਸਾ ਫ਼ੌਜਾਂ ਲੰਮੇ ਕੂਚ ਕਰਕੇ ਪਿਸ਼ਾਵਰ ਵੱਲ ਆ ਰਹੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦੀਆਂ ਇਨ੍ਹਾਂ ਭਾਰੀ ਤਿਆਰੀਆਂ ਅਤੇ ਫ਼ੌਜਾਂ ਦੀ ਇੰਨੀ ਵਧੇਰੀ ਗਿਣਤੀ ਤੋਂ ਪਤਾ ਲੱਗਦਾ ਹੈ ਕਿ ਇਹ ਚੜ੍ਹਾਈ ਨਾ ਕੇਵਲ

ਪਿਸ਼ਾਵਰ ਦੀ ਫ਼ਤਹਿ ਲਈ ਹੈ, ਬਲਕਿ ਅਫ਼ਗਾਨਿਸਤਾਨ ਲਈ ਵੀ ਇਹ ਭਾਰੀ ਖ਼ਤਰਾ ਹੈ। ਹੁਣ ਸਿਆਣਪ ਤੇ ਦੂਰ ਦ੍ਰਿਸ਼ਟੀ ਇਸੇ ਵਿੱਚ ਹੈ ਕਿ ਸਾਂਝੇ ਖ਼ਤਰੇ ਦਾ ਟਾਕਰਾ ਤੁਸੀਂ-ਅਸੀਂ ਮਿਲਕੇ ਸਾਂਝੇ ਬਲ ਨਾਲ ਕਰੀਏ। ਅਖ਼ਵਤ ਅਤੇ ਦੀਨੀ ਮਿਲਤ ਇਸ ਗੱਲ ਦੀ ਮੰਗ ਕਰਦੀ ਹੈ ਕਿ ਅਸੀਂ ਆਪਣੀ ਸਾਰੀ ਤਾਕਤ ਇਸ ਮੌਕੇ 'ਤੇ ਲੜਾ ਕੇ, ਇਸਲਾਮੀ ਹੁਰਮਤ ਨੂੰ ਵੈਰੀਆਂ ਦੇ ਹੱਥੋਂ ਬਰਬਾਦ ਹੋਣ ਤੋਂ ਬਚਾ ਲਈਏ।'

ਇਧਰ ਸਾਰੇ ਇਲਾਕੇ ਵਿੱਚ ਮੌਲਵੀ ਫਿਰਾ ਦਿੱਤੇ ਤੇ ਉਨ੍ਹਾਂ ਆਪਣੇ ਵੱਲੋਂ ਸਿੱਖਾਂ ਦੇ ਵਿਰੁੱਧ ਬੜੇ ਜੋਸ਼ੀਲੇ ਵਾਹਿਜ਼ ਕੀਤੇ। ਜਹਾਦ ਲਈ ਪ੍ਰੇਰਨਾ ਕਰਨ ਵਿੱਚ ਆਪਣੇ ਵੱਲੋਂ ਕੋਈ ਕਸਰ ਬਾਕੀ ਨਾ ਛੱਡੀ ਪਰ ਇਹ ਗੱਲ ਮਾਯੂਸੀ ਨਾਲ ਲਿਖਣੀ ਪੈਂਦੀ ਹੈ ਕਿ ਬਾਵਜੂਦ ਇੰਨੀਆਂ ਸਰਗਰਮੀਆਂ ਤੇ ਪੇਸ਼ਬੰਦੀਆਂ ਦੇ, ਕੋਈ ਵੀ ਔਖੀ ਘੜੀ ਦਾ ਸਾਥੀ ਨਾ ਬਣਿਆ। ਇਲਾਕੇ ਦੇ ਲੋਕਾਂ ਨੂੰ ਸੰਨ ੧੮੨੩ ਦੀ 'ਤੁਰਕੀ' (ਨੁਸ਼ਹਿਰੇ) ਦੀ ਲੜਾਈ 'ਲੋਇਆਂਰਜ਼ਾ' ਅਜੇ ਨਹੀਂ ਸੀ ਭੁੱਲੀ। ਮੌਲਵੀਆਂ ਦੀਆਂ ਹਜ਼ਾਰ ਦਿਲਬਰੀਆਂ ਤੇ ਹੌਂਸਲੇ ਦੀਆਂ ਦਲੀਲਾਂ ਦੇਣ 'ਤੇ ਵੀ ਉਹ ਪੂਰੀ ਤਰ੍ਹਾਂ ਇਸ ਮੰਤਵ ਵਿੱਚ ਨਾ-ਕਾਮਯਾਬ ਰਹੇ।

ਦੋਸਤ ਮੁਹੰਮਦ ਖ਼ਾਨ ਆਪਣੇ ਲਈ ਆਪਣੇ ਭਾਈ ਦੀਆਂ ਵਿਲਕਣੀਆਂ ਅਤੇ ਆਪਣੇ ਲਈ ਖ਼ਤਰਾ, ਦੋਵੇਂ ਗੱਲਾਂ ਬੜੀ ਬਰੀਕੀ ਨਾਲ ਸੋਚਦਾ ਰਿਹਾ ਅਤੇ ਇਹ ਸੋਚ ਅਜੇ ਸੋਚੀ ਹੀ ਜਾ ਰਹੀ ਸੀ ਕਿ ਯਕਾਯਕ ਖ਼ਬਰ ਪਹੁੰਚੀ ਕਿ ਖ਼ਾਲਸਾ ਫ਼ੌਜਾਂ ਨੇ ਪਿਸ਼ਾਵਰ 'ਤੇ ਪੂਰਾ ਕਬਜ਼ਾ ਕਰ ਲਿਆ ਹੈ।

ਪਿਸ਼ਾਵਰ ਦੇ ਬਾਰਕਜ਼ਈਆਂ ਦੀ ਹਾਲਤ ਇਸ ਸਮੇਂ ਬੜੀ ਹੀ ਅਜੀਬ ਸੀ। ਇਕ ਪਾਸੇ ਖ਼ਾਲਸਾ ਫ਼ੌਜਾਂ ਸਮੁੰਦਰ ਦੀਆਂ ਲਹਿਰਾਂ ਦੀ ਤਰ੍ਹਾਂ ਵਧਦੀਆਂ ਚਲੀਆਂ ਆਉਂਦੀਆਂ ਸਨ। ਦੂਜੇ ਪਾਸੇ ਪਿਸ਼ਾਵਰ ਵਰਗੇ ਹਰੇ-ਭਰੇ ਇਲਾਕੇ ਦੀ ਹਕੂਮਤ ਦੀ ਲਾਲਸਾ, ਬਾਲਾਹਿਸਾਰ ਵਰਗਾ ਮਜ਼ਬੂਤ ਕਿਲ੍ਹਾ, ਸ਼ਾਹੀਬਾਗ਼ ਜਿਹਾ ਅਦੁੱਤੀ ਬਾਗ਼ ਦਾ ਤਿਆਗ ਇਨ੍ਹਾਂ ਦੇ ਦਿਲਾਂ ਨੂੰ ਬੜਾ ਹੀ ਦੁਖਿਤ ਕਰ ਰਿਹਾ ਸੀ। ਇਨ੍ਹਾਂ ਦੇ ਦਿਲ ਦੀ ਬੇਕਰਾਰੀ ਨੇ ਇਨ੍ਹਾਂ ਨੂੰ ਹੈਰਾਨ ਕਰ ਦਿੱਤਾ ਸੀ। ਇਹ ਨਹੀਂ ਸਨ ਜਾਣਦੇ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ। ਸ਼ਹਿਰ ਨੂੰ ਛੱਡਦਿਆਂ-ਛੱਡਦਿਆਂ ਵੀ ਇਨ੍ਹਾਂ ਦੀ ਇਹ ਹੈਰਾਨ ਕਰ ਦੇਣ ਵਾਲੀ ਹਾਲਤ ਦੇ ਸਮਾਚਾਰ ਇਕ ਯਾਤਰੂ ਨੇ ਆਪਣੀ ਅੱਖੀਂ ਡਿੱਠੇ ਸਨ ਜੋ

ਉਸਨੇ ਬੜੇ ਹੀ ਸੁਆਦਲੇ ਢੰਗ ਨਾਲ ਲਿਖੇ ਹਨ—

'ਇਹਨਾਂ ਦੇ ਭੱਜਣ ਦੀ ਉਡੀਕ ਵਿੱਚ ਤੇਜ਼ ਰਫ਼ਤਾਰ ਘੋੜਿਆਂ ਦੀਆਂ ਵਾਗਡੋਰਾਂ ਹੱਥਾਂ ਵਿੱਚ ਫੜੀ ਸਹੀਸ ਤਿਆਰ ਖੜ੍ਹੋਤੇ ਰਹਿੰਦੇ ਸਨ। ਸ਼ਹਿਰ ਵਿੱਚ ਇਹ ਰੌਲਾ ਉਠਦਾ ਕਿ 'ਔਹ ਸਿੱਖ ਆ ਪਏ' ਓਧਰ ਬਰਕਜ਼ਈ ਅਮੀਰਾਂ ਦੇ ਨੌਕਰ ਸਿਰਾਂ 'ਤੇ ਕਾਠੀਆਂ ਚੁੱਕੀ ਡਾਢੀ ਤੇਜ਼ੀ ਨਾਲ ਭੱਜਦੇ ਹੋਏ ਘੋੜਿਆਂ ਕੋਲ ਪਹੁੰਚਦੇ ਤੇ ਛੇਤੀ-ਛੇਤੀ ਘੋੜਿਆਂ 'ਤੇ ਕਾਠੀਆਂ ਕੱਸ ਕੇ ਇਹਨਾਂ ਦੇ ਸਾਹਮਣੇ ਆ ਖੜ੍ਹੇ ਕਰਦੇ। ਇਹ ਰਕਾਬਾਂ ਵਿੱਚ ਪੈਰ ਰੱਖ ਕੇ ਘੋੜਿਆਂ 'ਤੇ ਸਵਾਰ ਹੋ ਕੇ ਨੱਸਣ ਲਈ ਤਿਆਰ ਹੀ ਹੁੰਦੇ ਸਨ ਕਿ ਉਧਰੋਂ ਨਵੀਂ ਖ਼ਬਰ ਪਹੁੰਚ ਪੈਂਦੀ ਕਿ 'ਅਜੇ ਸਿੱਖ ਦੂਰ ਹਨ', ਉਹ ਮੁੜ ਘੋੜਿਆਂ ਤੋਂ ਇਸ ਲਾਲਸਾ ਵਿਚ ਉਤਰ ਪੈਂਦੇ, ਤਾਂ ਕਿ ਥੋੜ੍ਹਾ ਚਿਰ ਹੋਰ ਪਿਸ਼ਾਵਰ 'ਤੇ ਹਕੂਮਤ ਕਰਕੇ ਮਨ ਦੀ ਰੀਝ ਪੂਰੀ ਕਰ ਲਈਏ। ਨੌਕਰ ਮੁੜ ਕਾਠੀਆਂ ਸਿਰਾਂ 'ਤੇ ਚੁੱਕ ਕੇ ਵਾਪਸ ਡੇਰਿਆਂ ਨੂੰ ਲੈ ਜਾਂਦੇ।[1] ਇਹ ਖੇਲ ਦਿਨ ਵਿੱਚ ਕਈ ਵਾਰੀ ਹੁੰਦਾ ਰਹਿੰਦਾ ਸੀ। ਛੇਕੜ ਉਹ ਘੜੀ ਆਣ ਪਹੁੰਚੀ ਜਿਸਦੇ ਪਿੱਛੋਂ ਇਹ ਖ਼ਬਰ ਕੋਈ ਨਾ ਲਿਆਇਆ ਕਿ 'ਸਿੱਖ ਅਜੇ ਦੂਰ ਹਨ'; ਗ਼ਰਜ਼ ਇਕਾਇਕ ਤੋਪਾਂ ਦੀ ਗਰਜ, ਮਸਤ ਹਾਥੀਆਂ ਦੀ ਚੰਗਾਰ, ਊਠਾਂ ਦੀ ਬੜ-ਬੜਾਹਟ ਤੇ ਘੋੜਿਆਂ ਦੀ ਹਿਣਹਿਣਾਹਟ ਨੇ ਇਹ ਚੰਗੀ ਤਰ੍ਹਾਂ ਸਾਬਤ ਕਰ ਦਿੱਤਾ ਕਿ ਨਿਰਸੰਦੇਹ ਖ਼ਾਲਸਾ ਪਹੁੰਚ ਪਿਆ ਹੈ! ਫਿਰ ਕੀ ਸੀ ? ਟੁੱਟੇ ਹੋਏ ਦਿਲਾਂ ਨਾਲ ਮਸਾਂ-ਮਸਾਂ ਕਿਤੇ ਉਹ ਘੋੜਆਂ ਤੱਕ ਪਹੁੰਚ ਸਕੇ। ਇਸ ਭਿਆਨਕ ਸਮੇਂ ਇਸ ਆਸਾ ਨੇ ਬੜਾ ਹੌਂਸਲਾ ਬੰਨ੍ਹਾਇਆ ਕਿ ਹੋ ਸਕੇ ਤਾਂ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਜਾਨ ਬਚਾਈ ਜਾਏ, ਮਤਾਂ ਕਦੀ ਫਿਰ ਦਿਨ ਪਲਟਾ ਖਾਣ ਤੇ ਕਿਸੇ ਨਾ ਕਿਸੇ ਤਰ੍ਹਾਂ ਪਿਸ਼ਾਵਰ ਦੀ ਹਕੂਮਤ ਮਿਲ ਜਾਏ। ਸੋ ਅੰਤ ਨਿਰਾਸਤਾ ਭਰੀ ਨਿਗਾਹ ਨਾਲ ਸ਼ਹਿਰ ਦੇ ਬਾਜ਼ਾਰਾਂ ਤੇ ਮਹੱਲਿਆਂ ਨੂੰ ਦੇਖਦੇ ਹੋਏ ਇਸ ਦਿਨ (੬ ਮਈ ੧੮੩੪) ਨੂੰ ਸਦਾ ਲਈ ਪਿਸ਼ਾਵਰ ਦੀ ਹਕੂਮਤ ਛੱਡ ਗਏ ਅਤੇ ਮਿਚਨੀ ਜਾ ਸਾਹ ਕੱਢਿਆ।

ਇਧਰ ਖ਼ਾਲਸਾ ਫ਼ੌਜਾਂ ਮਾਰੋ ਮਾਰ ਅੱਗੇ ਵਧ ਰਹੀਆਂ ਸਨ। ਖਬਰ-ਰਸਾਨ ਪਲ-ਪਲ ਦੀਆਂ ਖ਼ਬਰਾਂ ਪਹੁੰਚਾਣ ਲਈ ਆਪਣੀ ਨਿਮਕ ਹਲਾਲੀ

1. ਹਿਸਟਰੀ ਆਫ ਦੀ ਪੰਜਾਬ-ਸੱਯਦ ਮੁਹੰਮਦ ਲਤੀਫ਼, ਸਫ਼ਾ ੪੬੮।

ਦੀ ਦਾਦ ਪ੍ਰਾਪਤ ਕਰ ਰਹੇ ਸਨ। ਇਹ ਫ਼ੌਜਾਂ ਇਸ ਤਰ੍ਹਾਂ ਡਬਲ ਕੂਚ ਕਰਦੀਆਂ ਹੋਈਆਂ ਚਮਕਨੀ ਤੋਂ ਅੱਗੇ ਨਿਕਲੀਆਂ ਹੀ ਸਨ ਕਿ ਇਕਾਇਕ ਖ਼ਬਰ ਪਹੁੰਚੀ ਕਿ ਹਾਜੀ ਖ਼ਾਨ ਤੇ ਉਸ ਦਾ ਭਾਈ ਖ਼ਾਨ ਮੁਹੰਮਦ ਖ਼ਾਨ ਬਹੁਤ ਸਾਰੇ ਮੁਲਖਈ ਲਸ਼ਕਰ ਨਾਲ ਪਿਸ਼ਾਵਰ ਦਾ ਰਾਹ ਰੋਕੀ ਮੋਰਚਿਆਂ ਵਿੱਚ ਡਟਿਆ ਹੋਇਆ ਹੈ ਤੇ ਦੇਸ਼ ਦੀ ਆਨ ਪਰ ਆਪਣੇ ਆਪ ਨੂੰ ਵਾਰਨ ਦਾ ਪ੍ਰਣ ਕਰ ਚੁੱਕਾ ਹੈ।

ਇਸ ਖ਼ਬਰ ਦੇ ਪਹੁੰਚਣ ਸਾਰ ਹੀ ਸਰਦਾਰ ਹਰੀ ਸਿੰਘ ਨਲੂਏ ਨੇ ਸਮੇਂ ਦੀ ਲੋੜ ਅਨੁਸਾਰ ਫ਼ੌਜ ਨੂੰ ਇਸ ਤਰ੍ਹਾਂ ਵੰਡਿਆ ਕਿ ਸਾਹਮਣੇ ਪਾਸੇ ਤੋਂ ਸ਼ਹਿਜ਼ਾਦਾ ਨੌਨਿਹਾਲ ਸਿੰਘ ਕਵੈਦ ਦਾਨ ਰਸਾਲਿਆਂ ਨਾਲ ਮੋਰਚਿਆਂ 'ਤੇ ਹੱਲਾ ਬੋਲੇ। ਸੱਜੇ ਪਾਸਿਓਂ ਸਰਦਾਰ ਹਰੀ ਸਿੰਘ ਆਪ ਅਤੇ ਖੱਬੇ ਪਾਸਿਓਂ ਜਰਨੈਲ ਇਲਾਰਡ ਵੈਰੀ ਦੀਆਂ ਸਫ਼ਾਂ ਤੋੜ ਦੇਵੇ। ਇਸੇ ਤਰਤੀਬ ਨਾਲ ਖ਼ਾਲਸਾ ਫ਼ੌਜਾਂ ਵੈਰੀ 'ਤੇ ਹਮਲਾਵਰ ਹੋਈਆਂ। ਇਸ ਗੱਲ ਦੇ ਮੰਨਣ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਇਸ ਸਮੇਂ ਜਿੰਨੀ ਕਮਜ਼ੋਰੀ ਸੁਲਤਾਨ ਮੁਹੰਮਦ ਖ਼ਾਨ ਨੇ ਭੱਜ ਕੇ ਜਾਨ ਬਚਾਉਣ ਵਿੱਚ ਦੱਸੀ ਤੇ ਆਪਣੇ ਨਾਂ ਨੂੰ ਬਦਨਾਮ ਕੀਤਾ ਸੀ, ਉਸਦੇ ਟਾਕਰੇ ਪੂਰੇ ਸੌ ਗੁਣਾ ਵੱਧ ਨਾਮਵਰੀ ਹਾਜੀ ਖ਼ਾਨ ਤੇ ਖ਼ਾਨ ਮੁਹੰਮਦ ਖ਼ਾਨ ਨੇ ਆਪਣੀ ਕੌਮ ਤੇ ਦੇਸ਼ ਦੀ ਖ਼ਾਤਰ ਆਪਣੇ ਆਪ ਨੂੰ ਵਾਰ ਕੇ ਪ੍ਰਾਪਤ ਕੀਤੀ। ਭਾਵੇਂ ਇਹ ਗਿਣਤੀ ਵਿੱਚ ਬਹੁਤੇ ਨਹੀਂ ਸਨ, ਪਰ ਦੇਸ਼-ਭਗਤੀ ਦੇ ਪਿਆਰ ਵਿੱਚ ਮੱਤੇ ਹੋਏ ਇਨ੍ਹਾਂ ਗ਼ਾਜ਼ੀ ਜਵਾਨ ਮਰਦਾਂ ਨੇ ਇਕ-ਇਕ ਕਰਕੇ ਆਪਣੇ ਆਪ ਨੂੰ ਵਾਰਿਆ। ਚਾਹੇ ਖ਼ਾਲਸਾ ਫ਼ੌਜਾਂ ਨੇ ਆਪਣੇ ਸਰਦਾਰਾਂ ਦੇ ਹੁਕਮ ਨੂੰ ਪੂਰੀ ਤਰ੍ਹਾਂ ਆਪਣੀਆਂ ਅੱਖਾਂ ਅੱਗੇ ਰੱਖਿਆ ਕਿ ਲੋੜ ਤੋਂ ਵੱਧ ਇਕ ਮਨੁੱਖੀ ਜਾਨ ਵੀ ਬਿਰਥਾ ਨਾ ਗਵਾਈ ਜਾਏ, ਪਰ ਗ਼ਾਜ਼ੀਆਂ ਦਾ ਜੋਸ਼ ਆਪਣੇ ਚੰਗੇ ਆਗੂਆਂ ਦੇ ਉੱਚੇ ਨਮੂਨੇ ਦੇ ਕਾਰਨ ਕੁਝ ਐਨਾ ਵਧਿਆ ਹੋਇਆ ਸੀ ਕਿ ਜਦ ਤਕ ਇਹ ਹਰ ਪਾਸੇ ਘੇਰੇ ਵਿਚ ਨਾ ਧ੍ਰਹ ਲੀਤੇ ਗਏ, ਇਨ੍ਹਾਂ ਮੋਰਚੇ ਨਹੀਂ ਛੱਡੇ। ਦੁਪਹਿਰ ਤਕ ਬਹਾਦਰ ਖ਼ਾਨ ਮੁਹੰਮਦ ਖ਼ਾਨ ਸਣੇ, ਆਪਣੇ ਦਸਤੇ ਨਾਲ ਲੜਦਾ ਰਿਹਾ ਤੇ ਜਿਧਰ ਲੋੜ ਦੇਖਦਾ ਖ਼ੁਦ ਉੱਡ ਕੇ ਪਹੁੰਚਦਾ। ਇਹ ਠੀਕ ਇਸੇ

ਸਮੇਂ ਇਕ ਜ਼ਖ਼ਮ ਪਾ ਕੇ ਫੱਟੜ ਹੋ ਗਿਆ ਤੇ ਮਸਾਂ ਕਿਤੇ ਮੋਰਚੇ ਸਰ ਹੋਏ। ਨੱਸਦੇ ਜਾਂਦੇ ਗ਼ਾਜ਼ੀਆਂ ਦਾ ਪਿੱਛਾ ਕਰਨ ਤੋਂ ਫੌਜਾਂ ਨੂੰ ਰੋਕਿਆ ਗਿਆ। ਅਮੀਰ ਖ਼ਾਨ ਮੁਹੰਮਦ ਖ਼ਾਨ ਫੜਿਆ ਗਿਆ, ਇਸ ਦੀ ਬਹਾਦਰੀ ਦਾ ਅਸਰ ਸ਼ਹਿਜ਼ਾਦੇ ਦੇ ਦਿਲ 'ਤੇ ਐਸਾ ਪਿਆ ਕਿ ਇਸਨੂੰ ਆਪਣੀ ਸੌਂਪਣੀ ਵਿੱਚ ਲੈ ਲਿਆ ਤੇ ਆਪਣੇ ਜੱਰਰਾ ਨੂੰ ਹੁਕਮ ਦਿੱਤਾ ਕਿ ਇਸਦੇ ਫਟ ਬੜੀ ਖ਼ਬਰਦਾਰੀ ਨਾਲ ਸੀਤੇ ਜਾਣ ਤੇ ਮਰ੍ਹਮ-ਪੱਟੀ ਦਾ ਖ਼ਾਸ ਧਿਆਨ ਰੱਖਿਆ ਜਾਏ। ਇਸ ਨੂੰ ਖ਼ਾਲਸਾ ਫੌਜੀ ਹਸਪਤਾਲ ਵਿੱਚ ਦਾਖ਼ਲ ਕੀਤਾ ਗਿਆ। ਹੋਰਨਾਂ ਫਟੜਾਂ ਦੇ ਇਲਾਜ ਦਾ ਹੁਕਮ ਭੀ ਦਿੱਤਾ ਗਿਆ।

ਇਸ ਫਤਹ ਦੇ ਬਾਅਦ ਹੁਣ ਰਸਤਾ ਸਾਫ਼ ਸੀ। ਸ਼ਹਿਰ ਦੇ ਬੰਦ ਦਰਵਾਜ਼ੇ ਖੁਲ੍ਹਾਏ ਗਏ ਤੇ ੬ ਮਈ ਸੰਨ ੧੮੩੪[1] ਨੂੰ ਤੀਸਰੇ ਪਹਿਰ ਵਿਜਈ ਖ਼ਾਲਸਾ ਫੌਜਾਂ ਬੜੀ ਸ਼ਾਨ-ਸ਼ੌਕਤ ਨਾਲ ਇਕ ਭਾਰੀ ਜਲੂਸ ਦੀ ਸ਼ਕਲ ਵਿੱਚ, ਜੋ ਕਈ ਮੀਲ ਲੰਮਾ ਸੀ, ਪਿਸ਼ਾਵਰ ਵਿੱਚ ਦਾਖ਼ਲ ਹੋਈਆਂ। ਜਲੂਸ ਦੀ ਤਰਤੀਬ ਇਸ ਤਰ੍ਹਾਂ ਸੀ—ਸਭ ਤੋਂ ਅੱਗੇ 'ਖਾਲਸਈ ਨਿਸ਼ਾਨ' (ਝੰਡਾ) ਇਕ ਸਜੇ ਹੋਏ ਹਾਥੀ 'ਤੇ ਝੂਲ ਰਿਹਾ ਸੀ, ਜਿਸਦੇ ਸਤਿਕਾਰ ਵਿੱਚ ਕਈ ਨੇਜ਼ਾ ਬਰਦਾਰ ਸੱਜੇ-ਖੱਬੇ ਜਾ ਰਹੇ ਸਨ। ਇਨ੍ਹਾਂ ਦੇ ਨਾਲ ਹੀ ਕੱਦਵਾਰ ਊਠਾਂ ਉਪਰ ਭਾਰੀ ਦਮਾਮੇ 'ਤੇ ਨੱਕਾਰੇ ਧਰਤੀ ਅਕਾਸ਼ ਨੂੰ ਗੁੰਜਾ ਰਹੇ ਸਨ। ਇਨ੍ਹਾਂ ਦੇ ਪਿੱਛੇ ਵੱਖੋ-ਵੱਖ ਨਮੂਨੇ ਦੀਆਂ ਚਮਕ-ਦਮਕ ਵਾਲੀਆਂ ਵਰਦੀਆਂ ਫੌਲਾਦੀ ਚਾਰ—ਜਾਮਿਆਂ ਤੇ ਜਰਿਆਂ ਵਿਚ ਸਸ਼ੋਭਤ ਹੱਥਾਂ ਵਿਚ ਸਤਗਜ਼ੀ ਨੇਜ਼ੇ ਲਈ, ਜਿਨ੍ਹਾਂ ਦੀਆਂ ਅੱਖਾਂ 'ਚੋਂ ਲਹੂ ਚੋ-ਚੋ ਪੈਂਦਾ ਸੀ, ਮੁਛੇਰਿਆਂ ਨੂੰ ਵੱਟ ਦੇਂਦੇ ਜਾ ਰਹੇ ਸਨ। ਇਨ੍ਹਾਂ ਦੇ ਪਿੱਛੇ ਬੇਗਿਣਤ ਮਸਤ ਜੰਗੀ ਹਾਥੀ ਜਿਨ੍ਹਾਂ ਦੇ ਮਸਤਕਾਂ 'ਤੇ ਫੌਲਾਦੀ ਢਾਲਾਂ, ਸੁੰਢਾਂ ਤੇ ਜੰਜੀਰੀਆਂ ਹੋਈਆਂ, ਕਾਲੀ ਘਟਾ ਦੀ ਤਰ੍ਹਾਂ ਚਲੇ ਆ ਰਹੇ ਸਨ, ਜਿਨ੍ਹਾਂ ਤੋਂ ਪਾਣੀ ਦੀ ਥਾਂ

1. ਲੁਧਿਆਣਾ ਏਜੰਸੀ ਤੋਂ ਕਪਤਾਨ ਵੈਡ ਦਾ ਖ਼ਤ ਗਵਰਨਮੈਂਟ ਹਿੰਦ ਦੇ ਨਾਮ ੧੯ ਮਈ ਸੰਨ ੧੮੩੪ ਦਾ, ਜਿਸ ਵਿਚ ਸ਼ਹਿਜ਼ਾਦੇ ਦਾ ਪਿਸ਼ਾਵਰ ਵਿੱਚ ਦਾਖ਼ਲ ਹੋਣਾ ੬ ਮਈ ੧੮੩੪ ਲਿਖਿਆ ਹੈ।

ਵਰ੍ਹ ਰਿਹਾ ਹੀ। ਇਨ੍ਹਾਂ ਹਾਥੀਆਂ ਵਿੱਚ ਕੁਝ ਉਹ ਹਾਥੀ ਆਏ ਜਿਨ੍ਹਾਂ ਦੀ ਸਜਾਵਟ ਤੇ ਕਦ ਬੁੱਤ ਨੂੰ ਦੇਖ ਕੇ ਦੇਖਣ ਵਾਲਿਆਂ ਉੱਤੇ ਹੈਰਾਨੀ ਛਾ ਗਈ। ਇਨ੍ਹਾਂ ਦੀ ਪਿੱਠ 'ਤੇ ਸੋਨੇ ਚਾਂਦੀ ਦੇ ਜੜਾਊ ਹੌਦਜ਼ ਤੇ ਅੱਮਾਰੀਆਂ ਰੇਸ਼ਮੀ ਸੀਨਾਂ ਬੰਧਾਂ ਨਾਲ ਕੱਸੀਆਂ ਹੋਈਆਂ ਸਨ। ਇਨ੍ਹਾਂ ਦੇ ਮੱਥਿਆਂ 'ਤੇ ਜੜਤੂ ਟਿੱਕੇ ਦੰਦਾਂ ਤੇ ਸੁਨਹਿਰੀ ਸਾਮ, ਪਿੱਠ ਤੋਂ ਲੈ ਕੇ ਪੈਰਾਂ ਤਕ ਜ਼ਰੀਬਾਫ਼ਤਾ ਤੇ ਕਮਖੁਵਾਬ ਦੀਆਂ ਝੁਲਾਂ ਸ਼ਸ਼ੋਭਤ ਹੋ ਰਹੀਆਂ ਸਨ, ਇਨ੍ਹਾਂ ਦੀਆਂ ਗਰਦਨਾਂ 'ਤੇ ਫੁਰਤੀਲੇ ਮਹਾਵਤ ਪੰਜਰੰਗੀ ਪੇਚਦਾਰ ਪੱਗਾਂ ਬੰਨ੍ਹੀ ਗਲ੍ਹ ਵਿਚ ਬਹੁਮੁੱਲੀ ਅਤਲਸ ਦੇ ਜਾਮੇ, ਲੱਕਾਂ ਵਿਚ ਕ੍ਰਿਪਾਨਾਂ, ਇਕ ਹੱਥ ਵਿੱਚ ਗਜਵਾਗ ਦੂਜੇ ਵਿੱਚ ਅੰਕੁਸ ਫੜੇ ਹੋਏ ਝੂਮਦੇ-ਝਾਮਦੇ ਆ ਰਹੇ ਸਨ ਕਿ ਇਕਾਇਕ ਸ਼ਹਿਜ਼ਾਦਾ ਨੌਨਿਹਾਲ ਸਿੰਘ ਦਾ ਜਗਤ ਪ੍ਰਸਿੱਧ ਹਾਥੀ "ਸਰਦਾਰ ਜੀ"[1] ਆਇਆ, ਜਿਸ ਦੇ ਹੋਦੇ ਵਿਚ ਸ਼ਹਿਜ਼ਾਦਾ ਸਾਹਿਬ ਬੜੀ ਗੰਭੀਰਤਾ ਨਾਲ ਬੈਠੇ ਹੋਏ ਸਨ, ਜਿਸ ਦੇ ਚੇਹਰੇ ਤੋਂ ਫਤਹਯਾਬੀ ਦੀ ਸ਼ਾਨ, ਸਿਆਣਪ ਤੇ ਬੀਰਤਾ ਸਮਿਲਤ ਚੋ-ਚੋ ਪੈਂਦੀ ਸੀ। ਨਾਲ ਦੇ ਹਾਥੀ ਪਰ ਅਦੁਤੀ ਬਹਾਦਰ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਅਤੇ ਫਿਰ ਜਰਨੈਲ ਵੰਨਤੂਰਾ ਤੇ ਹੋਰ ਨਾਮੀ ਸਰਦਾਰ ਹਾਥੀਆਂ ਪਰ ਸਵਾਰ ਹੋਏ ਗੁਜ਼ਰੇ। ਇਨ੍ਹਾਂ ਦੇ ਉਪਰੰਤ ਤੋਪਖਾਨਾ, ਸ਼ਤਰੀ ਗੁਬਾਰੇ ਤੇ ਸਾਂਢਨੀ ਸਵਾਰ ਗੁਜ਼ਰੇ। ਦੇਖਣ ਵਾਲੇ ਦੱਸਦੇ ਹਨ ਕਿ ਇਤਨਾ ਪੁਰਰੋਅਬ ਅਤੇ ਐਸਾ ਲੰਮਾ ਜਲੂਸ ਇਸ ਤੋਂ ਪਹਿਲਾਂ ਇਸ ਧਰਤੀ 'ਤੇ ਕਦੇ ਨਹੀਂ ਸੀ ਦੇਖਿਆ ਗਿਆ। ਹੁਣ ਮਹਾਰਾਜਾ ਸਾਹਿਬ ਪਿਸ਼ਾਵਰ ਦੇ ਪ੍ਰਸਿੱਧ ਕਿਲ੍ਹੇ 'ਬਾਲਾ ਹਿਸਾਰ' ਦੇ ਦਰਵਾਜੇ ਪਰ ਪਹੁੰਚੇ। ਇੱਥੇ ਅਰਦਾਸੀਏ ਨੇ ਮਿਰਯਾਦਾ ਸੰਯੁਕਤ ਪਿਸ਼ਾਵਰ ਕਿਲ੍ਹੇ ਵਿੱਚ

1. ਸਰਦਾਰ ਜੀ, ਸ਼ੇਰੇ ਪੰਜਾਬ ਦੇ ਇਕ ਹਾਥੀ ਦਾ ਨਾਮ ਸੀ, ਜਿਸ ਬਾਬਤ ਜਗਤ ਪ੍ਰਸਿੱਧ ਯਾਤਰੂ ਬੈਰਨ ਹੂਗਲ ਆਪਣੇ ਸਫ਼ਰਨਾਮੇ ਵਿੱਚ ਲਿਖਦਾ ਹੈ ਕਿ ਮੈਂ ਇਸ ਹਾਥੀ ਦਾ ਐੱਨਾ ਕਦ ਅਤੇ ਭਾਰੀ ਡੀਲ ਡੌਲ ਨੂੰ ਦੇਖ ਹੈਰਾਨ ਰਹਿ ਗਿਆ ਸੀ। ਇਸ ਹਾਥੀ ਦੀ ਸਜਾਵਟ ਦੇ ਸਾਮਾਨ ਪਰ ਮਹਾਰਾਜਾ ਰਣਜੀਤ ਸਿੰਘ ਦਾ ੧,੫੦,੦੦੦ ਰੁਪਿਆ ਖ਼ਰਚ ਹੋਇਆ ਸੀ।

ਪਰਵੇਸ਼ ਦਾ ਅਰਦਾਸਾ ਸੋਧਿਆ, ਜਿਸ ਵਿਚ ਸਤਿਗੁਰਾਂ ਦਾ ਲੱਖ-ਲੱਖ ਧੰਨਵਾਦ ਕੀਤਾ ਗਿਆ। ਇਸ ਦੇ ਨਾਲ ਹੀ 'ਖ਼ਾਲਸਈ ਨਿਸ਼ਾਨ' ਕਿਲ੍ਹੇ 'ਤੇ ਗੱਡਿਆ ਗਿਆ ਤੇ ਇਸ ਕਿਲ੍ਹੇ ਦਾ ਨਾਮ ਸ਼ਹਿਜ਼ਾਦੇ ਨੇ 'ਸੁਮੇਰ ਗੜ੍ਹ' ਰੱਖਿਆ।[1] ਇਸ ਕਿਲ੍ਹੇ ਦੀ ਚੰਗੀ ਤਰ੍ਹਾਂ ਦੇਖਭਾਲ ਦੇ ਉਪਰੰਤ ਇਸ ਨੂੰ ਨਵੇਂ ਸਿਰੋਂ ਬਹੁਤਾ ਵੱਡਾ ਬਨਾਉਣ ਦਾ ਹੁਕਮ ਦਿੱਤਾ ਗਿਆ।[2] ਇਸ ਦੇ ਉਪਰੰਤ ਸ਼ਹਿਰ ਦੀ ਰਾਖੀ ਦਾ ਪੂਰਾ ਪ੍ਰਬੰਧ ਕੀਤਾ ਗਿਆ। ਇਸ ਸਮੇਂ ਸ਼ਹਿਰ ਦੀ ਲੁੱਟ ਮਾਰ ਉਕੀ ਨਹੀਂ ਹੋਈ।[3]

1. ਸ਼ਾਹਮਤ ਅਲੀ, ਸਫ਼ਾ ੨੬੧।
2. ਇਸ ਕਿਲ੍ਹੇ ਦੀ ਬਾਹਰਲੀ ਫ਼ਸੀਲ ਤੇ ਗਰਗਸ ਅਤੇ ਅੰਦਰਲੀ ਬਹੁਤ ਸਾਰੀਆਂ ਇਮਰਾਤਾਂ ਸ਼ਹਿਜ਼ਾਦਾ ਨੌਨਿਹਾਲ ਸਿੰਘ ਦੀਆਂ ਬਣਾਈਆਂ ਹੋਈਆਂ ਹਨ। ਜਦ ਮਿਸਟਰ ਬਾਰ ਨੇ ਇਸ ਕਿਲ੍ਹੇ ਨੂੰ ਸੰਨ ੧੮੩੯ ਵਿੱਚ ਡਿੱਠਾ ਤਾਂ ਇਹ ਬੜੀ ਚੰਗੀ ਹਾਲਤ ਵਿੱਚ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਾਮਾਨੇ-ਜੰਗ ਦੇ ਬੜੇ ਜ਼ਖੀਰੇ ਇਸੇ ਕਿਲ੍ਹੇ ਵਿੱਚ ਪਏ ਸਨ। ਬਾਰਜ਼ ਜਰਨੀ, ਸਫ਼ਾ ੨੬੧।
3. ਸ਼ਹਾਮਤ ਅਲੀ।

ਸ਼ਾਹੀ ਦਰਬਾਰ

ਜਲੂਸ ਦੇ ਪੰਜਵੇਂ ਦਿਨ ੧੧ ਮਈ ਦੀ ਸਵੇਰ ਨੂੰ ਸ਼ਾਹੀ ਬਾਗ ਵਿਚ ਇਕ ਭਾਰੀ ਸ਼ਾਹਾਨਾ ਦਰਬਾਰ ਕੀਤਾ ਗਿਆ ਜਿਸ ਵਿੱਚ ਇਲਾਕੇ ਦੇ ਅਰਬਾਬ, ਖ਼ਾਨ ਖਵਾਨੀਨ ਤੇ ਮਲਕਾ ਨੇ ਸ਼ਹਿਜ਼ਾਦਾ ਸਾਹਿਬ ਅੱਗੇ ਨਜ਼ਰਾਨੇ ਪੇਸ਼ ਕੀਤੇ। ਪਿਸ਼ਾਵਰ ਦੀ ਫ਼ਤਹ ਵਿੱਚ ਜਿਨ੍ਹਾਂ-ਜਿਨ੍ਹਾਂ ਖ਼ਾਲਸਾ ਸਲਤਨਤ ਦੀ ਛੋਟੀ ਖ਼ਿਦਮਤ ਵੀ ਕੀਤੀ ਸੀ ਉਨ੍ਹਾਂ ਨੂੰ ਵੱਡੀਆਂ-ਵੱਡੀਆਂ ਭਾਰੀ ਜਾਗੀਰਾਂ, ਭਾਰੀ ਮੁਆਜ਼ਬ, ਬਹੁਮੁੱਲੀਆਂ ਖ਼ਿਲਤਾਂ ਅਤੇ ਗੁਣਕਾਰ ਸੰਨਦਾਂ ਬਖ਼ਸ਼ੀਆਂ ਗਈਆਂ।

ਜਾਗੀਰਾਂ ਜੋ ਇਸ ਇਲਾਕੇ ਦੇ ਮੁੱਖੀਆਂ ਨੂੰ ਦਿੱਤੀਆਂ ਗਈਆਂ, ਕੁਝ ਕੁ ਇਹ ਹਨ :—

(੧) ਅਰਬਾਬ ਮੁਹੰਮਦ ਖ਼ਾਨ ਤਾਹਕਾਲ ਨੂੰ ਨਵਾਬੀ ਦਾ ਖ਼ਿਤਾਬ ੬0000) ਰੁਪਿਆ ਸਾਲਾਨਾ ਦੀ ਜਾਗੀਰ ਦਿੱਤੀ ਗਈ[1]। ਇਸ ਨੇ ਇਸ ਸਮੇਂ ਭਾਰੀ ਖ਼ਿਦਮਤ ਕੀਤੀ ਸੀ।
(੨) ਖ਼ਾਨ ਮੁਹੰਮਦ ਖ਼ਾਨ ਹੋਤੀ ਮਰਦਾਨ ੪000) ਰੁਪਿਆ, ਸਾਲਾਨਾ ਜਾਗੀਰ ਅਤੇ ਬਹੁਮੁੱਲੀ ਖ਼ਿਲਤ ਬਖ਼ਸ਼ੀ ਗਈ।
(੩) ਅਬਦੁਲ ਕਾਦਰ ਖ਼ਾਨ ਤੋਰੂ ੧0000) ਰੁਪਿਆ ਸਾਲਾਨਾ ਜਾਗੀਰ ਬਖ਼ਸ਼ੀ ਗਈ ਅਤੇ ਇਲਾਕਾ ਯੂਸਫਜ਼ਈ ਦੇ ਪੰਜਾਂ ਤਪਿਆਂ ਦੇ ਮਾਲੀਏ ਦੀ ਉਗਰਾਹੀ ਦੀ ਜ਼ਿੰਮੇਵਾਰੀ ਦਿੱਤੀ ਗਈ।[2]
(੪) ਸ਼ਹਿਜ਼ਾਦਾ ਅਸਦਜਾਨ ਨੂੰ ੨੩00) ਦੀ ਮਾਫ਼ੀ ਬਖ਼ਸ਼ੀ ਗਈ।

ਇਸ ਤਰ੍ਹਾਂ ਉਦਾਰ ਦਿਲ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੇ ਆਪਣੀ ਸ਼ਾਨ ਅਨੁਸਾਰ ਇਲਾਕੇ ਨੂੰ ਨਿਹਾਲ ਕਰ ਦਿੱਤਾ। ਇਸ ਸਮੇਂ ਦੀਆਂ

1. ਚੀਫ਼ਸ ਐਂਡ ਫੈਮਲੀਜ਼ ਔਫ ਨੋਟ ਕਰਨਲ ਮੈਸੀ, ਸਫ਼ਾ ੪੬੫।
2. ਚੀਫ਼ਸ ਐਂਡ ਫੈਮਲੀਜ਼ ਔਫ ਨੋਟ ਇਨ ਦੀ ਪੰਜਾਬ—ਚਾਰਲਸ ਮੈਸੀ, ਸਫ਼ਾ ੪੭੧, ੪੮੭।

ਬਖ਼ਸ਼ੀਆਂ ਹੋਈਆਂ ਜਾਗੀਰਾਂ ਵਿੱਚ ਕਈ ਤਾਂ ਇਸ ਇਲਾਕੇ ਵਿਚ ਅੱਜ ਤਕ ਨਸਲਨ-ਬਾਦੇ-ਨਸਲਨ ਚਲੀਆਂ ਆਉਂਦੀਆਂ ਹਨ।

ਇਸ ਤਰ੍ਹਾਂ ਇਹ ਕਦੇ ਨਾ ਭੁੱਲਣ ਵਾਲਾ ਇਤਿਹਾਸਕ ਦਰਬਾਰ ਪੂਰੀ ਕਾਮਯਾਬੀ ਨਾਲ ਸੰਪੂਰਨ ਹੋਇਆ।

ਇਹਨਾਂ ਸਾਰੀਆਂ ਸਫਲਤਾਵਾਂ ਦੀਆਂ ਖ਼ੁਸ਼ੀਆਂ ਭਰੀਆਂ ਖ਼ਬਰਾਂ ਰੋਜ਼ਾਨਾ ਤੇਜ ਰਫ਼ਤਾਰ ਨਾਲ ਸਾਂਢਨੀ ਸਵਾਰਾਂ ਦੀ ਰਾਹੀਂ ਸ਼ੇਰਿ ਪੰਜਾਬ ਨੂੰ ਭੇਜੀਆਂ ਜਾਂਦੀਆਂ ਸਨ। ਮਹਾਰਾਜਾ ਜਿਸ ਨੂੰ ਕੁਦਰਤ ਨੇ ਬੜੀ ਲੰਮੀ ਸੋਚ ਦੀ ਸ਼ਕਤੀ ਬਖ਼ਸ਼ੀ ਹੋਈ ਸੀ, ਇਸ ਸਮੇਂ ਅੰਤਿਹਾਤ ਨੂੰ ਮੁਖ ਰੱਖ ਕੇ ਲਗਾਤਾਰ ਫ਼ੌਜ ਪਿਸ਼ਾਵਰ ਵਲ ਭੇਜੀ ਗਏ। ਪਹਿਲਾਂ ਕੰਵਰ ਕਸ਼ਮੀਰਾ ਸਿੰਘ ਦੀ ਤੈਹਤ ਵਿਚ ਦੋ ਤਾਜ਼ਾ ਦਮ ਪਲਟਨਾਂ ਅਤੇ ਇਕ ਤੋਪਖ਼ਾਨਾ ਤੋਰਿਆ, ਫਿਰ ਥੋੜ੍ਹੇ ਦਿਨਾਂ ਦੇ ਅੰਦਰ ਸਰਦਾਰ ਤੇਜਾ ਸਿੰਘ ਨੂੰ ਸਣੇ ਆਪਣੀ ਫ਼ੌਜ ਦੇ ਪਿਸ਼ਾਵਰ ਭਿਜਵਾਇਆ[1] ਛੇਕੜ ਆਪ ਖ਼ੁਦ ਵੀ ਪਿਸ਼ਾਵਰ ਵਲ ਕੂਚ ਕਰ ਆਏ। ਆਪ ਦਾ ਡੇਰਾ ਅਜੇ ਰੋਹਤਾਸ ਵਿੱਚ ਹੀ ਸੀ ਜਦ ਕਿ ਆਪ ਨੂੰ ਪਿਸ਼ਾਵਰ ਦੀ ਫ਼ਤਿਹ ਦੀ ਖ਼ਬਰ ਪਹੁੰਚੀ। ਇਹ ਕਹਿੰਦੇ ਹਨ ਕਿ ਇਸ ਸਮੇਂ ਮਹਾਰਾਜੇ ਦਾ ਸੀਸ ਬਹੁਤ ਦੇਰੀ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਝੁਕਿਆ ਰਿਹਾ ਅਤੇ ਸ਼ੁਕਰ ਗੁਜ਼ਾਰੀ ਵਿੱਚ ਮਾਨੋਂ ਬੇਨਤੀ ਰੂਪ ਹੋ ਗਿਆ। ਫੇਰ ਭਾਰੀ ਖ਼ੁਸ਼ੀਆਂ ਮਨਾਈਆਂ ਤੇ ਗੁਰਦੁਵਾਰਿਆਂ ਦੀ ਸੇਵਾ ਲਈ ਵੱਡੀਆਂ-ਵੱਡੀਆਂ ਰਕਮਾਂ ਭਿਜਵਾਈਆਂ।

---

1. ਪਿਸ਼ਾਵਰ ਦੀ ਫਤਹ ਦੀ ਖ਼ੁਸ਼ੀ ਵਿੱਚ ਸ. ਤੇਜਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਵਧਦੀ ਖ਼ੁਸ਼ੀ ਪ੍ਰਾਪਤ ਕਰਨ ਲਈ ਇਕ ਬੜਾ ਆਲੀਸ਼ਾਨ ਗੁਰਦੁਆਰਾ ਬਣਵਾਇਆ ਜੋ 'ਤੇਜਾ ਸਿੰਘ ਦਾ ਗੁਰਦੁਆਰਾ' ਦੇ ਨਾਮ 'ਤੇ ਪ੍ਰਸਿੱਧ ਹੈ। ਇਹ ਗੁਰਦੁਆਰਾ ਆਸਾਮਈ ਦਰਵਾਜ਼ੇ ਦੇ ਲਾਗੇ ਇਸ ਵਕਤ ਤਕ ਮੌਜੂਦ ਹੈ। ਇਸ ਗੁਰਦੁਆਰੇ ਦੀ ਅਰੰਭਕ ਰਸਮ ਸ਼ਹਿਜ਼ਾਦਾ ਨੌਨਿਹਾਲ ਸਿੰਘ ਜੀ ਨੇ ਕੀਤੀ, ਅਰਥਾਤ ਜਿਸ ਦਿਨ ਪਹਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਤਾਂ ਬਾਬੇ ਦਾ ਪਹਿਲਾ ਹੁਕਮ ਸ਼ਹਿਜ਼ਾਦੇ ਨੇ ਲਿਆ। ਇਹ ਗੱਲ ਬੜੇ ਅਫ਼ਸੋਸ ਨਾਲ ਲਿਖਣੀ ਪੈਂਦੀ ਹੈ ਕਿ 'ਅੰਦਰ-ਸ਼ੈਹਰ' ਦੇ ਮਹੱਲੇ ਵਿੱਚ ਅੱਗ ਲੱਗਣ ਦੇ ਉਪਰੰਤ ਇਸ ਇਤਿਹਾਸਕ ਗੁਰਦੁਆਰੇ ਦੇ ਮਿਟਾ ਦੇਣ ਦਾ ਯਤਨ ਕੁਝ ਹਿੰਦੂ ਭਾਈਆਂ ਵੱਲੋਂ ਕੀਤਾ ਗਿਆ। ਗੁਰਦੁਆਰੇ ਦੇ ਲੰਮੇ ਚੌੜੇ ਵੇਹੜੇ ਵਿਚੋਂ ਬਹੁਤ ਸਾਰਾ ਹਿੱਸਾ ਵੱਖ ਕਰਕੇ ਉਸ ਪੁਰ 'ਸ਼ਾਦੀਹਾਲ' ਤੇ 'ਸਨਾਤਨ ਹਾਲ'

(ਬਾਕੀ ਫੁਟਨੋਟ ਦੇਖੋ (ਅਗਲੇ ਸਫ਼ੇ ਤੇ)

(ਪਿਛਲੇ ਫੁਟਨੋਟ ਦਾ ਬਾਕੀ)

ਆਦਿ ਬਣਵਾਏ ਗਏ ਹਨ ਅਤੇ ਗੁਰਦੁਆਰਾ ਨਾਂ ਮਾਤਰ ਹੀ ਬਾਕੀ ਰਹਿ ਗਿਆ ਹੈ। ਪਿੱਛੇ ਜਿਹੇ ਰਾਜਾ ਫ਼ਤਹ ਸਿੰਘ ਸ਼ੇਖ਼ੂਪੁਰਾ ਨੇ ਆਪਣੇ ਵੱਡਿਆਂ ਦੀ ਯਾਦਗਾਰ ਮਿਟਦੀ ਦੇਖ ਕੇ ਸਰਹੱਦੀ ਹਕੂਮਤ ਦੀ ਰਾਹੀਂ ਗੁਰਦੁਆਰੇ ਦੇ ਬਨਾਣ ਦਾ ਯਤਨ ਕੀਤਾ, ਜਿਸਦਾ ਸਿੱਟਾ ਇਹ ਹੋਇਆ ਕਿ ਹਿੰਦੂਆਂ ਨੂੰ ਆਬਾਦੀ ਦੇ ਮਲਬੇ ਦੀ ਕੀਮਤ ਦਿੱਤੀ ਗਈ ਤੇ ਹਾਲ ਮੁੜ ਗੁਰਦੁਆਰੇ ਨਾਲ ਲਾਏ ਗਏ। ਪਰ ਸ਼ੋਕ! ਜਿਸ ਭਾਵ ਨਾਲ ਗੁਰਦੁਆਰਾ ਬਣਾਇਆ ਸੀ ਉਹ ਪੂਰਾ ਨਹੀਂ ਹੋ ਰਿਹਾ। ਗੁਰਦੁਆਰੇ ਨੂੰ ਸਵੱਛ ਰੱਖਣ ਨਾਲੋਂ ਕਿਰਾਏ ਦੀ ਆਮਦਨੀ ਨੂੰ ਵਧੇਰਾ ਪਿਆਰਿਆ ਜਾਂਦਾ ਹੈ।

ਦੋਸਤ ਮੁਹੰਮਦ ਖ਼ਾਨ ਤੇ ਪਿਸ਼ਾਵਰ

ਪਿਸ਼ਾਵਰ ਕਿਸੇ ਐਸੇ ਅਭਾਗੇ ਦਿਨ ਹਿਤੂ-ਪਤ ਮਹਾਰਾਜ ਜੈਪਾਲ ਤੇ ਧਰਮ ਰਾਜ ਤੋਂ ਨਿਕਲ ਕੇ ਸੁਬਕਤਗੀਨ ਦੀ ਇਸਲਾਮੀ ਹਕੂਮਤ ਨਾਲ ਜੁੜਿਆ ਕਿ ਸਵਾ ਅਠ ਸੌ ਸਾਲ[1] ਦੇ ਲੰਮੇ ਸਮੇਂ ਤਕ ਪੰਜਾਬ ਨਾਲ ਮੁੜ ਮਿਲਣ ਦਾ ਮਾਨ ਇਸ ਨੂੰ ਨਹੀਂ ਪ੍ਰਾਪਤ ਹੋ ਸਕਿਆ। ਹੁਣ ਇਸ ਅਤਿ ਲੋੜੀਂਦੇ ਇਸਲਾਮੀ ਸੂਬੇ ਦਾ ਸਦਾ ਲਈ ਹੱਥੋਂ ਖੁੱਸ ਕੇ ਸਿੱਖ ਰਾਜ ਨਾਲ ਮਿਲਾ ਦੇਣਾ, ਇਸਲਾਮੀ ਦੁਨੀਆਂ ਲਈ ਇਕ ਐਸੀ ਸੱਟ ਸੀ ਜਿਸ ਨੂੰ ਚੁੱਪ ਚੁਪੀਤੇ ਸਹਾਰ ਲੈਣਾ ਅਫ਼ਗਾਨੀ ਅਣਖ ਦੇ ਉਲਟ ਸੀ। ਪਿਸ਼ਾਵਰ ਦੀ ਫ਼ਤਹ ਦੀ ਖ਼ਬਰ ਜਦ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਪਹੁੰਚੀ ਜੋ ਉਸ ਸਮੇਂ ਵਾਲੀਏ ਅਫ਼ਗਾਨਿਸਤਾਨ ਸੀ ਤਾਂ ਉਹ ਭਾਰੀ ਜੋਸ਼ ਵਿਚ ਉਠਿਆ ਤੇ ਛੇਤੀ ਤੋਂ ਛੇਤੀ ਬਹੁਤ ਫ਼ੌਜ ਤੇ ਬੇਸ਼ੁਮਾਰ ਮੁਲਖੱਈਆ ਲਸ਼ਕਰ ਨਾਲ ਲੈ ਕੇ ਹਵਾ ਦੀ ਤਰ੍ਹਾਂ ਤੇਜ਼ੀ ਨਾਲ ਇਧਰ ਨੂੰ ਵਧਿਆ, ਤਾਂ ਜੋ ਪਿਸ਼ਾਵਰ ਨੂੰ ਖ਼ਾਲਸੇ ਦੇ ਹੱਥੋਂ ਛੁਡਾਏ।

ਇਸ ਮੁਹਿੰਮ ਲਈ ਰੁਪਿਆ ਇਕੱਠਾ ਕਰਨ ਵਿਚ ਦੋਸਤ ਮੁਹੰਮਦ ਖ਼ਾਨ ਨੇ ਕੁਝ ਐਸੇ ਅਯੋਗ ਤਰੀਕਿਆਂ ਤੋਂ ਵੀ ਕੰਮ ਲਿਆ ਜੋ ਇਸਦੇ ਬਹਾਦਰ ਨਾਮ ਲਈ ਬਦਨਾਮੀ ਦਾ ਕਾਰਨ ਹੋਇਆ। ਕੁਝ ਸ਼ਿਕਾਰ ਪੁਰੀ ਕੋਠੀਦਾਰ ਕਾਬਲ ਵਿਚ ਸ਼ਾਹੂਕਾਰਾ ਕੰਮ ਹੁੰਡੀ ਆਦਿ ਦਾ ਕਰਦੇ ਸਨ, ਜਿਨ੍ਹਾਂ ਨੂੰ ਖ਼ੁਦ ਅਮੀਰ ਨੇ ਸਿੰਧ ਤੋਂ ਅਫ਼ਗਾਨਿਸਤਾਨ ਵਿਚ ਮੰਗਵਾਇਆ ਸੀ ਕਿ ਇਥੋਂ ਦੇ ਵਪਾਰ ਨੂੰ ਤਰੱਕੀ ਦਿੱਤੀ ਜਾਏ। ਇਹ ਗੱਲ ਨਿਹੈਤ ਸ਼ੋਕ ਨਾਲ ਲਿਖਣੀ ਪੈਂਦੀ ਹੈ ਕਿ ਇਸ ਮੌਕੇ 'ਤੇ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ

1. ਪ੍ਰਸਿੱਧ ਇਤਿਹਾਸਕਾਰ ਫ਼ਰਿਸ਼ਤਾ ਰਾਜਾ ਜੈ ਪਾਲ ਤੋਂ ਪਿਸ਼ਾਵਰ ਨੂੰ ਸੁਬਕਤਗੀਨ ਦੇ ਫ਼ਤਹ ਕਰਨ ਦਾ ਸੰਨ ੯੯੬ ਲਿਖਦਾ ਹੈ।

ਗਿਆ ਤੇ ਉਨ੍ਹਾਂ ਤੋਂ ਤਿੰਨ ਲੱਖ ਰੁਪਿਆ ਮੰਗਿਆ ਗਿਆ। ਜਦ ਇਨ੍ਹਾਂ ਨੇ ਇਸ ਰੁਪਏ ਦਾ ਪੂਰਾ ਕਰਨਾ ਆਪਣੀ ਤਾਕਤ ਤੋਂ ਬਾਹਰ ਦੱਸਿਆ ਤਾਂ ਇਨ੍ਹਾਂ ਨੂੰ ਬੜੀ ਬੇਤਰਸੀ ਨਾਲ ਤਰ੍ਹਾਂ ਤਰ੍ਹਾਂ ਦੇ ਖੇਦ ਦੇ ਕੇ ਰੁਪਿਆ ਵਸੂਲ ਕੀਤਾ। ਇਹ ਵਧੀਕੀਆਂ ਨਾ-ਕੇਵਲ ਹਿੰਦੂਆਂ ਉਪਰ ਕੀਤੀਆਂ ਗਈਆਂ ਸਗੋਂ ਮੁਸਲਮਾਨ ਸੁਦਾਗਰ ਵੀ ਇਸਦਾ ਸ਼ਿਕਾਰ ਬਣੇ। ਲਿਖਿਆ ਹੈ ਕਿ ਅਬਜ਼ ਅਲੀ ਇਕ ਘੋੜਿਆਂ ਦਾ ਸੌਦਾਗਰ ਇਸੇ ਸਿਲਸਿਲੇ ਵਿਚ ਫੜਿਆ ਗਿਆ, ਤੇ ਇਸਤੋਂ ੩੦੦੦੦ ਰੁਪਿਆ ਮੰਗਿਆ ਗਿਆ। ਜਦ ਇਸ ਨੇ ਐਨੀ ਵੱਡੀ ਰਕਮ ਦੇਣ ਤੋਂ ਆਪਣੀ ਅਸਮਰੱਥਾ ਪ੍ਰਗਟ ਕੀਤੀ ਤਾਂ ਬੜੀ ਬੇਰਹਿਮੀ ਨਾਲ ਉਸ ਦੇ ਪੱਟਾਂ 'ਤੇ ਤਪੇ ਹੋਏ ਲੋਹੇ ਦੇ ਦਾਗ਼ ਲਾਏ ਗਏ। ਜਦ ਇਸ ਨਾਲ ਵੀ ਮਤਲਬ ਪੂਰਾ ਨਾ ਹੋਂਦਾ ਡਿੱਠਾ ਤਾਂ ਰੂੰ ਮੰਗਾਈ ਗਈ ਤੇ ਤੇਲ ਵਿਚ ਭਿਗੋ ਕੇ ਉਸ ਦੇ ਹੱਥਾਂ ਦੀਆਂ ਉਂਗਲੀਆਂ 'ਤੇ ਬੰਨ੍ਹ ਕੇ ਅੱਗ ਲਗਾ ਦਿੱਤੀ। ਇਸ ਤਰ੍ਹਾਂ ਬੇਗੁਨਾਹ ਸੌਦਾਗਰ ਐਸੇ ਦੁਖਾਂ ਨੂੰ ਨਾ ਸਹਾਰਦਾ ਹੋਇਆ ਵਿਲਕ-ਵਿਲਕ ਕੇ ਦੋਸਤ ਮੁਹੰਮਦ ਖ਼ਾਨ ਦੇ ਸਾਹਮਣੇ ਤੜਫ ਮੋਇਆ, ਤਦ ਅਮੀਰ ਨੇ ਕੇਵਲ ਇੰਨਾ ਹੀ ਆਖ ਕੇ ਹੱਸ ਛੱਡਿਆ ਕਿ "ਇਸ ਆਦਮੀ ਨੂੰ ਜ਼ਿੰਦਗੀ ਨਾਲੋਂ ਰੁਪਿਆ ਵਧੇਰਾ ਪਿਆਰਾ ਹੈ।"[1] ਇਸ ਦੀ ਮੌਤ ਦੇ ਬਾਅਦ ਇਸ ਦੇ ਬੱਚੇ ਤੇ ਸੰਬੰਧੀ ਪਕੜੇ ਗਏ ਤੇ ਇਸ 'ਧਰਮਯੁੱਧ' ਲਈ ਰੁਪਿਆ ਪੂਰਾ ਕੀਤਾ ਗਿਆ।

ਜਲਾਲਾਬਾਦ ਪਹੁੰਚ ਕੇ ਇਕ ਪਾਸੇ ਤਾਂ ਸਾਰੇ ਇਸਲਾਮੀ ਇਲਾਕਿਆਂ ਵਿਚ ਸਿੱਖਾਂ ਦੇ ਵਿਰੁੱਧ ਗ਼ਜ਼ਬ ਦਾ ਪ੍ਰਚਾਰ ਕਰਵਾਉਣਾ ਅਰੰਭ ਕਰਵਾ ਦਿੱਤਾ ਤੇ ਦੂਜੇ ਪਾਸੇ ਸਰਕਾਰ ਅੰਗਰੇਜ਼ੀ ਅਤੇ ਸ਼ਾਹ ਈਰਾਨ ਨਾਲ ਖ਼ਤ ਪੱਤਰ ਦਾ ਸਿਲਸਿਲਾ ਖੋਲ੍ਹ ਦਿੱਤਾ[2] ਤਾਂ ਕਿ ਪਿਸ਼ਾਵਰ ਨੂੰ ਸਿੱਖਾਂ ਤੋਂ ਮੁੜ ਛੁਡਾਉਣ ਵਿਚ ਉਹ ਸਹਾਈ ਹੋਣ, ਪਰ ਗਵਰਨਮਿੰਟ ਅੰਗਰੇਜ਼ੀ ਨੇ ਸਿੱਖਾਂ

1. ਲਾਈਫ਼ ਆਫ਼ ਦੋਸਤ ਮੁਹੰਮਦ ਖ਼ਾਨ—ਮੋਹਨ ਲਾਲ, ਜਿਲਦ ੧, ਪੰਨਾ ੧੭੧।
2. ਕੈਪਟਨ ਵੈਡ ਪੁਲੀਟੀਕਲ ਏਜੰਟ ਲੁਧਿਆਣਾ ਦਾ ਖ਼ਤ ਗਵਰਨਮੈਂਟ ਔਫ਼ ਇੰਡੀਆ ਦੇ ਨਾਮ ੨੭ ਜਨਵਰੀ ੧੮੩੫।

ਦੇ ਬਰਖਿਲਾਫ਼ ਇਸ ਸਮੇਂ ਕਿਸੇ ਤਰ੍ਹਾਂ ਦੀ ਮਦਦ ਦੇਣ ਤੋਂ ਸਾਫ਼ ਇਨਕਾਰ ਕੀਤਾ।[1]

ਹੁਣ ਜਦ ਸਾਰਾ ਜੰਗੀ ਪਰਬੰਧ ਹੋ ਗਿਆ ਤਾਂ ਦੋਸਤ ਮੁਹੰਮਦ ਖ਼ਾਨ ਨੇ ਜਲਾਲਾਬਾਦ ਤੋਂ ਕੂਚ ਕਰ ਕੇ ਬਾਸਵਲ ਆ ਡੇਰੇ ਲਾਏ, ਜਿਥੇ 'ਈਦੁਲਹਜ' ਦੇ ਦਿਨ ਅਲੀਬਰਾਨ ਦੇ ਮੈਦਾਨ ਵਿਚ ਐਨਾ ਵਡਾ ਇਸਲਾਮੀ ਅਕੱਠ ਹੋਇਆ ਕਿ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਦੇਖਿਆ ਗਿਆ। ਇਸ ਸਮੇਂ ਦੋਸਤ ਮੁਹੰਮਦ ਖ਼ਾਨ ਨੇ ਇਸਲਾਮੀ ਜੋਸ਼ ਦਾ ਐਸਾ ਦਿਲ ਹਲਾ ਦੇਣ ਵਾਲਾ ਨਮੂਨਾ ਪੇਸ਼ ਕੀਤਾ ਜਿਸ ਨਾਲ ਹਰ ਇਕ ਮੋਮਿਨ ਦਾ ਸੀਨਾ ਜਹਾਦ ਲਈ ਉਛਾਲੇ ਖਾਣ ਲੱਗਾ। ਈਦਗਾਹ ਵਿਚ ਨਿਮਾਜ਼ ਦੇ ਸਜਦੇ ਤੋਂ ਸਿਰ ਚੁਕਦਿਆਂ ਹੀ ਜੋਸ਼ ਭਰੀ ਉੱਚੀ ਆਵਾਜ਼[2] ਨਾਲ ਮਿੰਬਰ 'ਤੇ ਖੜ੍ਹਾ ਹੋ ਕੇ ਬੋਲਿਆ "ਹੇ ਅੱਲਾ! ਮੈਂ ਇਕ ਨਿਤਾਣੀ ਮੱਖੀ ਹਾਂ! ਅਤੇ ਮੁਕਾਬਲਾ ਮਹਾਂ ਬਲਵਾਨ ਹਾਥੀ ਨਾਲ ਹੈ! ਤੂੰ ਸਮੂਹ ਤਾਕਤਾਂ ਦਾ ਸਰੇ ਚਸ਼ਮਾ (ਸੋਮਾ) ਹੈਂ! ਤੇਰੀ ਇਸ ਤਾਕਤ ਪਰ ਇਹ ਨਿਮਾਣੀ ਮੱਖੀ ਭਰੋਸਾ ਰੱਖਦੀ ਹੈ। ਜੇ ਚਾਹੇਂ ਤਾਂ ਇਹ ਮੱਖੀ ਹਾਥੀ ਦੇ ਮੁਕਾਬਲੇ ਤੇ ਫ਼ਤਹਯਾਬ ਹੋ ਸਕਦੀ ਹੈ, ਮੈਂ ਤੇਰੇ ਦਰ ਤੋਂ ਹੀ ਸਹਾਇਤਾ ਤੇ ਤੈਥੋਂ ਹੀ ਸਫਲਤਾ ਦਾ ਜਾਚਕ ਹਾਂ[3]।" ਇਸ ਸਮੇਂ ਦੋਸਤ ਮੁਹੰਮਦ ਖ਼ਾਨ ਦਾ ਚੇਹਰਾ ਜੋਸ਼ ਨਾਲ ਲਾਲੋ ਲਾਲ ਹੋ ਰਿਹਾ ਸੀ ਤੇ ਉਸ ਦੀਆਂ ਮਿਰਗ ਵਰਗੀਆਂ ਮੋਟੀਆਂ ਅੱਖਾਂ ਤੋਂ ਉਤਸ਼ਾਹ ਦੇ ਅੱਥਰੂਆਂ ਦੀ ਜਲਧਾਰਾ ਵਗ ਰਹੀ ਸੀ ਜੋ ਉਸ ਦੇ ਲੰਮੇ ਤੇ ਸੁਫ਼ੈਦ ਦਾੜ੍ਹੇ ਤੇ ਪੈਕੇ ਹੇਠਾਂ ਤ੍ਰਿਪ ਤ੍ਰਿਪ ਪੈ ਰਹੀ ਸੀ। ਇਸ ਆਵਾਜ਼ ਦਾ ਸੁਣਨ ਵਾਲਿਆਂ ਉਪਰ ਐਸਾ ਜਾਦੂ ਦਾ ਅਸਰ ਹੋਇਆ ਕਿ ਹਰ ਇਕ ਮੁਸਲਿਮ ਪਿਸ਼ਾਵਰ ਤੋਂ ਆਪਣੀ ਜਾਨ ਵਾਰਨ ਲਈ ਤਿਆਰ ਹੋ ਗਿਆ। ਹੁਣ ਇਸ ਭਾਰੀ ਅਕੱਠ ਵਲੋਂ ਦੋਸਤ ਮੁਹੰਮਦ ਖ਼ਾਨ ਨੂੰ "ਗਾਜ਼ੀ" (ਮਜ਼੍ਹਬੀ ਜੋਧਾ) ਦਾ ਖ਼ਿਤਾਬ ਦਿੱਤਾ ਗਿਆ[4]।

ਇਥੋਂ ਇਸ ਨੇ ਇਕ ਬੜਾ ਜੋਸ਼ ਭਰਿਆ ਖ਼ਤ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੂੰ ਪਿਸ਼ਾਵਰ ਲਿਖ ਕੇ ਆਪਣੇ ਪ੍ਰਸਿੱਧ ਸਲਾਹਕਾਰ ਮਿਰਜ਼ਾ ਅਬਦੁਲ

---

1. ਹਿਸਟਰੀ ਔਫ਼ ਦੀ ਪੰਜਾਬ—ਕਨਿੰਘਮ, ਸਫ਼ਾ ੨੨੨।
2. ਅਮੀਰ ਦੋਸਤ ਮੁਹੰਮਦ ਖ਼ਾਨ ਦੀ ਆਵਾਜ਼ ਕੁਦਰਤੀ ਹੀ ਬੜੀ ਉੱਚੀ ਸੀ। ਦੂਰ ਤਕ ਸੁਣੀ ਜਾਂਦੀ ਸੀ।
3. ਹਿਸਟਰੀ ਆਫ਼ ਦੀ ਪੰਜਾਬ, ਸੱਯਦ ਮੁਹੰਮਦ ਲਤੀਫ਼, ਸਫ਼ਾ ੪੬੯।
4. ਕਨਿੰਘਮ, ਸਫ਼ਾ ੨੨੧।

ਸਮੀ ਖ਼ਾਨ ਦੇ ਹੱਥ ਭੇਜਿਆ। ਯੋਗ ਅਲਕਾਬ ਦੇ ਬਾਅਦ ਸ਼ਹਿਜ਼ਾਦਾ ਨੂੰ ਮੁਖ਼ਾਤਬ ਕਰਕੇ ਲਿਖਿਆ, "ਆਪ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਿਸ਼ਾਵਰ ਨਾਲ ਇਸਲਾਮੀ ਦੁਨੀਆਂ ਦਾ ਕਿੰਨਾਂ ਡੂੰਘਾ ਤਅੱਲਕ ਹੈ। ਇਹ ਹਕੂਮਤ ਖ਼ੁਦਾਦਾਦ ਅਫ਼ਗਾਨਿਸਤਾਨ ਦਾ ਇਕ ਕਦੇ ਨਾ ਟੁੱਟਣ ਵਾਲਾ ਥੰਮ੍ਹ ਤੇ ਕਾਬਲ ਦਾ ਨਾਕਾ ਹੈ। ਜਦ ਤਕ ਇਸਲਾਮ ਦਾ ਇਕ ਇਕ ਬੱਚਾ ਵੀ ਬਾਕੀ ਹੈ, ਪਿਸ਼ਾਵਰ ਨੂੰ ਗ਼ੈਰ ਇਸਲਾਮੀ ਕਬਜ਼ੇ ਤੋਂ ਛੁਡਾਉਣ ਲਈ ਆਪਣੇ ਖ਼ੂਨ ਦੀ ਅੰਤਲੀ ਬੂੰਦ ਦੇ ਵਾਰਨ ਵਿਚ ਦੇਰੀ ਨਹੀਂ ਕਰੇਗਾ। ਮੈਂ ਜ਼ਬਰਦਸਤ ਫ਼ੌਜ ਤੇ ਭਾਰੀ ਲਸ਼ਕਰ ਨਾਲ ਇਧਰ ਆ ਰਿਹਾ ਹਾਂ ਤੇ ਬਹੁਤ ਛੇਤੀ ਹੀ ਰਣ ਤੱਤੇ ਵਿਚ ਪਿਸ਼ਾਵਰ ਦਾ ਛੇਕੜਲਾ ਫ਼ੈਸਲਾ ਕੀਤਾ ਜਾਏਗਾ, ਜਿਸ ਵਿਚ ਹਜ਼ਾਰਾਂ ਖ਼ੁਦਾ ਦੇ ਬੰਦਿਆਂ ਦਾ ਖ਼ੂਨ ਖ਼ਰਾਬਾ ਹੋਵੇਗਾ। ਇਕ ਰਸਤਾ ਹੋਰ ਹੈ, ਜਿਸ ਨਾਲ ਬਿਨਾਂ ਖ਼ੂਨ ਤੇ ਕਤਲ ਦੇ ਵੀ ਫ਼ੈਸਲਾ ਹੋ ਸਕਦਾ ਹੈ, ਅਤੇ ਉਹ ਇਹ ਹੈ ਕਿ ਮੈਂ ਇਕ ਲੱਖ ਰੁਪਿਆ ਨਜ਼ਰਾਨਾ (ਨਾਲਬੰਦੀ) ਸਾਲਾਨਾ ਖਿਰਾਜ ਮਹਾਰਾਜਾ ਦੇ ਖ਼ਜ਼ਾਨੇ ਲਈ ਤਾਰਦਾ ਰਹਾਂਗਾ।"

ਸ਼ਹਿਜ਼ਾਦਾ ਨੌਨਿਹਾਲ ਸਿੰਘ ਨੇ ਇਸ ਖ਼ਤ ਦਾ ਉੱਤਰ ਬੜੀ ਹੀ ਚਤੁਰਤਾ ਨਾਲ ਦਿੱਤਾ, ਜਿਸ ਵਿਚ ਆਪ ਨੇ ਲਿਖਿਆ ਕਿ ਮੈਂ ਆਪਣੇ ਸਤਿਕਾਰ ਯੋਗ ਦਾਦਾ ਜੀ ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ ਦੇ ਹੁਕਮ ਅਨੁਸਾਰ ਪਿਸ਼ਾਵਰ 'ਤੇ ਕਬਜ਼ਾ ਕੀਤਾ ਹੈ। ਇਸ ਮਾਮਲੇ ਸੰਬੰਧੀ ਆਪ ਨੇ ਵਧੇਰਾ ਲਿਖਣਾ ਹੋਵੇ ਤਾਂ ਸਿੱਧਾ ਮਹਾਰਾਜਾ ਸਾਹਿਬ ਨਾਲ ਖ਼ਤ ਪੱਤਰ ਕਰੋ। ਬਾਕੀ ਰਹੀ ਇਹ ਗੱਲ ਪਿਸ਼ਾਵਰ ਇਸਲਾਮੀ ਹਕੂਮਤ ਦਾ ਥੰਮ੍ਹ ਹੈ ਅਤੇ ਇਸਲਾਮੀ ਸੂਬਾ ਹੈ, ਇਸ ਲਈ ਗ਼ੈਰ ਮੁਸਲਿਮ ਤੋਂ ਛੁਡਾਉਣ ਲਈ ਭਾਰੀ ਖ਼ੂਨ ਖ਼ਰਾਬੇ ਕੀਤੇ ਜਾਣਗੇ, ਉਸ ਦੇ ਉੱਤਰ ਵਿਚ ਇਤਨਾ ਲਿਖ ਦੇਣਾ ਹੀ ਕਾਫ਼ੀ ਮਾਲੂਮ ਹੁੰਦਾ ਹੈ ਕਿ ਆਪ ਜ਼ਰਾ ਲੰਮੀ ਨਜ਼ਰ ਨਾਲ ਦੇਖੋ ਤਾਂ ਆਪ ਨੂੰ ਸਾਫ਼ ਮਾਲੂਮ ਹੋ ਜਾਵੇਗਾ ਕਿ ਪਿਸ਼ਾਵਰ ਇਸਲਾਮੀ ਸੂਬਾ ਬਣਨ ਤੋਂ ਪਹਿਲਾਂ ਹਕੂਮਤ ਪੰਜਾਬ ਦਾ ਸੂਬਾ ਸੀ। ਸੋ ਪ੍ਰਸਿੱਧ ਕਹਾਵਤ ਅਨੁਸਾਰ :

'ਹਕ-ਬ-ਹਕਦਾਰ ਰਸੀਦ'

ਦੇ ਭਾਵ ਦੇ ਮੁਤਾਬਿਕ ਪਿਸ਼ਾਵਰ ਨੂੰ ਮੁੜ ਪੰਜਾਬ ਨਾਲ ਮਿਲਾ ਦੇਣ ਵਿਚ ਕਿਸੇ ਦੀ ਹੱਕ ਖੋਈ ਨਹੀਂ ਕੀਤੀ ਗਈ, ਬਲਕਿ ਇਸੇ ਸੂਬੇ ਦੇ ਬਾਕੀ ਖੋਹੇ

ਇਲਾਕੇ ਲ਼ਗਾਮਾਨ ਤਕ ਬਾਕੀ ਹਨ ਜੋ ਸਮੇਂ ਸਿਰ ਪੰਜਾਬ ਨਾਲ ਮਿਲਾ ਦਿੱਤੇ ਜਾਣਗੇ। ਇਸ ਸੂਰਤ ਵਿਚ ਭੋਲੇ ਭਾਲੇ ਪਠਾਣਾਂ ਨੂੰ ਪ੍ਰੇਰ ਕੇ ਲਿਆਉਣਾ ਤੇ ਉਹਨਾਂ ਦਾ ਬਲੀਦਾਨ ਦੇਣ ਦੇ ਜ਼ਿੰਮੇਵਾਰ ਆਪ ਹੋ ਨਾ ਕਿ ਕੋਈ ਹੋਰ।

ਇਧਰ ਇਹ ਖ਼ਤ ਅਮੀਰ ਦੋਸਤ ਮੁਹੰਮਦ ਖ਼ਾਨ ਵਲ ਭੇਜਿਆ ਅਤੇ ਦੋਸਤ ਮੁਹੰਮਦ ਖ਼ਾਨ ਦਾ ਅਸਲ ਖ਼ਤ ਸਣੇ ਆਪਣੇ ਜੁਆਬ ਮਹਾਰਾਜਾ ਸਾਹਿਬ ਨੂੰ ਰਹੁਤਾਸ ਭਿਜਵਾ ਦਿੱਤਾ।

ਉਸੇ ਵਕਤ ਸਾਰੇ ਫੌਜੀ ਅਫ਼ਸਰਾਂ ਦਾ ਇਕ ਭਾਰੀ ਇਕੱਠ ਕੀਤਾ ਗਿਆ, ਜਿਸ ਵਿਚ ਸਾਹਮਣੇ ਆਉਣ ਵਾਲੇ ਸੰਗਰਾਮ ਲਈ ਲੰਮੀ ਵਿਚਾਰ ਹੋਂਦੀ ਰਹੀ। ਸਰਬ-ਸੰਮਤੀ ਨਾਲ ਇਹ ਤਦਬੀਰ ਪਰਵਾਨ ਹੋਈ ਕਿ ਐਤਕੀਂ ਦੋਸਤ ਮੁਹੰਮਦ ਖ਼ਾਨ ਨੂੰ ਲੜਾਈ ਵਿਚ ਐਸੇ ਹੱਥ ਦੱਸੇ ਜਾਣ ਕਿ ਅਫ਼ਗਾਨਾਂ ਦਾ ਪਿਸ਼ਾਵਰ ਨੂੰ ਮੁੜ ਪ੍ਰਾਪਤ ਕਰਨ ਦੀ ਆਸ ਦਾ ਲੱਕ ਸਦਾ ਵਾਸਤੇ ਤੋੜ ਦਿੱਤਾ ਜਾਏ। ਇਸ ਦੇ ਪਿਛੋਂ ਸਾਰੇ ਸਰਦਾਰਾਂ ਨੂੰ ਆਪੋ-ਆਪਣੇ ਕੰਮ ਵੰਡੇ ਗਏ ਅਤੇ ਰਾਤ-ਦਿਨ ਇਕ ਕਰਕੇ ਸਾਰੀਆਂ ਲੋੜੀਂਦੀਆਂ ਲੋੜਾਂ, ਪੂਰੀਆਂ ਕੀਤੀਆਂ ਗਈਆਂ। ਬਹਾਦਰ ਜਰਨੈਲ ਹਰੀ ਸਿੰਘ ਤੇ ਜਨਰਲ ਵੰਨਤੂਰਾ ਨੇ ਉਹਨਾਂ ਸਾਰਿਆਂ ਰਸਤਿਆਂ ਤੇ ਨਾਕਿਆਂ ਨੂੰ, ਜਿਥੇ-ਜਿਥੇ ਵੈਰੀ ਦੇ ਹਮਲੇ ਦਾ ਖ਼ਤਰਾ ਹੋ ਸਕਦਾ ਸੀ, ਪੂਰੀ ਤਰ੍ਹਾਂ ਨਾਕਾਬੰਦੀ ਕਰ ਦਿੱਤੀ ਤੇ ਮਜ਼ਬੂਤ ਮੋਰਚੇ ਬਣਾ ਲਏ।

ਸ਼ੇਰੇ ਪੰਜਾਬ ਤੇ ਪਿਸ਼ਾਵਰ

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਜਿਸ ਵਕਤ ਅਮੀਰ ਗਾਜ਼ੀ ਦੋਸਤ ਮੁਹੰਮਦ ਖ਼ਾਨ ਦਾ ਉਪਰ ਲਿਖਿਆ ਖ਼ਤ ਮਿਲਿਆ ਤਾਂ ਆਪ ਨੇ ਉਸੀ ਵਕਤ ਪਿਸ਼ਾਵਰ ਪਹੁੰਚਣੇ ਲਈ ਕੂਚ ਕਰ ਦਿੱਤਾ, ਅਤੇ ਤੀਜੇ ਦਿਨ ਲੰਮੀਆਂ ਮੰਜ਼ਲਾਂ ਤੈਹ ਕਰ ਕੇ ੨੯ ਅਪਰੈਲ ੧੯੩੫ ਨੂੰ ਪਿਸ਼ਾਵਰ ਪਹੁੰਚ ਗਏ। ਆਪ ਜੀ ਦੀ ਅਗਵਾਈ ਬੜੀ ਭਾਰੀ ਧੂਮ ਧਾਮ ਨਾਲ ਕੀਤੀ ਗਈ। ਸ਼ਹਿਜ਼ਾਦਾ ਨੌਨਿਹਾਲ ਸਿੰਘ ਸਣੇ ਨਾਮੀ ਸਰਦਾਰਾਂ ਅਤੇ ਬੇਸ਼ੁਮਾਰ ਫ਼ੌਜ ਦੇ ਪਿਸ਼ਾਵਰ ਤੋਂ ਦੋ ਕੋਹ ਅੱਗੇ ਆਕੇ ਮਿਲਿਆ। ਸ਼ੇਰੇ ਪੰਜਾਬ ਨੇ ਬੜੇ ਪਿਆਰ ਨਾਲ ਆਪਣੇ ਲਾਇਕ ਪੋਤੇ ਦਾ ਮੱਥਾ ਚੁੰਮਿਆ ਤੇ ਲੱਪਾਂ ਭਰਕੇ ਮੋਹਰਾਂ ਉਸ ਦੇ ਸਿਰ ਤੋਂ ਵਾਰੀਆਂ ਤੇ ਬੜੀਆਂ ਖ਼ੁਸ਼ੀਆਂ ਮਨਾਈਆਂ। ਅਗਲੀ ਸਵੇਰ ਨੂੰ ਸੂਰਜ ਚੜ੍ਹੇ ਤੋਂ ਪਹਿਲਾਂ ਹੀ ਸ਼ੇਰਿ ਪੰਜਾਬ ਨੇ ਸ਼ਹਿਜ਼ਾਦਾ ਨੌਨਿਹਾਲ ਸਿੰਘ; ਸਰਦਾਰਾਂ ਨੂੰ ਨਾਲ ਲੈ ਕੇ ਹੋਣ ਵਾਲੀ ਜੰਗ ਦਾ ਮੌਕਾ ਦੇਖਿਆ ਤੇ ਸਾਰੀਆਂ ਤਿਆਰੀਆਂ ਨੂੰ ਦੇਖ ਕੇ ਆਪਣੀ ਦਿਲੀ ਖ਼ੁਸ਼ੀ ਪ੍ਰਗਟ ਕੀਤੀ। ਕਹਿੰਦੇ ਹਨ ਕਿ ਖ਼ਾਲਸਾ ਫ਼ੌਜ ਪੰਜ ਕੈਂਪਾਂ ਵਿਚ ਵੰਡੀ ਗਈ, ਨਾਲ ਯਾ ਕਮਾਨ ਦੀ ਸ਼ਕਲ ਤੇ ਕਈ ਕੋਹ ਲੰਮਾਈ ਵਿਚ ਮੋਰਚੇ ਬਣਾਏ ਗਏ ਸਨ, ਤੇ ਇਹ ਤਰੀਕਾ ਬੜਾ ਹੀ ਸਫ਼ਲ ਸਾਬਤ ਹੋਇਆ।

ਅਮੀਰ ਦੋਸਤ ਮੁਹੰਮਦ ਖ਼ਾਨ ਆਪਣੀਆਂ ਜੋਸ਼ੀਲੀਆਂ ਫ਼ੌਜਾਂ ਨਾਲ ਜਿਸ ਵਕਤ ਦੱਰਾ ਖ਼ੈਬਰ ਦੇ ਪਹਾੜਾਂ ਦੀਆਂ ਚੋਟੀਆਂ ਪਾਸ ਪਹੁੰਚਿਆਂ ਤਾਂ ਇਸਨੇ ਡਿਠਾ ਕਿ ਕੋਹਾਂ ਤਕ ਖ਼ਾਲਸਾ ਫ਼ੌਜਾਂ ਮੋਰਚਿਆਂ ਵਿਚ ਪਈਆਂ ਹੋਈਆਂ ਹਨ। ਉਹ ਬੜਾ ਹੀ ਤਜਰਬੇਕਾਰ ਆਦਮੀ ਸੀ, ਸਮਝ ਗਿਆ ਕਿ ਮੈਦਾਨ ਵਿਚ ਡੱਟ ਕੇ ਲੜਨਾ ਤਾਂ ਇਸ ਬੇਸ਼ੁਮਾਰ ਫ਼ੌਜ ਦੇ ਟਾਕਰੇ ਪਰ ਮੂਰਖਤਾ ਹੈ ਪਰ ਬਕਰੀਦ ਦੇ ਦਿਨ ਅਲੀਬਗਾਨ ਵਾਲੇ ਵਾਅਜ਼ ਨੂੰ ਯਾਦ ਕਰਕੇ ਜੋ ਉਸਨੇ ਭਾਰੀ ਅਕੱਠ ਦੇ ਸਾਹਮਣੇ ਕੀਤਾ ਸੀ ਅਤੇ ਨਾਲੇ ਨਵਾਂ

ਨਵਾਂ 'ਗ਼ਾਜ਼ੀ' ਦਾ ਖ਼ਿਤਾਬ ਜੋ ਚੰਦ ਮਹੀਨੇ ਹੋਏ ਇਸਨੂੰ ਕੌਮ ਵਲੋਂ ਬੜੇ ਫ਼ਖ਼ਰ ਨਾਲ ਦਿੱਤਾ ਗਿਆ ਸੀ, ਇਸ ਨੂੰ ਸਫ਼ਲਾ ਕਰਨ ਲਈ ਲੜਾਈ ਤੋਂ ਬਿਨਾਂ ਇਸਨੂੰ ਹੋਰ ਕੋਈ ਚਾਰਾ ਨਾ ਦਿੱਸਿਆ। ਛੇਕੜ ੧੧ ਮਈ ੧੮੩੫ ਦੀ ਸੁਬਾਹ ਦੀ ਨਿਮਾਜ਼ ਦੇ ਬਾਅਦ ਮੂੰਹ ਹਨੇਰੇ ਹੀ ਆਪਣੀਆਂ ਭਾਰੀਆਂ ਤੋਪਾਂ ਤੇ ਬੇਗਿਣਿਤ ਗ਼ਾਜ਼ੀਆਂ ਤੇ ਅਫ਼ਗ਼ਾਨੀ ਫ਼ੌਜਾਂ ਨਾਲ ਖ਼ਾਲਸਾ ਫ਼ੌਜਾਂ 'ਤੇ ਹਮਲਾਆਵਰ ਹੋਇਆ। ਅੱਗੋਂ ਖ਼ਾਲਸਾ ਫ਼ੌਜਾਂ ਬੜੀ ਸਾਵਧਾਨਤਾ ਨਾਲ ਇਸ ਘੜੀ ਦੀ ਉਡੀਕ ਵਿਚ ਹੀ ਸਨ ਕਿ ਵੈਰੀ ਪਹਾੜਾਂ ਤੋਂ ਨਿਕਲੇ ਤਾਂ ਉਸਨੂੰ ਪੂਰੀ ਤਰ੍ਹਾਂ ਘੇਰ ਲਿਆ ਜਾਵੇ, ਸੋ ਇਸੇ ਤਰ੍ਹਾਂ ਹੀ ਹੋਇਆ। ਦੁਪਹਿਰ ਤਕ ਬੜੀ ਲਹੂ ਡੋਲ੍ਹਵੀਂ ਲੜਾਈ ਹੋਈ। ਗ਼ਾਜ਼ੀ ਦੋਸਤ ਮੁਹੰਮਦ ਖ਼ਾਨ ਹਰ ਪਾਸੇ ਆਪਣੀ ਫ਼ੌਜ ਦਾ ਦਿਲ ਵਧਾਂਦਾ ਹੋਇਆ ਬੜੀ ਬੀਰਤਾ ਨਾਲ ਲੜਿਆ ਅਤੇ ਆਪਣੇ ਨਵੇਂ ਖ਼ਿਤਾਬ ਲਈ ਆਪਣੇ ਆਪ ਨੂੰ ਯੋਗ ਸਾਬਤ ਕਰਨ ਵਿਚ ਕੋਈ ਕਸਰ ਪਿਛੇ ਨਾ ਰਹਿਣ ਦਿੱਤੀ।

ਪਰ ਲੌਢੇ ਪਹਿਰ ਦੇ ਕਰੀਬ ਖ਼ਾਲਸਾ ਫ਼ੌਜ ਦੇ ਅਫ਼ਸਰਾਂ ਦੀ ਉਹ ਚਾਲ ਪੂਰੀ ਸੋਲ੍ਹਾਂ ਆਨੇ ਕਾਮਯਾਬ ਹੋਈ ਜਦ ਕਿ ਉਹਨਾਂ ਨੇ ਅਫ਼ਗ਼ਾਨੀ ਫ਼ੌਜ ਨੂੰ ਪੂਰੀ ਤਰ੍ਹਾਂ ਆਪਣੇ ਘੇਰੇ ਵਿਚ ਰਖ ਲਿਆ, ਹੁਣ ਫਿਰ ਕੀ ਸੀ ? ਅਫ਼ਗ਼ਾਨੀ ਫ਼ੌਜ ਨੇ ਜਦ ਇਸ ਤਰ੍ਹਾਂ ਹਰ ਪਾਸੇ ਤੋਂ ਆਪਣੇ ਆਪ ਨੂੰ ਘਿਰਿਆ ਹੋਇਆ ਪਾਇਆ ਤਾਂ ਉਨ੍ਹਾਂ ਕੋਈ ਕਸਰ ਬਹਾਦਰੀ ਦੀ ਬਾਕੀ ਨਾ ਛੱਡੀ, ਪਰ ਘੇਰੇ ਤੋਂ ਨਾ ਨਿਕਲ ਸਕੇ। ਛੇਕੜ ਰਾਤ ਪੈ ਗਈ ਤੇ ਸਾਰੇ ਦਿਨ ਦੀ ਕਰੜੀ ਲੜਾਈ ਦੇ ਪਿਛੋਂ ਥੋੜ੍ਹੇ ਸਮੇਂ ਲਈ ਜ਼ਰਾ ਕੁ ਥੰਮ ਗਈ। ਹੁਣ ਚਾਤਰ ਦੋਸਤ ਮੁਹੰਮਦ ਖ਼ਾਨ ਨੇ ਆਪਣੀ ਖ਼ੈਰ ਇਸੇ ਵਿਚ ਸਮਝੀ ਕਿ ਤਾਰਿਆਂ ਦੀ ਛਾਂ ਵਿਚ ਹੀ ਨਿਕਲ ਕੇ ਪਹਾੜੀ ਦੱਰੇ ਵਿਚ ਜਾ ਵੜੇ। ਖ਼ੁਦਾ ਖ਼ੁਦਾ ਕਰਕੇ ਰਾਤ ਪਈ। ਅਮੀਰ ਸਾਹਿਬ ਨੇ ਆਪਣੀ ਹਿੰਮਤ ਨੂੰ ਹੱਥੋਂ ਨਾ ਜਾਣ ਦਿੱਤਾ ਅਤੇ ਹੁਣ ਲੱਗਾ ਆਪਣੇ ਆਪ ਨੂੰ ਘੇਰੇ ਵਿੱਚੋਂ ਕੱਢਣ, ਪਰ ਵਿਚਾਰਾ ਜਿਧਰ ਵੀ ਹਮਲਾਵਰ ਹੋਵੇ ਅੱਗੋਂ ਮਹਿਤਾਬੀ ਗੋਲਿਆਂ ਦੀ ਰੌਸ਼ਨੀ ਵਿਚ ਭਾਰੀ ਨੁਕਸਾਨ ਨਾਲ ਮੁੜ ਪਿੱਛੇ ਧਕੇਲ ਦਿੱਤਾ ਜਾਵੇ ਇਸ ਤਰ੍ਹਾਂ ਲਗਪਗ ਸਾਰੀ ਰਾਤ ਲੜਾਈ ਭਿੜਾਈ ਵਿਚ ਗੁਜ਼ਾਰੀ। ਹੁਣ ਇਕ ਵਾਰੀ ਆਪਣੇ ਦਿਲ ਨੂੰ ਪੱਕਾ ਕਰਕੇ ਡਾਢਾ ਜ਼ੋਰ ਲਾਇਆ ਤੇ ਹਨੇਰੇ ਦੀ ਮੱਦਦ ਨਾਲ ਦੋ ਵੱਡੀਆਂ ਤੋਪਾਂ

ਅਤੇ ਬਹੁਤ ਸਾਰਾ ਸਾਮਾਨ ਜੰਗ ਮੈਦਾਨ ਵਿਚ ਛੱਡ ਕੇ ਨੱਸ ਗਿਆ[1] ਅਤੇ ਖ਼ੈਬਰ ਦੇ ਕਾਲੇ ਪਹਾੜਾਂ ਵਿਚ ਜਾ ਸਾਹ ਲਿਆ।

ਇਥੇ ਪਹੁੰਚ ਕੇ ਇਸ ਨੂੰ ਇਕ ਬੜੀ ਅਜੀਬ ਸੋਚ ਫੁਰੀ, ਜਿਸ ਨਾਲ ਇਸ ਨੇ ਆਪਣੀ ਇਸ ਭਾਂਜ ਦੀ ਸ਼ਰਮਸਾਰੀ ਨੂੰ ਕੁਝ ਧੋਣਾ ਚਾਹਿਆ, ਪਰ ਇਹ ਗੱਲ ਬੜੇ ਅਫਸੋਸ ਨਾਲ ਲਿਖਣੀ ਪੈਂਦੀ ਹੈ ਕਿ ਇਸ ਕੂਟਨੀਤੀ ਨਾਲ ਇਸ ਨੇ ਆਪਣੇ ਬਹਾਦਰ ਨਾਮ ਨੂੰ ਰਾਜਸੀ ਮੰਡਲ ਵਿਚ ਸਦਾ ਲਈ ਕਲੰਕਤ ਕਰ ਲਿਆ। ਉਹ ਚਾਲ ਇਹ ਸੀ ਕਿ ਅਗਲੇ ਦਿਨ ਇਸ ਆਪਣੇ ਮੁਸਾਹਿਬ ਮਿਰਜ਼ਾ ਸਮੀ ਖ਼ਾਨ ਨੂੰ ਮਹਾਰਾਜਾ ਸਾਹਿਬ ਪਾਸ ਭੇਜਿਆ ਅਤੇ ਲਿਖਿਆ, ਕਿ ਕਲ ਦੇ ਰਣ-ਤੱਤੇ ਵਿਚ ਬੇਗਿਣਤ ਖ਼ੁਦਾ ਦੀ ਖ਼ਲਕਤ ਦਾ ਲਹੂ ਡੁਲ੍ਹਦਾ ਦੇਖ ਕੇ ਮੇਰਾ ਦਿਲ ਦ੍ਰਵ ਗਿਆ ਹੈ ਅਤੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਹੁਣ ਲੜਾਈ ਨੂੰ ਹੋਰ ਨਾ ਲਮਕਾਇਆ ਜਾਏ, ਤਾਂ ਜੋ ਹਜ਼ਾਰਾਂ ਜਾਨਾਂ ਖ਼ੂਨ ਖ਼ਰਾਬੇ ਤੋਂ ਬਚ ਜਾਣ। ਮੇਰੀ ਮਰਜ਼ੀ ਹੈ ਕਿ ਆਪ ਦੀ ਅਤੇ ਅਸਾਡੀ ਹੁਣ ਇਕ ਪੁਖ਼ਤਾ ਹੱਦਬੰਦੀ ਹੋ ਜਾਏ ਤਾਂ ਜੋ ਅੱਗੇ ਲਈ ਦੋਵੇਂ ਤਾਕਤਾਂ ਆਪੋ ਆਪਣੀ ਹੱਦ ਦੇ ਅੰਦਰ ਅਮਨ ਨਾਲ ਰਹਿਣ।

ਚੂੰਕਿ ਅਮੀਰ ਦੋਸਤ ਮੁਹੰਮਦ ਖ਼ਾਨ ਦੀ ਇਹ ਮੰਗ ਜ਼ਾਹਿਰਾ ਵਾਜਬੀ ਸੀ, ਇਸ ਲਈ ਮਹਾਰਾਜਾ ਸਾਹਿਬ ਨੇ ਇਸ ਕੰਮ ਲਈ ਫ਼ਕੀਰ ਅਜ਼ੀਜ਼ ਦੀਨ ਜੀ ਅਤੇ ਜਨਰਲ ਹਾਰਲਨ[2] ਨੂੰ ਆਪਣੇ ਦਿਲੀ ਭਾਵ ਸਮਝਾ ਕੇ ਸਣੇ ਉਹਨਾਂ ਦੇ ਜ਼ਰੂਰੀ ਸਟਾਫ਼ (ਅਮਲਾ ਫੈਲਾ) ਦੇ ਉਸ ਵਲ ਤੋਰ ਦਿੱਤਾ। ਇਹਨਾਂ ਦੇ ਅਮੀਰ ਕੋਲ ਪਹੁੰਚਣ ਪਰ ਬਜਾਏ ਇਸ ਦੇ ਕਿ ਉਹ ਇਹਨਾਂ ਨਾਲ ਹਦਬੰਦੀ ਦੇ ਸੰਬੰਧ ਵਿਚ ਕੋਈ ਗੱਲਬਾਤ ਕਰਦਾ, ਉਸ ਨੇ ਇਸ ਗੱਲ ਨੂੰ ਮੁਖ ਰੱਖ ਕੇ ਉਹਨਾਂ ਨੂੰ ਨਜ਼ਰ ਬੰਦ ਕਰ ਦਿੱਤਾ ਕਿ ਚੂੰਕਿ ਹੁਣ ਲੜ ਕੇ ਯਾ ਨਜ਼ਰਾਨੇ ਦੇ ਕੇ ਪਿਸ਼ਾਵਰ ਦਾ ਮੁੜ ਕੇ ਮਿਲਣਾ ਅਸੰਭਵ ਹੋ ਗਿਆ ਹੈ ਅਤੇ ਖ਼ਲੀਫ਼ਾ ਅਜ਼ੀਜ਼ ਦੀਨ ਨੂੰ ਮਹਾਰਾਜ ਦਿਲੋਂ ਚਾਹੁੰਦਾ ਹੈ, ਮੈਂ ਇਹਨਾਂ ਨੂੰ ਉਸ ਵਕਤ ਤਕ ਨਹੀਂ ਛੱਡਾਂਗਾ ਜਦ ਤਕ ਕਿ ਇਹ ਮੈਨੂੰ ਪਿਸ਼ਾਵਰ ਮਹਾਰਾਜਾ ਤੋਂ ਵਾਪਸ ਨਾ ਦਿਵਾ ਦੇਣ।[3]

1. ਰ: ਬ: ਘੱਨਯਾ ਲਾਲ।
2. ਮਹਾਰਾਜਾ ਰਣਜੀਤ ਸਿੰਘ ਦੇ ਬਦੇਸ਼ੀ ਮੁਲਾਜ਼ਮਾਂ ਵਿਚ ਜਨਰਲ ਹਾਰਲਨ ਅਮਰੀਕਨ ਸੀ, ਦੇਖੋ ਅਲੈਗਜ਼ਾਂਡਰ ਗਾਡਨਰ, ਪੰਨਾ ੨੯੫।
3. ਤਾਰੀਖ਼ ਪੰਜਾਬ—ਰ: ਬ: ਘਨੱਈਆ ਲਾਲ, ਪੰਨਾ ੩੫੬।

ਅਗਲੇ ਦਿਨ ਦੋਸਤ ਮੁਹੰਮਦ ਖ਼ਾਨ ਨੇ ਇਹਨਾਂ ਨੂੰ ਆਪਣੇ ਸਾਹਮਣੇ ਬੁਲਾ ਕੇ ਆਪਣੇ ਦਿਲ ਦਾ ਧੋਖਾ ਇਹਨਾਂ ਦੇ ਅੱਗੇ ਪ੍ਰਗਟ ਕੀਤਾ ਤੇ ਫ਼ਕੀਰ ਜੀ ਨੂੰ ਸਾਫ਼ ਆਖ ਦਿੱਤਾ ਕਿ ਮੈਂ ਆਪ ਨੂੰ ਤਦ ਤਕ ਨਹੀਂ ਛੱਡਾਂਗਾ ਜਦ ਤਕ ਆਪ ਮੈਨੂੰ ਮਹਾਰਾਜਾ ਤੋਂ ਪਿਸ਼ਾਵਰ ਵਾਪਸ ਨਹੀਂ ਦਿਵਾ ਦਿਓਗੇ[1]। ਇਸ ਦੇ ਉੱਤਰ ਵਿਚ ਚਤੁਰ ਅਜ਼ੀਜ਼ ਦੀਨ ਨੇ ਆਖਿਆ ਕਿ ਪਿਸ਼ਾਵਰ ਦਾ ਦਿਵਾਉਣਾ ਮੇਰੇ ਵਸ ਤੋਂ ਬਾਹਰ ਹੈ, ਪਰ ਜੇ ਕਦੇ ਸ਼ੇਰੇ ਪੰਜਾਬ ਨੂੰ ਆਪ ਦੀ ਇਸ ਅਯੋਗ ਕਾਰਵਾਈ ਦਾ ਪਤਾ ਲੱਗ ਗਿਆ ਤਾਂ ਮੈਂ ਸੱਚ ਆਖਦਾ ਹਾਂ ਕਿ ਪਿਸ਼ਾਵਰ ਦਾ ਵਾਪਸ ਲੈਣਾ ਤਾਂ ਇਕ ਬੰਨੇ ਰਹਿ ਜਾਏਗਾ, ਪਰ ਹਜ਼ਾਰਾਂ ਬੇਗੁਨਾਹ ਮੋਮਨਾਂ ਦੇ ਕਤਲ ਹੋਣ ਤੋਂ ਛੁੱਟ ਅਫ਼ਗਾਨਿਸਤਾਨ ਦੀ ਬਰਬਾਦੀ ਵਿਚ ਕੁਝ ਸ਼ਕ ਸੁਬ੍ਹਾ ਨਾ ਸਮਝੋ। ਮੇਰੇ ਜਹੇ ਕਈ ਅਜ਼ੀਜ਼ ਦੀਨ ਮਹਾਰਾਜਾ ਸਾਹਿਬ ਦੇ ਦਰਬਾਰ ਵਿਚ ਮੌਜੂਦ ਹਨ। ਮੇਰਾ ਉਥੇ ਹੋਣਾ ਯਾ ਆਪ ਦੇ ਪਾਸ ਰਹਿਣਾ ਮੇਰੇ ਲਈ ਯਕਸਾਂ ਹੈ, ਪਰ ਮੈਂ ਆਪ ਨੂੰ ਸਾਫ਼ ਆਖਦਾ ਹਾਂ ਕਿ ਆਪ ਦੀ ਇਹ ਕੁਟਲ ਨੀਤੀ ਇਸਲਾਮੀ ਹਕੂਮਤ ਲਈ ਅਤਿ ਖ਼ਤਰਨਾਕ ਸਾਬਤ ਹੋਵੇਗੀ। ਖ਼ੁਦਾ ਤੇ ਖ਼ੁਦਾ ਦੇ ਰਸੂਲ ਦੀ ਖ਼ਾਤਰ ਮੈਨੂੰ ਇਹ ਮਹਾਂ ਭਿਆਨਕ ਕੰਮ ਦਾ ਕਾਰਨ ਨਾ ਬਣਾਇਆ ਜਾਏ।

ਕਹਿੰਦੇ ਹਨ ਕਿ ਫ਼ਕੀਰ ਸਾਹਿਬ ਦੇ ਇਸ ਕਥਨ ਦਾ ਅਮੀਰ 'ਤੇ ਐਸਾ ਅਸਰ ਪਿਆ ਕਿ ਦੋਸਤ ਮੁਹੰਮਦ ਖ਼ਾਨ ਇਥੋਂ ਵੀ ਰਾਤੋ-ਰਾਤ ਜਲਾਲਾਬਾਦ ਵੱਲ ਕੂਚ ਕਰ ਗਿਆ ਤੇ ਇਹਨਾਂ ਨੂੰ ਉਥੇ ਹੀ ਛੱਡ ਗਿਆ[2]। ਇਹਨਾਂ ਦੇ ਵਾਪਸ ਪਿਸ਼ਾਵਰ ਪਹੁੰਚਣ ਤੋਂ ਪਹਿਲਾਂ ਹੀ ਖ਼ਬਰ ਰਸਾਨ ਨੇ ਸਾਰਾ ਮਾਮਲਾ ਮਹਾਰਾਜਾ ਸਾਹਿਬ ਤੱਕ ਪਹੁੰਚਾ ਦਿੱਤਾ ਸੀ। ਮਹਾਰਾਜਾ ਸਾਹਿਬ ਨੇ ਉਸ ਵਕਤ ਕਈ ਹਜ਼ਾਰ ਸਵਾਰ ਹਲਕੀਆਂ ਤੋਪਾਂ ਦੇ ਦੋਸਤ ਮੁਹੰਮਦ ਖ਼ਾਨ ਪਰ ਹਮਲਾ ਕਰਨ ਲਈ ਭੇਜ ਦਿੱਤੇ ਸਨ, ਜੋ ਰਸਤੇ ਵਿਚ ਹੀ ਫ਼ਕੀਰ ਜੀ ਨੂੰ ਮਿਲੇ। ਇਹ ਜਦ ਵਾਪਸ ਪਹੁੰਚੇ ਤਾਂ ਇਨ੍ਹਾਂ ਤੋਂ ਸਮਾਚਾਰ ਮਲੂਮ ਕੀਤਾ ਤਾਂ ਮਹਾਰਾਜਾ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ ਤੇ ਆਪ ਜੀ ਦਾ ਇੰਨਾ ਜੋਸ਼ ਵਧਿਆ ਕਿ ਠਮਿਆਂ ਠਮਾਵੇ ਨਾਹੀਂ। ਛੇਕੜ ਜਦ ਫ਼ਕੀਰ ਜੀ ਨੇ ਬੜੇ ਅਦਬ ਨਾਲ ਅਰਜ਼ ਕੀਤੀ ਕਿ ਮੈਂ ਦੋਸਤ ਮੁਹੰਮਦ

1. ਕਰਨਲ ਅਲੈਗਜ਼ਾਂਡਰ ਗਾਡਨਰ-ਪੰਨਾ ੩੩੩।
2. ਕਨਿੰਘਮ।

ਖ਼ਾਨ ਨਾਲ ਇਕ ਵਾਇਦਾ ਕਰ ਆਇਆ ਹਾਂ ਕਿ ਇਸ ਅਪਰਾਧ ਬਦਲੇ ਆਪ 'ਤੇ ਚੜ੍ਹਾਈ ਨਹੀਂ ਕੀਤੀ ਜਾਏਗੀ, ਇਸ ਲਈ ਆਪ ਮੇਰੀ ਖ਼ਾਤਰ ਇਸ ਮੌਕੇ ਪਰ ਫ਼ੌਜ ਕਸ਼ੀ ਨਾ ਕਰੋ। ਇਸ ਤਰ੍ਹਾਂ ਮਸਾਂ ਕਿਤੇ ਜਾ ਕੇ ਮਹਾਰਾਜਾ ਦਾ ਜੋਸ਼ ਮੱਠਾ ਹੋਇਆ।

ਉਧਰ ਦੋਸਤ ਮੁਹੰਮਦ ਖ਼ਾਨ ਇਸ ਅਯੋਗ ਕਾਰਵਾਈ ਤੇ ਭਾਂਜ ਦੀ ਬੇ-ਅਬਰੋਈ ਨਾਲ ਐਸਾ ਸ਼ਰਮਿੰਦਾ ਹੋਇਆ ਕਿ ਕਾਬਲ ਪਹੁੰਚ ਕੇ ਕਈ ਦਿਨਾਂ ਤਕ ਬਾਲਾ ਹਿਸਾਰ ਵਿਚ ਛਿਪਿਆ ਰਿਹਾ ਤੇ ਕਿਸੇ ਨਾਲ ਗੱਲਬਾਤ ਨਹੀਂ ਸੀ ਕਰਦਾ, ਅਤੇ ਇਹੀ ਹਾਲ ਮਿਰਜ਼ਾ ਸਮੀ ਖ਼ਾਨ ਦਾ ਸੀ[1]।

ਇਸ ਘਟਨਾ ਦੇ ਕੁਝ ਦਿਨ ਬਾਅਦ ਇਕ ਦਿਨ ਕੀ ਦੇਖਦੇ ਹਨ ਕਿ ਸੁਲਤਾਨ ਮੁਹੰਮਦ ਖ਼ਾਨ ਸ਼ਹਿਜ਼ਾਦਾ ਨੌਨਿਹਾਲ ਸਿੰਘ ਦੇ ਪਾਸ ਆਇਆ ਅਤੇ ਬੜੀ ਨਿੰਮਰਤਾ ਨਾਲ ਆਪਣੀ ਜਾਨ ਬਖ਼ਸ਼ੀ ਲਈ ਬੇਨਤੀਆਂ ਕੀਤੀਆਂ। ਸ਼ਹਿਜ਼ਾਦਾ ਸਾਹਿਬ ਨੇ ਇਸ ਨੂੰ ਅਗਲੇ ਦਿਨ ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿਚ ਪੇਸ਼ ਕੀਤਾ ਅਤੇ ਇਸ ਲਈ ਖਿਮਾ ਚਾਹੀ। ਭਾਵੇਂ ਸ਼ੇਰਿ ਪੰਜਾਬ ਇਸ ਦੇ ਵਰਤਾਉ ਤੋਂ ਬੜੇ ਨਾਰਾਜ਼ ਸਨ ਅਤੇ ਇਸ ਨੂੰ ਨਹੀਂ ਸਨ ਮੱਥੇ ਲਾਣਾ ਚਾਹੁੰਦੇ, ਪਰ ਸ਼ਹਿਜ਼ਾਦਾ ਸਾਹਿਬ ਨੇ ਇਸ ਦੀ ਐਨੇ ਜ਼ੋਰ ਨਾਲ ਸਿਫ਼ਾਰਸ਼ ਕੀਤੀ ਕਿ ਛੇਕੜ ਮਹਾਰਾਜਾ ਨੂੰ ਸ਼ਹਿਜ਼ਾਦੇ ਦਾ ਕਿਹਾ ਮੰਨਣਾ ਹੀ ਪਿਆ ਅਤੇ ਸੁਲਤਾਨ ਮੁਹੰਮਦ ਖਾਨ ਨੂੰ ਤਿੰਨ ਲਖ ਰੁਪਏ ਦੀ ਜਾਗੀਰ ਕੋਹਾਟ ਹਸ਼ਤ ਨਗਰ ਤੇ ਦੁਆਬੇ ਵਿਚ ਬਖ਼ਸ਼ੀ[2]।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਪਿਸ਼ਾਵਰ ਦੀ ਇਸ ਬੜੀ ਕਾਮਯਾਬ ਫਤਹ ਅਤੇ ਦੂਰ ਦ੍ਰਿਸ਼ਟੀ ਦਾ ਪ੍ਰਬੰਧ ਦੇਖ ਕੇ ਸ਼ਹਿਜਾਦਾ ਨੌਨਿਹਾਲ ਸਿੰਘ ਤੇ ਐਨੇ ਪ੍ਰਸੰਨ ਹੋਏ ਕਿ ਵੱਡੇ ਦਰਬਾਰ ਵਿਚ ਆਪ ਦੀ ਤੇ ਆਪ ਦੇ ਸਾਥੀਆਂ ਦੀ ਭਾਰੀ ਪ੍ਰਸੰਸਾ ਕੀਤੀ ਅਤੇ ਸ਼ਹਿਜ਼ਾਦੇ ਦੀ ਜਾਗੀਰ ਵਿਚ ਲੱਖ ਰੁਪੈ ਸਾਲ ਦੀ ਜਾਗੀਰ ਦਾ ਹੋਰ ਵਾਧਾ ਕਰ ਦਿੱਤਾ ਤੇ ਪਿਸ਼ਾਵਰ ਦੇ ਇਲਾਕੇ ਦਾ ਪਹਿਲਾ ਗਵਰਨਰ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੂੰ ਮੁਕੱਰਰ ਕੀਤਾ,

1. ਸਯੱਦ ਮੁਹੰਮਦ ਲਤੀਫ, ਪੰਨਾ ੪੭੧।
3. ਸਯੱਦ ਮੁਹੰਮਦ ਲਤੀਫ਼, ਪੰਨਾ ੪੭੩।

ਜਿਸ ਦੀ ਮਦਦ ਲਈ ਜਨਰਲ ਅਬੂਤ ਬੇਲ ਨਾਇਬ ਥਾਪਿਆ ਗਿਆ ਅਤੇ ਜੰਗੀ ਮਹਿਕਮੇ ਦਾ ਕਮਾਂਡਰ ਇਨ-ਚੀਫ਼ ਜਨਰਲ ਹਰੀ ਸਿੰਘ ਨਲੂਆ ਨੀਅਤ ਹੋਇਆ ਅਤੇ ਆਪ ਜੀ ਦੀ ਜਾਗੀਰ ਵਿਚ ਬਹੁਤ ਸਾਰਾ ਵਾਧਾ ਕੀਤਾ ਗਿਆ। ਇਸ ਤਰ੍ਹਾਂ ਲੰਮੇ ਦੋ ਵਰ੍ਹੇ ਦੇ ਬਾਅਦ ਮਹਾਰਾਜਾ ਸਾਹਿਬ ਮਹੀਨਾ ਹਾੜ ਵਿਚ ਲਾਹੌਰ ਵਾਪਸ ਪਹੁੰਚ ਗਏ।

ਮੁਲਤਾਨ ਦਾ ਮਾਲੀਆ ਤੇ ਸ਼ਹਿਜ਼ਾਦਾ ਨੌਨਿਹਾਲ ਸਿੰਘ

ਸੰਨ ੧੮੩੫ ਦੀਆਂ ਸਰਦੀਆਂ ਦੇ ਅਖ਼ੀਰ 'ਤੇ ਸ਼ਹਿਜ਼ਾਦਾ ਨੌਨਿਹਾਲ ਸਿੰਘ ਜੀ ਮਹਾਰਾਜਾ ਜੀ ਨੂੰ ਮਿਲਣ ਲਈ ਲਾਹੌਰ ਆਏ। ਅਜੇ ਆਪ ਨੂੰ ਇਥੇ ਆਇਆਂ ਕੁਝ ਦਿਨ ਹੀ ਹੋਏ ਸਨ ਕਿ ਇਨ੍ਹਾਂ ਦਿਨਾਂ ਵਿਚ ਮਹਾਰਾਜਾ ਸਾਹਿਬ ਨੇ ਆਮਦਨੀ ਦੇ ਗੋਸ਼ਵਾਰਿਆਂ ਦੀ ਪੜਤਾਲ ਕੀਤੀ ਤਾਂ ਪਤਾ ਲੱਗਾ ਜੋ ਦੀਵਾਨ ਸਾਵਣ ਮਲ ਗਵਰਨਰ ਮੁਲਤਾਨ ਵੱਲ ਬਹੁਤ ਸਾਰਾ ਮਾਲੀਆ ਬਾਕੀ ਰਹਿੰਦਾ ਹੈ। ਮਹਾਰਾਜਾ ਸਾਹਿਬ ਫ਼ਕੀਰ ਅਜ਼ੀਜ਼ੁ ਦੀਨ ਅਤੇ ਧਿਆਨ ਸਿੰਘ ਨਾਲ ਇਸ ਮਾਮਲੇ ਸੰਬੰਧੀ ਵਿਚਾਰ ਕਰ ਰਹੇ ਸਨ ਕਿ ਕੋਈ ਐਸਾ ਪ੍ਰਬੰਧ ਕੀਤਾ ਜਾਏ ਜੋ ਅੱਗੇ ਨੂੰ ਮੁਲਤਾਨ ਦਾ ਮਾਲੀਆ ਵਕਤ ਸਿਰ ਦਾਖ਼ਲ ਖ਼ਜ਼ਾਨਾ ਹੋਇਆ ਕਰੇ। ਅਜੇ ਇਹ ਵਿਚਾਰ ਹੋ ਰਹੀ ਸੀ ਕਿ ਕੰਵਰ ਨੌਨਿਹਾਲ ਸਿੰਘ ਦੀਵਾਨ ਖ਼ਾਸ ਵਿਚ ਆ ਗਿਆ। ਇਹ ਸਾਰੀ ਗੱਲਬਾਤ ਨੂੰ ਸੁਣ ਕੇ ਆਪ ਜੀ ਨੇ ਮਹਾਰਾਜਾ ਨੂੰ ਆਖਿਆ ਕਿ ਆਪਣੇ ਬੱਚੇ ਨੂੰ ਹੁਕਮ ਹੋਵੇ ਤਾਂ ਇਹ ਸਾਰਾ ਪ੍ਰਬੰਧ ਬੜੀ ਚੰਗੀ ਤਰ੍ਹਾਂ ਹੋ ਸਕਦਾ ਹੈ। ਮਹਾਰਾਜਾ ਸਾਹਿਬ ਸ਼ਹਿਜ਼ਾਦੇ ਦੀ ਇਸ ਨਿਧੜਕ ਦਲੇਰੀ ਨੂੰ ਦੇਖ ਕੇ ਗਦਗਦ ਹੋ ਗਏ ਤੇ ਨੌਨਿਹਾਲ ਸਿੰਘ ਦਾ ਮੱਥਾ ਚੁੰਮ ਕੇ ਖ਼ੁਸ਼ੀ ਭਰੀ ਅਵਾਜ਼ ਨਾਲ ਕਹਿਣ ਲੱਗੇ ਕਿ : ਪੁੱਤ ! ਮੈਨੂੰ ਤੇਰੇ ਤੋਂ ਐਸੀ ਹੀ ਉਮੀਦ ਹੈ। ਇਸ ਕੰਮ ਲਈ ਤੁਸੀਂ ਹੀ ਜਾਓ ਤੇ ਯੋਗ ਪ੍ਰਬੰਧ ਕਰੋ।

ਥੋੜ੍ਹੇ ਦਿਨਾਂ ਦੇ ਅੰਦਰ-ਅੰਦਰ ਹੀ ਸਾਰੀਆਂ ਜ਼ਰੂਰੀ ਤਿਆਰੀਆਂ ਹੋ ਗਈਆਂ ਅਤੇ ਹੁਣ ਸ਼ਹਿਜ਼ਾਦਾ ਸਾਹਿਬ ਤੇ ਸਰਦਾਰ ਅਤਰ ਸਿੰਘ ਸਿੰਧਾਵਾਲੀਏ ਨੇ ਮੁਲਤਾਨ ਨੂੰ ਕੂਚ ਕਰ ਦਿੱਤਾ[1]।

1. ਹਿਸਟਰੀ ਆਫ਼ ਦੀ ਪੰਜਾਬ—ਸੱਯਦ ਮੁਹੰਮਦ ਲਤੀਫ਼, ਸਫ਼ਾ ੪੭੩।

ਜਿਸ ਦਿਨ ਆਪ ਦੇ ਪਹੁੰਚਣ ਦੀ ਖ਼ਬਰ ਦੀਵਾਨ ਸਾਹਿਬ ਸਾਵਨ ਮਲ ਨੂੰ ਹੋਈ ਤਾਂ ਆਪ ਨੇ ਬੜੀ ਧੂਮ-ਧਾਮ ਨਾਲ ਸ਼ਹਿਜ਼ਾਦੇ ਦੀ ਅਗਵਾਈ ਕੀਤੀ। ਸ਼ਹਿਰ ਵਿਚ ਬੜਾ ਭਾਰਾ ਜਲੂਸ ਕੱਢਿਆ ਗਿਆ ਤੇ ਭਾਰੀਆਂ ਖ਼ੁਸ਼ੀਆਂ ਹੋਈਆਂ। ਕੁਝ ਦਿਨਾਂ ਬਾਅਦ ਸ਼ਹਿਜ਼ਾਦੇ ਨੇ ਆਪਣੇ ਕੰਮ ਨੂੰ ਆਰੰਭ ਦਿੱਤਾ ਤੇ ਮਾਮਲੇ ਦੇ ਨਾ ਦਾਖ਼ਲ ਹੋਣ ਦੇ ਕਾਰਣ ਦਾ ਪਤਾ ਕੀਤਾ। ਦੀਵਾਨ ਨੇ ਕਹਿਤਸਾਲੀ ਦਾ ਉਜ਼ਰ ਪੇਸ਼ ਕੀਤਾ, ਪਰ ਖੋਜ ਤੋਂ ਪਤਾ ਲੱਗਾ ਕਿ ਕੇਵਲ ਕਹਿਤਸਾਲੀ ਹੀ ਰੁਕਾਵਟ ਕਾਰਨ ਨਹੀਂ, ਬਲਕਿ ਇਸ ਜ਼ਰੂਰੀ ਮਾਮਲੇ ਵਿਚ ਜਿੰਨੇ ਧਿਆਨ ਦੇਣ ਦੀ ਲੋੜ ਸੀ ਐਨਾ ਧਿਆਨ ਇਧਰ ਨਹੀਂ ਦਿੱਤਾ ਗਿਆ, ਜਿਸ ਨੂੰ ਦੀਵਾਨ ਨੇ ਖ਼ੁਦ ਵੀ ਮੰਨਿਆ। ਅੱਗੋ ਨੂੰ ਹਰ ਇਕ ਪਰਗਨੇ ਦੇ ਮਾਲੀਏ ਦੀ ਵਸੂਲੀ ਦਾ ਜ਼ਿੰਮੇਵਾਰ ਪਰਗਨੇਦਾਰ ਕਰਾਰ ਦਿੱਤਾ ਗਿਆ ਅਤੇ ਇਸ ਖ਼ਿਦਮਤ ਦੇ ਬਦਲੇ ਇਕ ਆਨਾ ਸੈਂਕੜਾ ਸਰਕਾਰ ਵਲੋਂ ਮਿਲਣਾ ਮਨਜ਼ੂਰ ਕੀਤਾ ਗਿਆ। ਮਾਲੀਏ ਦੇ ਦਾਖਲੇ ਲਈ ਇਕ ਦਿਨ ਮੁਕੱਰਰ ਕਰ ਦਿੱਤਾ ਕਿ ਇਸ ਦੇ ਪਿੱਛੋਂ ਜਿਸ ਪਰਗਨੇਦਾਰ ਦੇ ਜ਼ਿੰਮੇ ਬਕਾਇਆ ਰਹੇਗਾ ਉਸ ਦਾ ਮੇਹਨਤਾਨਾ (ਪੰਜੋਤਰਾ) ਜ਼ਬਤ ਕੀਤਾ ਜਾਇਆ ਕਰੇਗਾ ਅਤੇ ਜਿਹੜੇ ਸਮੇਂ ਸਿਰ ਮਾਲੀਆ ਬੇਬਾਕ ਕਰ ਦਿੱਤਾ ਕਰਨਗੇ ਉਨ੍ਹਾਂ ਨੂੰ ਸਨਦਾਂ ਮਿਲਿਆ ਕਰਨਗੀਆਂ। ਇਸ ਤਰੀਕੇ ਨੂੰ ਦੀਵਾਨ ਸਾਵਨ ਮਲ ਨੇ ਬੜਾ ਹੀ ਪਸੰਦ ਕੀਤਾ ਅਤੇ ਅੱਗੇ ਨੂੰ ਸਮੇਂ ਸਿਰ ਮਾਲੀਆਂ ਦਾਖ਼ਲ ਹੋਣਾ ਆਰੰਭ ਹੋ ਗਿਆ, ਤੇ ਸ਼ਹਿਜ਼ਾਦਾ ਵਾਪਸ ਲਾਹੌਰ ਪਰਤ ਆਇਆ।

ਸ਼ਹਿਜ਼ਾਦਾ ਨੌਨਿਹਾਲ ਸਿੰਘ ਵਜ਼ੀਰਸਤਾਨ ਦੇ ਸੰਗ੍ਰਾਮ ਵਿਚ

ਸੰਨ ੧੮੩੬ ਦੀਆਂ ਸਰਦੀਆਂ ਦੇ ਆਰੰਭ ਵਿਚ ਹੀ ਲਾਹੌਰ ਖ਼ਬਰਾਂ ਪਹੁੰਚੀਆਂ ਕਿ ਵਜ਼ੀਰੀਆਂ ਅਤੇ ਬਨੋਚੀਆਂ ਨੇ ਏਕਾ ਕਰਕੇ ਭਾਰੀ ਇਕੱਠ ਨਾਲ ਬੰਨੂੰ ਅਤੇ ਇਲਾਕੇ ਦੀਆਂ ਖ਼ਾਲਸਾ ਚੌਕੀਆਂ ਪਰ ਧਾਵਾ ਕਰ ਦਿੱਤਾ ਹੈ, ਜਿਸ ਕਰਕੇ ਇਲਾਕੇ ਵਿਚ ਬਦਅਮਨੀ ਪੈਦਾ ਹੋ ਗਈ ਹੈ। ਇਸ ਖ਼ਬਰ ਦੇ ਪਹੁੰਚਣ ਸਾਰ ਹੀ ਸ਼ੇਰੇ ਪੰਜਾਬ ਨੇ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੂੰ ਹੁਕਮ ਦਿੱਤਾ ਕਿ ਆਪਣੀਆਂ ਫ਼ੌਜਾਂ ਲੈ ਕੇ ਸਿੱਧੇ ਬੰਨੂੰ ਪਹੁੰਚੋ ਅਤੇ ਸਰਕਸ਼ ਵਜ਼ੀਰੀਆਂ ਨੂੰ ਉਨ੍ਹਾਂ ਦੇ ਕੀਤੇ ਦੀ ਪੂਰੀ ਸਜ਼ਾ ਦੇਵੋ। ਇਸ ਹੁਕਮ ਦੇ ਮਿਲਦਿਆਂ ਹੀ ਸ਼ਹਿਜ਼ਾਦੇ ਸਾਹਿਬ ਨੇ ਆਪਣੇ ਸਰਦਾਰਾਂ ਨੂੰ ਤਿਆਰੀ ਦਾ ਹੁਕਮ ਦਿੱਤਾ ਕਿ ਬਹੁਤ ਛੇਤੀ ਸਾਰੀਆਂ ਜ਼ਰੂਰੀ ਤਿਆਰੀਆਂ ਕਰਕੇ ਕੂਚ ਲਈ ਤਿਆਰ ਹੋ ਜਾਓ। ਥੋੜ੍ਹੇ ਦਿਨਾਂ ਵਿਚ ਸਾਰਾ ਪ੍ਰਬੰਧ ਠੀਕ ਹੋ ਗਿਆ ਤੇ ਹੁਣ ਆਪਣੀ ਬਹਾਦਰ ਫ਼ੌਜ ਨਾਲ ਸ਼ਹਿਜ਼ਾਦੇ ਨੇ ਬੰਨੂੰ ਵੱਲ ਚਾਲੇ ਪਾ ਦਿੱਤੇ ਅਤੇ ਇਕ ਮੰਜ਼ਲ ਦੀ ਥਾਂ ਦੋ, ਤੇ ਦੋ ਦੀ ਥਾਂ ਤਿੰਨ ਮੰਜ਼ਲਾਂ ਤੇ ਕਰਦੇ ਹੋਏ ਕਾਲਾ ਬਾਗ ਦੇ ਪਤਨੋਂ ਦਰਿਆ ਸਿੰਧ ਤੋਂ ਫ਼ੌਜਾਂ ਨੂੰ ਪਾਰ ਕੀਤਾ ਗਿਆ। ਇਥੇ ਮੀਆਂ ਸੁਚੇਤ ਸਿੰਘ ਸਣੇ ਆਪਣੀ ਫ਼ੌਜ (ਕੰਟਨ ਜੰਟ) ਦੇ, ਜੋ ਕਰਨਲ ਅਲੈਗਜ਼ਾਂਡਰ ਗਾਡਨਰ ਦੇ ਤਹਿਤ ਵਿਚ ਸੀ, ਸ਼ਹਿਜ਼ਾਦੇ ਦੀ ਫ਼ੌਜ਼ ਨਾਲ ਮਿਲ ਗਿਆ। ਇਥੋਂ ਦੋਹਾਂ ਫ਼ੌਜਾਂ ਨੇ ਮਿਲ ਕੇ ਅੱਗੇ ਨੂੰ ਕੂਚ ਕਰ ਦਿੱਤਾ। ਅੱਗੋਂ ਵਜ਼ੀਰੀਆਂ ਨੇ ਥਾਓਂ ਥਾਈਂ ਰਸਤੇ ਰੋਕੇ ਹੋਏ ਸਨ, ਤੇ ਭਾਰੀ ਤਿਆਰੀਆਂ ਕਰਕੇ ਮਰਨ ਮਾਰਨ ਦੀ ਉਡੀਕ ਵਿਚ ਡਟੇ ਪਏ ਸਨ। ਕੁਝ ਜ਼ਰੂਰੀ ਵਿਚਾਰਾਂ ਦੇ ਉਪਰੰਤ ਖ਼ਾਲਸਾ ਫ਼ੌਜਾਂ ਨੇ ਵੈਰੀਆਂ 'ਤੇ ਧਾਵਾ ਕਰਨਾ ਆਰੰਭ ਦਿੱਤਾ। ਇਸ ਸਮੇਂ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੇ ਬੜੀ ਨਿਰਭੈਤਾ ਤੇ ਚਤੁਰਤਾ ਨਾਲ ਆਪਣੀਆਂ ਫ਼ੌਜਾਂ ਨੂੰ ਅੱਗੇ ਵਧਾਇਆ, ਜਿਸ ਦਾ ਸਿੱਟਾ

ਇਹ ਨਿਕਲਿਆ ਕਿ ਵੈਰੀ ਨੂੰ ਮੋਰਚੇ ਦੇ ਬਾਅਦ ਮੋਰਚਾ ਛੱਡਣਾ ਪਿਆ। ਇਸ ਵਿਚ ਸ਼ੱਕ ਨਹੀਂ ਕਿ ਜੰਗ-ਜੂ ਵਜ਼ੀਰੀਆਂ ਨੇ ਬਹਾਦਰੀ ਨਾਲ ਜਾਨਾਂ ਹੂਲ ਕੇ ਆਪਣੇ ਦੇਸ਼ ਦੀ ਚੱਪਾ-ਚੱਪਾ ਜ਼ਮੀਨ ਲਈ ਭਾਰੀ ਕੁਰਬਾਨੀਆਂ ਕੀਤੀਆਂ, ਅਤੇ ਲਗਭਗ ਦੋ ਮਹੀਨਿਆਂ ਤਕ ਬਰਾਬਰ ਮੁਕਾਬਲਾ ਕਰਦੇ ਰਹੇ, ਛੇਕੜ ਖ਼ਾਲਸਾ ਤੋਪਖ਼ਾਨਿਆਂ ਅੱਗੇ ਨਾ ਠਹਿਰ ਸਕੇ ਤੇ ਮੈਦਾਨ ਤੋਂ ਨੱਸ ਕੇ ਪਹਾੜਾਂ ਵਿਚ ਜਾ ਵੜੇ। ਇਸ ਸਮੇਂ ਸ਼ਹਿਜ਼ਾਦਾ ਸਾਹਿਬ ਨੇ ਹੁਕਮ ਦਿੱਤਾ ਕਿ ਜਿਸ ਜਿਸ ਪਿੰਡ ਦੇ ਬੁਰਜਾਂ ਵਿਚੋਂ ਖ਼ਾਲਸਾ ਫ਼ੌਜਾਂ 'ਤੇ ਗੋਲੀਆਂ ਚਲਾਈਆਂ ਗਈਆਂ ਹਨ ਜਾਂ ਜਿਨ੍ਹਾਂ ਗੜ੍ਹੀਆਂ ਤੇ ਮੋਰਚਿਆਂ ਨੂੰ ਇਸ ਲੜਾਈ ਵਿਚ ਸਰਕਾਰੀ ਫ਼ੌਜਾਂ ਦੇ ਵਿਰੁੱਧ ਵਰਤਿਆ ਗਿਆ ਹੈ, ਉਨ੍ਹਾਂ ਸਾਰਿਆਂ ਨੂੰ ਧਰਤੀ ਨਾਲ ਮਿਲਾ ਦਿੱਤਾ ਜਾਏ।

ਇਸ ਹੁਕਮ ਦੀ ਪਾਲਣਾ ਕੀਤੀ ਗਈ, ਜਿਸ ਦਾ ਅਸਰ ਅੱਗੇ ਨੂੰ ਇਸ ਇਲਾਕੇ ਵਿਚ ਅਮਨ ਰੱਖਣ ਲਈ ਬੜਾ ਹੀ ਪੁਰ ਅਸਰ ਸਾਬਤ ਹੋਇਆ[1]।

ਇਥੇ ਦਾ ਪ੍ਰਬੰਧ ਅਜੇ ਮੁਕੰਮਲ ਹੋਇਆ ਹੀ ਸੀ ਕਿ ਮਹਾਰਾਜਾ ਸਾਹਿਬ ਦਾ ਹੁਕਮ ਪਹੁੰਚਿਆ ਕਿ ਟਾਂਕ ਦੇ ਇਲਾਕੇ 'ਤੇ ਫ਼ੌਜ ਚੜ੍ਹਾਈ ਜਾਏ ਤੇ ਉਸ ਨੂੰ ਪੂਰੀ ਤਰ੍ਹਾਂ ਨਾਲ ਖ਼ਾਲਸਾ ਪ੍ਰਬੰਧ ਵਿਚ ਲੈ ਲਿਆ ਜਾਏ। ਕੁਝ ਦਿਨਾਂ ਤਕ ਇਥੇ ਤਿਆਰੀਆਂ ਹੁੰਦੀਆਂ ਰਹੀਆਂ। ਛੇਕੜ ੮ ਦਸੰਬਰ ਸੰਨ ੧੮੩੬ ਨੂੰ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੇ ਸਣੇ ਖ਼ਾਲਸਾ ਫ਼ੌਜ ਦੇ ਦੱਰਾ ਪੈਜ਼ੂ[2] ਦੇ ਟਾਂਕ ਵੱਲ ਕੂਚ ਕਰ ਦਿੱਤਾ। ਇਥੋਂ ਦਾ ਨਵਾਬ ਸਰ ਫ਼ਰਾਜ਼ ਖ਼ਾਨ ਸਿਖ ਰਾਜ ਦੀਆਂ ਹੱਦਾਂ ਅੰਦਰ ਡਾਕੇ ਮਾਰਦਾ ਹੁੰਦਾ ਸੀ, ਦੂਜਾ ਬੰਨੂੰ ਦੀ ਸ਼ੋਰਸ਼ ਵਿਚ ਇਸ ਦਾ ਬਹੁਤ ਹੱਥ ਸੀ[3]। ਇਹ ਸਾਰੀਆਂ ਖ਼ਬਰਾਂ ਇਸ ਨੂੰ ਪਹੁੰਚ ਚੁੱਕੀਆਂ ਸਨ, ਇਸ ਲਈ ਹੁਕਮ ਦਿੱਤਾ ਕਿ ਇਸ ਨੂੰ ਚੰਗੀ ਮਤ ਦਿੱਤੀ ਜਾਏ ਤਾਂ ਜੋ ਅੱਗੇ ਨੂੰ ਪੂਰਾ ਅਮਨ ਹੋ ਜਾਏ।

ਨਵਾਬ ਨੇ ਜਦ ਸ਼ਹਿਜ਼ਾਦੇ ਦੀਆਂ ਫ਼ੌਜਾਂ ਦਾ ਰੁੱਖ਼ ਟਾਂਕ ਵੱਲ ਸੁਣਿਆ ਤਾਂ ਇਸਨੇ ਪਹਿਲੇ ਪਹਿਲ ਤਾਂ ਬੜੀ ਦਲੇਰੀ ਨਾਲ ਆਪਣੇ ਇਲਾਕੇ ਦਾ

1. ਕਰਨਲ ਅਲੈਗਜ਼ਾਂਡਰ ਗਾਰਡਨਰ, ਪੰਨਾ ੧੯੬।
2. ਹੁਣ ਇਹ ਦੱਰਾ ਸ਼ੇਖ ਬੋਦੀਨ ਦੇ ਨਾਮ 'ਤੇ ਪ੍ਰਸਿਧ ਹੈ।
3. ਅਲੈਗਜ਼ਾਂਡਰ ਗਾਰਡਨਰ, ਪੰਨਾ ੧੯੬।

ਲਸ਼ਕਰ ਇਕੱਠਾ ਕਰ ਕੇ ਆਪਣੀਆਂ ਗੜ੍ਹੀਆਂ ਨੂੰ ਬੜਾ ਹੀ ਮਜ਼ਬੂਤ ਕਰ ਦਿੱਤਾ ਤੇ ਲਗਾ ਲੜਾਈ ਦੀ ਉਡੀਕ ਕਰਨ। ਪਰ ਇਕਾਇਕ ਕਿਸੇ ਨਾ ਮਲੂਮ ਕਾਰਨ ਕਰਕੇ ਸ਼ਹਿਜ਼ਾਦੇ ਦੇ ਟਾਂਕ ਪਹੁੰਚਣ ਤੋਂ ਪਹਿਲਾਂ ਹੀ ਸਣੇ ਆਪਣੇ ਲਸ਼ਕਰ ਦੇ ਟਾਂਕ ਵਿਚੋਂ ਨੱਠ ਗਿਆ ਅਤੇ ਆਪਣੇ ਇਕ ਹੋਰ ਬੜੇ ਮਜ਼ਬੂਤ ਕਿਲ੍ਹੇ ਵਿਚ ਜਿਸਦਾ ਨਾਮ "ਸਰਵਰ ਗੜ੍ਹ" ਅਤੇ ਟਾਂਕ ਤੋਂ ੨੦-੨੫ ਕੋਹ ਦੀ ਵਿੱਥ 'ਤੇ ਵਜ਼ੀਰਸਤਾਨ ਦਿਆਂ ਕਠਨ ਪਹਾੜਾਂ ਵਿਚ ਸੀ, ਜਾ ਮੋਰਚੇ ਗੱਡੇ। ਖ਼ਾਲਸਾ ਫ਼ੌਜ ਨੇ ਟਾਂਕ ਪਹੁੰਚ ਕੇ ਇਥੋਂ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਨਵਾਬ ਇਥੋਂ ਐਸੀ ਘਬਰਾਹਟ ਵਿਚ ਨੱਠਾ ਸੀ ਕਿ ਭਾਰੀਆਂ ਤੋਪਾਂ ਤੇ ਬਹੁਤ ਸਾਰਾ ਸਾਮਾਨ ਇਸ ਦਾ ਇਥੇ ਹੀ ਰਹਿ ਗਿਆ, ਜਿਨ੍ਹਾਂ ਵਿਚੋਂ ੩੦ ਤੋਪਾਂ ਤੇ ਬਹੁਤ ਸਾਰਾ ਹੋਰ ਜੰਗੀ ਸਾਮਾਨ[1] ਸ਼ਹਿਜ਼ਾਦੇ ਦੇ ਹੱਥ ਲੱਗਾ ਜੋ ਜ਼ਬਤ ਕੀਤਾ ਗਿਆ। ਇਥੇ ਉਸੀ ਵਕਤ ਸ਼ਹਿਜ਼ਾਦਾ ਸਾਹਿਬ ਨੇ ਫ਼ੌਜ ਦੇ ਸਰਦਾਰ ਨੂੰ ਹੁਕਮ ਦਿੱਤਾ ਕਿ ਤੇਜ਼ ਕੂਚ ਕਰਕੇ ਨਵਾਬ ਟਾਂਕ ਨੂੰ "ਸਰਵਰਗੜ੍ਹ" ਦੇ ਕਿਲ੍ਹੇ ਵਿਚ ਜਾ ਘੇਰਨਾ ਚਾਹੀਦਾ ਹੈ ਤਾਂ ਜੋ ਉਹ ਉਥੇ ਵੀ ਪੈਰ ਨਾ ਜਮਾ ਸਕੇ। ਕਰਨਲ ਗਾਰਡਨ ਜੋ ਇਸ ਮੁਹਿੰਮ ਵਿਚ ਸ਼ਹਿਜ਼ਾਦੇ ਦੇ ਨਾਲ ਸੀ, ਲਿਖਦਾ ਹੈ—'ਸਰਵਰਗੜ੍ਹ ਦਾ ਕਿਲ੍ਹਾ ਬੜਾ ਹੀ ਕਠਨ ਪਹਾੜਾਂ ਵਿਚ ਸੀ। ਇਸ ਤੱਕ ਪਹੁੰਚਣ ਦਾ ਕੇਵਲ ਇਕੋ ਰਸਤਾ ਸੀ ਜੋ ਟਾਂਕ ਨਾਲੇ ਦੇ ਕਿਨਾਰੇ-ਕਿਨਾਰੇ ਔਖੀਆਂ ਘਾਟੀਆਂ ਦੇ ਵਿਚੋਂ ਵਿਚ ਗੁਜ਼ਰਦਾ ਸੀ ਅਤੇ ਅਸਾਡੇ ਰਸਤੇ ਦੇ ਦੋ ਪਾਸੀਂ ਉੱਚੇ ਪਹਾੜ ਸਨ। ਹਰ ਇਕ ਪਹਾੜ ਦੀ ਚੋਟੀ 'ਤੇ ਵਜ਼ੀਰੀਆਂ ਦੀਆਂ ਗੜ੍ਹੀਆਂ ਤੇ ਬੁਰਜ ਬਣੇ ਹੋਏ ਸਨ, ਜਿਨ੍ਹਾਂ ਦੀਆਂ ਗੋਲੀਆਂ ਸਿੱਧੀਆਂ ਹੇਠਾਂ ਅਸਾਡੇ ਤੱਕ ਪਹੁੰਚਦੀਆਂ ਸਨ, ਪਰ ਸ਼ਹਿਜ਼ਾਦਾ ਖ਼ੁਦ ਸਭ ਤੋਂ ਅੱਗੇ ਐਨਾ ਨਿਡਰ ਹੋ ਕੇ ਜੋਸ਼ ਵਿਚ ਜਾ ਰਿਹਾ ਸੀ ਕਿ ਕਿਸੇ ਨੇ ਡਰ ਦਾ ਖ਼ਿਆਲ ਤਕ ਵੀ ਨਾ ਕੀਤਾ। ਇਥੇ ਸਾਨੂੰ ਬੜੇ ਤਕੜੇ ਟਾਕਰੇ ਕਰਨੇ ਪਏ, ਕਿਉਂਕਿ ਬਹਾਦਰ ਵਜ਼ੀਰੀਆਂ ਨੇ ਇਕ-ਇਕ ਇੰਚ ਜ਼ਮੀਨ ਲਈ ਆਪਣੀਆਂ ਜਾਨਾਂ ਵਾਰੀਆਂ। ਇਥੋਂ ਅਸਾਂ ਐਨੀ ਤੇਜ਼ੀ ਨਾਲ ਕੂਚ ਕੀਤਾ ਕਿ ਬਿਨਾਂ ਵਧੇਰੇ ਨੁਕਸਾਨ ਦੇ ਅਸਾਂ ਕਿਲ੍ਹਾ ਸਰਵਰ ਗੜ੍ਹ ਨੂੰ ਜਾ ਘੇਰਿਆ। ਕਿਲ੍ਹੇ ਦੇ ਲਾਗੇ ਬੜਾ ਕਰੜਾ ਟਾਕਰਾ

1. ਹਿਸਟਰੀ ਔਫ਼ ਦੀ ਪੰਜਾਬ—ਸੱਯਦ ਮੁਹੰਮਦ ਲਤੀਫ਼, ਸਫ਼ਾ ੪੭੩।

ਹੋਇਆ, ਪਰ ਅਸਾਡੀਆਂ ਪਹਾੜੀ ਹਲਕੀਆਂ ਤੋਪਾਂ ਨੇ ਐਨੀ ਅੰਧਾ ਧੁੰਧ ਅੱਗ ਵਰਸਾਈ ਕਿ ਕਿਲ੍ਹੇ ਵਾਲਿਆਂ ਵਿਚੋਂ ਬਹੁਤ ਸਾਰਿਆਂ ਨੇ ਆਪਣੇ ਕਿਲ੍ਹੇ ਦੇ ਬਚਾਉਣ ਵਿਚ ਆਪਣੇ ਆਪ ਨੂੰ ਵਾਰ ਦਿੱਤਾ। ਜੋ ਬਾਕੀ ਸਨ ਉਨ੍ਹਾਂ ਨੂੰ ਕੈਦ ਕੀਤਾ ਗਿਆ, ਫਟੜ੍ਹਾਂ ਦੀ ਮਰ੍ਹਮ-ਪੱਟੀ ਕੀਤੀ ਗਈ। ਪਰ ਨਵਾਬ ਨੇ ਖ਼ਾਲਸਾ ਫ਼ੌਜ ਦੇ ਪਹੁੰਚਣ ਤੋਂ ਪਹਿਲਾਂ ਹੀ ਇਥੋਂ ਵੀ ਨੱਸ ਕੇ ਗ਼ਜ਼ਨੀ ਜਾ ਸਿਰ ਕੱਢਿਆ। ਕਿਉਂਕਿ ਇਹ ਲੋਕ ਆਪਣੇ ਦੇਸ਼ ਦੇ ਬਚਾਓ ਲਈ ਬੜੀ ਬਹਾਦਰੀ ਨਾਲ ਲੜੇ ਸਨ, ਇਸ ਲਈ ਇਨ੍ਹਾਂ ਨੂੰ ਵਧੇਰੇ ਚਿਰ ਲਈ ਕੈਦ ਰੱਖਣਾ ਸ਼ਹਿਜ਼ਾਦੇ ਨੂੰ ਯੋਗ ਨਾ ਮਲੂਮ ਹੋਇਆ ਤੇ ਇਨ੍ਹਾਂ ਨੂੰ ਜ਼ਬਾਨੀ ਵਾਅਦਾ ਕਰਨ 'ਤੇ ਕਿ ਅੱਗੇ ਲਈ ਸਿੱਖ ਰਾਜ ਦੇ ਖ਼ੈਰਖ਼ਾਹ ਰਹਾਂਗੇ, ਅਜ਼ਾਦ ਕੀਤਾ ਗਿਆ ਤੇ ਟਾਂਕ ਦਾ ਇਲਾਕਾ ਸਿੱਖ ਰਾਜ ਨਾਲ ਮਿਲਾ ਲਿਆ ਗਿਆ।[1]

ਇਸਦੇ ਬਾਅਦ ਨਵਾਬ ਸ਼ਾਹ ਨਿਵਾਜ਼ ਖ਼ਾਨ ਡੇਰਾ ਇਸਮਾਈਲ ਖ਼ਾਨ ਵਾਲੇ ਨਾਲ ਇਕ ਸਾਧਾਰਨ ਲੜਾਈ ਹੋਈ, ਜਿਸ ਵਿਚ ਨਵਾਬ ਨੂੰ ਹਾਰ ਹੋਈ। ਨਵਾਬ ਨੂੰ ਨੱਸਣ ਤੋਂ ਪਹਿਲਾਂ ਹੀ ਸਰਦਾਰ ਅਤਰ ਸਿੰਘ ਸਿੰਧਾਂਵਾਲੀਏ ਦੀ ਫੌਜ ਦੇ ਇਕ ਸਰਦਾਰ ਨੇ ਗ੍ਰਿਫ਼ਤਾਰ ਕਰ ਲਿਆ ਤੇਂ ਇਸਨੂੰ ਲਾਹੌਰ ਭਿਜਵਾ ਦਿੱਤਾ। ਇਸ ਦੇ ਕਿਲ੍ਹੇ 'ਤੇ ਖ਼ਾਲਸਾ ਨਿਸ਼ਾਨ ਗੱਡ ਦਿੱਤਾ 'ਤੇ ਨਾਮ 'ਅਕਾਲਗੜ੍ਹ' ਰੱਖਿਆ। ਇਸ ਦਾ ਸਾਰਾ ਇਲਾਕਾ ਸਿੱਖ ਰਾਜ ਨਾਲ ਮਿਲਾ ਲੀਤਾ ਗਿਆ। ਉਪਰ ਲਿਖੇ ਇਲਾਕਿਆਂ ਦਾ ਪੱਕਾ ਪ੍ਰਬੰਧ ਕਰਕੇ ਸ਼ਹਿਜ਼ਾਦਾ ਪੂਰੀ ਕਾਮਯਾਬੀ ਨਾਲ ਲਾਹੌਰ ਪਰਤ ਆਇਆ, ਸ਼ਹਿਜ਼ਾਦੇ ਦੀ ਵਾਪਸੀ 'ਤੇ ਮਹਾਰਾਜਾ ਸਾਹਿਬ ਨੇ ਬੜੀਆਂ ਖ਼ੁਸ਼ੀਆਂ ਮਨਾਈਆਂ ਤੇ ਕਈ ਦਿਨਾਂ ਤੱਕ ਲਾਹੌਰ ਤੇ ਅੰਮ੍ਰਿਤਸਰ ਵਿਚ ਦੀਪਮਾਲਾ ਹੁੰਦੀ ਰਹੀ।

1. ਅਲੈਗਜ਼ਾਂਡਰ ਗਾਰਡਨਰ—ਪੰਨਾ ੧੯੬।

ਸ਼ਹਿਜ਼ਾਦਾ ਨੌਨਿਹਾਲ ਸਿੰਘ ਦਾ ਵਿਆਹ

ਪੰਜਾਬ ਦੇ ਇਤਿਹਾਸ ਵਿਚ ਇਹ ਵਿਆਹ ਅਦੁੱਤੀ ਮੰਨਿਆ ਗਿਆ ਹੈ। ਪਤਵੰਤੇ[1] ਮਹਿਮਾਨਾਂ ਵਿਚੋਂ ਮਹਾਰਾਜਾ ਪਟਿਆਲਾ, ਨਾਭਾ, ਜੀਂਦ, ਫ਼ਰੀਦਕੋਟ, ਨਵਾਬ ਮਲੇਰਕੋਟਲਾ, ਮਹਾਰਾਜਾ ਕਪੂਰਥਲਾ, ਕਲਸੀਆ, ਨਰੈਣ ਗੜ੍ਹ, ਸਿੰਘ ਗੜ੍ਹ, ਮੰਡੀ ਸੁਕੇਤ ਆਦਿ ਸਣੇ ਆਪਣੀਆਂ ਫ਼ੌਜਾਂ ਦੇ ਸ਼ਾਮਲ ਸਨ। ਗਵਰਨਰ ਜਨਰਲ ਹਿੰਦ ਵੱਲੋਂ ਸਰ ਹੈਨਰੀ ਫੈਨ ਕਮਾਂਡਰ ਇਨ-ਚੀਫ ਸਣੇ ਲੇਡੀ ਫੇਨ ਤੇ ਸਟਾਫ਼ ਦੇ ਆਏ। ਸ਼ੇਰੇ ਪੰਜਾਬ ਨੇ ਇਨ੍ਹਾਂ ਸਾਰੇ ਪ੍ਰਾਹੁਣਿਆਂ ਦੀ ਬੜੀ ਹਿਤ ਤੇ ਪਿਆਰ ਨਾਲ ਪ੍ਰਾਹੁਣਚਾਰੀ ਕੀਤੀ।

੨੩ ਫਗਣ ਸੰਮਤ ੧੮੯੩ (ਮਾਰਚ ੧੮੩੭) ਨੂੰ ਜਨੇਤ ਸਜ-ਧਜ ਤੇ ਹਾਥੀਆਂ ਦੇ ਜਲੂਸ ਨਾਲ ਸ੍ਰੀ ਅੰਮ੍ਰਿਤਸਰ ਤੋਂ ਅਟਾਰੀ ਜਾਣ ਲਈ ਚਾੜ੍ਹੀ ਗਈ। ਇਹ ਭਾਰੀ ਜਲੂਸ ਸ਼ਹਿਰ ਵਿਚੋਂ ਹੁੰਦਾ ਹੋਇਆ ਸ੍ਰੀ ਦਰਬਾਰ ਸਾਹਿਬ ਪਹੁੰਚਿਆ, ਜਿਥੇ ਮਹਾਰਾਜਾ ਸਾਹਿਬ ਨੇ ਸਣੇ ਸ਼ਹਿਜ਼ਾਦਿਆਂ ਦੇ ਇਸ ਕਾਰਜ ਦੀ ਨਿਰਵਿਘਨਤਾ ਲਈ ਅਰਦਾਸਾ ਸੋਧਾਇਆ। ਹਜ਼ਾਰਾਂ ਬੁਤਕੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟਾ ਕੀਤੀਆਂ (੫੦੦੦) ਰੁਪਿਆ ਮੁਕਾਮੀ ਅਕਾਲੀ ਜੱਥੇ ਦੇ ਲੰਗਰ ਲਈ ਭੇਟਾ ਕੀਤਾ[2]।

ਮਹਾਰਾਜਾ ਸਾਹਿਬ ਨੇ ਇਸ ਸਮੇਂ ਹਰ ਇਕ ਪਤਵੰਤੇ ਮਹਿਮਾਨ ਦੇ ਹਾਥੀ ਪਰ ਰੁਪਿਆਂ ਦੀਆਂ ਭਾਰੀਆਂ ਥੈਲੀਆਂ ਦੇ ਮੂੰਹ ਖੁਲ੍ਹਵਾ ਕੇ ਰਖਵਾ ਦਿੱਤੀਆਂ, ਤਾਂ ਜੋ ਰਸਤੇ ਜਾਂਦਿਆਂ ਅਨਾਥ ਤੇ ਮੰਗਤਿਆਂ ਨੂੰ ਵੰਡੀਆਂ ਜਾਣ। ਸਰ ਹੈਨਰੀ ਫੈਨ ਤੇ ਮਹਾਰਾਜਾ ਇਕੋ ਹਾਥੀ ਦੇ ਹੌਦੇ ਵਿਚ ਬੈਠੇ ਸਨ। ਇਸ ਸਮੇਂ ਦਰਿਆ ਦਿਲ ਮਹਾਰਾਜਾ ਦੋਹਾਂ ਹੱਥਾਂ ਨਾਲ ਰੁਪਏ ਤੇ ਮੋਹਰਾਂ

1. ਇਸ ਵਿਆਹ ਦਾ ਸਵਿਸਥਾਰ ਹਾਲ ਪੜ੍ਹਨਾ ਹੋਵੇ ਤਾਂ ਮੇਰੀ ਲਿਖਤ ਪੁਸਤਕ "ਜੀਵਨ ਬ੍ਰਿਤਾਂਤ ਮਹਾਰਾਜਾ ਰਣਜੀਤ ਸਿੰਘ" ਪੜ੍ਹੋ।
2. ਹਿਸਟਰੀ ਆਫ਼ ਦੀ ਪੰਜਾਬ-ਸੱਯਦ ਮੁਹੰਮਦ ਲਤੀਫ਼, ਸਫ਼ਾ ੪੭੭।

ਉਡਾਈ ਜਾਂਦਾ ਸੀ। ਅਟਾਰੀ ਪਹੁੰਚਣ ਤਕ ਕਈ ਲੱਖ ਰੁਪਿਆ ਇਸ ਤਰ੍ਹਾਂ ਉਡਾਇਆ ਗਿਆ। ਜਦ ਇਹ ਭਾਰੀ ਜਲੂਸ ਅਟਾਰੀ ਪਹੁੰਚਿਆ ਤਾਂ ਅੱਗੋਂ ਬਹਾਦਰ ਸ੍ਰ. ਸ਼ਾਮ ਸਿੰਘ ਜੀ ਨੇ ਸਣੇ ਆਪਣੇ ਸੰਬੰਧੀਆਂ ਦੇ ਬੜੇ ਸਤਿਕਾਰ ਨਾਲ ਇਨ੍ਹਾਂ ਦੀ ਅਗਵਾਈ ਕੀਤੀ ਤੇ ੧੦੧ ਮੋਹਰਾਂ, ਪੰਜ ਘੋੜੇ ਸਜੇ ਸਜਾਏ ਇਸ ਸਮੇਂ ਮਹਾਰਾਜੇ ਦੇ ਪੇਸ਼ ਕੀਤੇ। ਇਸੇ ਤਰ੍ਹਾਂ ਹਰ ਇਕ ਸ਼ਹਿਜ਼ਾਦੇ ਤੇ ਪਤਵੰਤੇ ਜਾਂਞੀਆਂ ਨੂੰ ਮਿਲਣੀ ਦੇ ਨਜ਼ਰਾਨੇ ਦਿੱਤੇ। ਇਨ੍ਹਾਂ ਦੇ ਉਤਾਰੇ ਲਈ ਨਿਵਾਸ ਅਸਥਾਨ ਬੜੀ ਸ਼ਾਨ-ਸ਼ੌਕਤ ਨਾਲ ਸਜਾਇਆ ਗਿਆ ਸੀ। ਰਾਤ ਨੂੰ ਬੜੀ ਭਾਰੀ ਦੀਪਮਾਲਾ ਕੀਤੀ ਗਈ। ਇਸ ਸਮੇਂ ਸਰ ਹੈਨਰੀ ਫੈਨ ਅਤੇ ਕੰਵਰ ਨੌਨਿਹਾਲ ਸਿੰਘ ਮਹਾਰਾਜਾ ਸਾਹਿਬ ਦੇ ਸੱਜੇ-ਖੱਬੇ ਬੈਠੇ ਸਨ। ਅਗਲੇ ਦਿਨ ਭਾਰੀ ਘੋਲ ਹੋਏ। ਹਾਥੀਆਂ ਦੀ ਲੜਾਈ, ਨੇਜ਼ੇ ਬਾਜ਼ੀ, ਸ਼ਮਸ਼ੇਰ ਜ਼ਨੀ ਆਦਿ ਜਵਾਂ ਮਰਦੀ ਦੇ ਕਰਤਬ ਹੋਏ, ਵੀਹ ਲੱਖ ਰੁਪਿਆ ਮੰਗਤਿਆਂ ਨੂੰ ਦਾਨ ਦਿੱਤਾ ਗਿਆ। ਕੁਲ ਖ਼ਾਲਸਾ ਫ਼ੌਜਾਂ ਨੂੰ ਇਕ-ਇਕ ਪੱਗ ਤੇ ਇਕ-ਇਕ ਥਾਲ ਮਠਿਆਈ ਦਾ ਦਿੱਤਾ ਗਿਆ। ਫ਼ੌਜੀ ਸਰਦਾਰਾਂ ਨੂੰ ਭਾਰੀ ਸਿਰੋਪੇ ਬਖ਼ਸ਼ੇ ਗਏ।

ਸਰਦਾਰ ਸ਼ਾਮ ਸਿੰਘ ਨੇ ਆਪਣੀ ਸਪੁੱਤਰੀ ਨੂੰ ਇਹ ਕੁਝ ਦਾਜ ਦਿੱਤਾ :— ੧੧ ਹਾਥੀ, ੧੦੦ ਘੋੜੇ, ੧੦੦ ਊਂਠ, ੧੦੧ ਲਵੇਰੀਆਂ ਗਊਆਂ, ੧੦੧ ਮਹੀਆਂ, ੫੦੦ ਕਸ਼ਮੀਰੀ ਸ਼ਾਲਾਂ ਅਤੇ ਬਹੁਤ ਬੜੇ ਮੁੱਲ ਦੇ ਜੁਵੈਹਿਰਾਤ ਸਨ। ਇਨ੍ਹਾਂ ਤੋਂ ਛੁੱਟ ਕੀਮ-ਖੁਵਾਬ ਤੇ ਸੋਨੇ ਚਾਂਦੀ ਦੇ ਬਰਤਨਾਂ ਦੀ ਤਾਂ ਕੋਈ ਗਿਣਤੀ ਹੀ ਨਹੀਂ ਸੀ[1] ਇਸ ਸ਼ਾਦੀ 'ਤੇ ਸਰਦਾਰ ਸ਼ਾਮ ਸਿੰਘ ਜੀ ਦਾ ੧੦ ਲੱਖ ਰੁਪਿਆ ਖ਼ਰਚ ਹੋਇਆ[2]।

1. ਜੀਵਨ ਬ੍ਰਿਤਾਂਤ ਮਹਾਰਾਜਾ ਰਣਜੀਤ ਸਿੰਘ-ਰਚਿਤ ਬਾ: ਪ੍ਰੇਮ ਸਿੰਘ, ਪੰਨਾ ੨੯੨।
2. ਸਰ ਲੈਪਲ ਗ੍ਰਿਫਨ—ਪੰਜਾਬ ਚੀਫ਼ਸ, ਪੰਨਾ ੨੪੨।

ਸ਼ਹਿਜ਼ਾਦਾ ਨੌਨਿਹਾਲ ਸਿੰਘ ਦੀ ਕਾਬੁਲ ਪੁਰ ਚੜ੍ਹਾਈ

ਲਾਰਡ ਆਕਲੈਂਡ ਗਵਰਨਰ ਜਨਰਲ ਦੇ ਸਮੇਂ (੧੮੩੬-੪੨) ਅੰਗਰੇਜ਼ਾਂ ਨੂੰ ਰੂਸ ਤੋਂ ਬਹੁਤ ਸਾਰਾ (ਖ਼ਿਆਲੀ) ਡਰ ਪੈਦਾ ਹੋ ਗਿਆ, ਕਿਉਂਕਿ ਰੂਸ ਦਿਨੋਂ-ਦਿਨ ਆਪਣਾ ਰਸੂਖ਼ ਈਰਾਨ ਤੇ ਅਫ਼ਗਾਨਿਸਤਾਨ ਵਿਚ ਵਧਾ ਰਿਹਾ ਸੀ। ਅੰਗਰੇਜ਼ ਚਾਹੁੰਦੇ ਸਨ ਕਿ ਇਸ ਸਮੇਂ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਆਪਣਾ ਮਿੱਤਰ ਬਣਾ ਲਿਆ ਜਾਏ। ਸੋ ਇਸ ਮੰਤਵ ਨੂੰ ਪੂਰਾ ਕਰਨ ਲਈਂ ਸਤੰਬਰ ੧੮੩੭ ਵਿਚ ਕਪਤਾਨ ਬਾਰਨਸ[1] ਸਫ਼ੀਰ ਬਣਾ ਕੇ ਕਾਬਲ ਭੇਜਿਆ ਗਿਆ, ਪਰ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਇਸ ਸਮੇਂ ਅੰਗਰੇਜ਼ਾਂ ਨੂੰ ਲੋੜ ਵਿਚ ਫਾਥਾ ਵੇਖ ਕੇ ਕਈ ਅਯੋਗ ਮੰਗਾਂ ਮੰਗੀਆਂ, ਜਿਨ੍ਹਾਂ ਦਾ ਪੂਰਾ ਕਰਨਾ ਅਸੰਭਵ ਸੀ। ਦੂਜਾ ਇਸ ਸਮੇਂ (੧੯ ਦਸੰਬਰ ੧੮੩੭) ਨੂੰ ਰੂਸ ਦਾ ਸਫ਼ੀਰ ਕਾਸਕ ਅਫ਼ਸਰ ਕਪਤਾਨ ਵਨਕੂਵਿਚ (Vincovich) ਵੀ ਕਾਬਲ ਪਹੁੰਚ ਗਿਆ। ਇਧਰ ਕਪਤਾਨ ਬਾਰਨਸ ਦੀ ਗੱਲਬਾਤ ਤੋਂ ਅਮੀਰ ਨੂੰ ਪਤਾ ਲੱਗ ਗਿਆ ਕਿ ਅੰਗਰੇਜ਼ਾਂ ਤੋਂ ਮੇਰੀ ਮੰਗ ਨਹੀਂ ਪੂਰੀ ਹੋਣੀ। ਰੂਸ ਦੇ ਸਫ਼ੀਰ ਨੇ ਆਉਂਦਿਆਂ ਹੀ ਇਸ ਦੇ ਸਾਹਮਣੇ ਇਸ ਦੀ ਇੱਛਾ ਅਨੁਸਾਰ ਹਾਂ ਵਿੱਚ ਹਾਂ ਮਿਲਾਉਣੀ ਸ਼ੁਰੂ ਕਰ ਦਿੱਤੀ ਜਿਸ ਕਰਕੇ ਸੁਭਾਵਕ ਹੀ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਰੂਸੀ ਸਫ਼ੀਰ ਦੀ ਆਓ ਭਗਤ ਵੱਲ ਵਧੇਰਾ ਧਿਆਨ ਦੇਣਾ ਪਿਆ ਅਤੇ ਇਕ ਆਮ ਦਰਬਾਰ ਵਿਚ ਰੂਸੀਆਂ ਦੀ ਮਹਿਮਾ ਕੀਤੀ ਜਿਸ ਕਰਕੇ ਅੰਗਰੇਜ਼ੀ ਸਫ਼ੀਰ ਨੂੰ ਅਮੀਰ 'ਤੇ ਕੋਈ ਭਰੋਸਾ ਨਾ ਰਿਹਾ ਤੇ ਨਾਕਾਮਯਾਬ ਵਾਪਸ ਪਰਤ ਆਇਆ।

ਅੰਗਰੇਜ਼ੀ ਸਫ਼ੀਰ ਦੇ ਸ਼ਿਮਲੇ ਪਹੁੰਚਣ 'ਤੇ ਗਵਰਨਰ ਜਨਰਲ ਤੇ

1. ਜੋ ਪਿਛੋਂ ਸਰ ਅਲੈਗਜ਼ਾਂਡਰ ਬਾਰਨਸ ਦੇ ਨਾਮ 'ਤੇ ਪ੍ਰਸਿੱਧ ਹੋਇਆ।

ਕੌਂਸਲ ਵਲੋਂ ਇਹ ਤਦਬੀਰ ਸੋਚੀ ਗਈ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਨਾਲ ਮਿਲਾਕੇ ਕਾਬਲ 'ਤੇ ਚੜ੍ਹਾਈ ਕੀਤੀ ਜਾਏ[1] ਅਤੇ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਅਫ਼ਗਾਨਿਸਤਾਨ ਦੀ ਹਕੂਮਤ ਤੋਂ ਹਟਾ ਕੇ ਸ਼ਾਹ ਸ਼ੁਜਾਉਲ ਮੁਲਕ ਨੂੰ, ਜੋ ਪਹਿਲਾਂ ਮਹਾਰਾਜੇ ਦਾ ਮੁਆਜ਼ਬਖੋਰ ਸੀ ਤੇ ਇਸ ਸਮੇਂ ਅੰਗਰੇਜ਼ਾਂ ਕੋਲ ਲੁਧਿਆਣੇ ਵਿਚ ਪਨਾਹ-ਗੀਰ ਸੀ, ਕਾਬਲ ਦੇ ਤਖ਼ਤ 'ਤੇ ਬਿਠਾਇਆ ਜਾਏ।

ਇਸ ਮਾਮਲੇ ਸੰਬੰਧੀ ਵਿਚਾਰ ਕਰਨ ਲਈ ਪਹਿਲਾਂ ੨੯ ਮਈ ਸੰਨ ੧੮੩੮ ਨੂੰ ਅੰਗਰੇਜ਼ਾਂ ਵੱਲੋਂ ਇਕ ਸਿਫ਼ਾਰਤ ਮਿਸਟਰ ਮਿਗਨਾਟਨ ਦੀ ਸਰਦਾਰੀ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਦੀਨਾ ਨਗਰ ਆ ਕੇ ਮਿਲੀ ਜੋ ਇਤਿਹਾਸ ਵਿਚ ਮਿਗਨਾਟਨ ਦੀ ਸਿਫਾਰਤ ਦੇ ਨਾਮ 'ਤੇ ਪ੍ਰਸਿੱਧ ਹੈ। ਵਿਚਾਰ ਦਾ ਫ਼ੈਸਲਾ ੧੩ ਜੂਨ ੧੮੩੮ ਨੂੰ ਮਹਾਰਾਜਾ ਸਾਹਿਬ ਨੇ ਆਪਣੇ ਜ਼ਿੰਮੇਵਾਰ ਦਰਬਾਰੀਆਂ ਦੀ ਰਾਏ ਨਾਲ ਇਕ ਵੱਡੇ ਦਰਬਾਰ ਵਿਚ ਇਹ ਕੀਤਾ ਕਿ ਅਫ਼ਗਾਨਿਸਤਾਨ 'ਤੇ ਚੜ੍ਹਾਈ ਕਰਕੇ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਕਾਬਲ ਦੇ ਤਖ਼ਤ ਤੋਂ ਉਤਾਰ ਦੇਣਾ ਰਾਜਨੀਤਕ ਨੁਕਤੇ ਤੋਂ ਰਾਜ ਲਈ ਲਾਭਦਾਇਕ ਹੈ। ਫ਼ੈਸਲਾ ਅੰਗਰੇਜ਼ੀ ਸਫ਼ੀਰ ਨੂੰ ਸੁਣਾਇਆ ਗਿਆ ਅਤੇ ਛੇਕੜ ਇਹ ਵਿਚਾਰ ਠਹਿਰੀ ਕਿ ੧੫੦੦੦ ਅੰਗਰੇਜ਼ੀ ਫ਼ੌਜ ਬਹਾਦਰ ਸ਼ਹਿਜ਼ਾਦਾ ਨੌਨਿਹਾਲ ਸਿੰਘ ਦੀ ਸੌਂਪਣੀ ਵਿਚ ਤਿਆਰ ਕੀਤੀ ਜਾਏ।

ਇਸ ਮੁਹਿੰਮ ਸੰਬੰਧੀ ਇਕ ਐਹਦਨਾਮਾ ਮਹਾਰਾਜਾ ਰਣਜੀਤ ਸਿੰਘ ਤੇ ਸਰਕਾਰ ਅੰਗਰੇਜ਼ੀ ਅਤੇ ਸ਼ਾਹ ਸ਼ੁਜਾਉਲ ਮੁਲਕ ਦੇ ਵਿਚਾਲੇ ੨੬ ਜੂਨ ਸੰਨ ੧੮੩੮ ਮੁਤਾਬਕ ੧੫ ਹਾੜ ਸੰਮਤ ੧੮੯੫ ਨੂੰ ਲਿਖਿਆ ਗਿਆ, ਜਿਸ ਦੀ ਨਕਲ ਇਹ ਹੈ :—

ਮੁਖਬੰਦ—ਕੁਝ ਸਮਾਂ ਹੋਇਆ ਕਿ ਇਕ ਐਹਦਨਾਮਾ ਮਹਾਰਾਜਾ ਰਣਜੀਤ ਸਿੰਘ ਤੇ ਸ਼ਾਹ ਸ਼ੁਜਾਉਲ ਮੁਲਕ ਦੇ ਵਿਚਾਲੇ ਲਿਖਿਆ ਗਿਆ ਸੀ ਜਿਸ ਵਿਚ ਅਠਾਰਾਂ ਸ਼ਰਤਾਂ ਸਣੇ ਮੁਖਬੰਦ ਤੇ ਅੰਤਕਾ ਦੇ ਦਰਜ ਸਨ। ਉਹ ਕਈ ਕਾਰਨਾਂ ਕਰਕੇ ਜਿਸ ਵਕਤ ਤਕ ਵਰਤੋਂ ਵਿਚ ਨਹੀਂ ਆ ਸਕਿਆ, ਹੁਣ ਰਾਈਟ ਆਨਰੇਬਲ ਜਾਰਜ ਲਾਰਡ ਆਕਲੈਂਡ ਜੀ.ਸੀ.ਬੀ.

---

1. ਸ਼ੇਕਤੋ ਅਫ਼ਗਾਨੀ।

ਗਵਰਨਰ ਜਨਰਲ ਹਿੰਦ ਮਿਸਟਰ ਡਬਲਯੂ. ਐਚ. ਮੈਕਨਾਟਨ ਨੂੰ ਪੂਰੇ ਅਧਿਕਾਰ ਦੇ ਕੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਭੇਜਿਆ ਹੈ ਕਿ ਉਸ ਪਹਿਲੇ ਮਿਤਰਾਨਾ ਐਹਦਨਾਮੇ ਵਿਚ ਹੋਰ ਯੋਗ ਵਾਧਾ ਘਾਟਾ ਕਰਕੇ ਉਸਨੂੰ ਮੁਕੰਮਲ ਕੀਤਾ ਜਾਏ। ਹੁਣ ਉਸ ਐਹਦਨਾਮੇ ਵਿਚ ਚਾਰ ਸ਼ਰਤਾਂ ਨਵੀਆਂ ਹੋਰ ਵਧਾਈਆਂ ਗਈਆਂ ਹਨ, ਜਿਨ੍ਹਾਂ ਨੂੰ ਤਿੰਨਾਂ ਸਰਕਾਰਾਂ, ਅੰਗਰੇਜ਼, ਮਹਾਰਾਜਾ ਰਣਜੀਤ ਸਿੰਘ ਤੇ ਸ਼ਾਹ ਸ਼ੁਜਾ ਪਰਵਾਨ ਕਰਦੇ ਹਨ ਤੇ ਇਨ੍ਹਾਂ ਅਠਾਰਾਂ ਸ਼ਰਤਾਂ ਨੂੰ ਤਿੰਨ ਧਿਰਾਂ ਹਿਤ ਚਿਤ ਕਰਕੇ ਵਰਤੋਂ ਵਿਚ ਲਿਆਵਣਗੀਆਂ, ਉਹ ਸ਼ਰਤਾਂ ਇਹ ਹਨ :—

ਸ਼ਰਤ ਪਹਿਲੀ

ਸ਼ਾਹ ਸ਼ੁਜਾਉਲ ਮੁਲਕ ਆਪਣੇ ਸਭ ਹਕੂਕ ਸਣੇ ਆਪਣੇ ਵਾਰਸਾਂ ਤੇ ਜਾਨਸ਼ੀਨਾਂ ਅਤੇ ਸਾਰੀ ਕੌਮ ਸਦੋਜ਼ਈ ਦੇ ਮਹਾਰਾਜਾ ਰਣਜੀਤ ਸਿੰਘ ਦੇ ਹੱਕ ਵਿਚ ਛੱਡਦਾ ਹੈ, ਜੋ ਉਨ੍ਹਾਂ ਨੂੰ ਹੇਠ ਲਿਖੇ ਇਲਾਕਿਆਂ 'ਤੇ ਪ੍ਰਾਪਤ ਸਨ, ਜੋ ਇਸ ਸਮੇਂ ਮਹਾਰਾਜਾ ਸਾਹਿਬ ਦੇ ਕਬਜ਼ੇ ਵਿਚ ਹਨ, ਜਿਨ੍ਹਾਂ ਦਾ ਵਿਸਥਾਰ ਇਸ ਤਰ੍ਹਾਂ ਹੈ : ਕਸ਼ਮੀਰ ਕੁਲ ਦਾ ਕੁਲ ਸਣੇ ਆਪਣਿਆਂ ਚਵ੍ਹਾਂ ਹਦਬੰਨਿਆਂ ਦੇ ਅਰਥਾਤ ਪੂਰਬ, ਪੱਛਮ, ਦੱਖਣ ਤੇ ਉਤਰ ਸਣੇ ਕਿਲ੍ਹਾ ਅਟਕ ਤੇ ਛਛ, ਹਜ਼ਾਰਾ ਤੇ ਖਬਲ, ਰਿਆਸਤ ਅੰਬ ਸਣੇ ਸੰਬੰਧਿਤ ਇਲਾਕਾ ਜਾਤ ਜੋ ਦਰਿਆ ਸਿੰਧ (ਅਟਕ) ਦੇ ਖਬੇ ਪਾਸੇ ਹਨ। ਇਸੇ ਦਰਿਆ ਦੇ ਸੱਜੇ ਪਾਸੇ ਦਾ ਮੁਲਕ ਪਿਸ਼ਾਵਰ, ਸਣੇ ਇਲਾਕਾ ਯੂਸਫਜ਼ਈ, ਖਟਕ, ਹਸ਼ਤ ਨਗਰ, ਮਿੱਚਨੀ ਤੇ ਕੁਹਾਟ, ਹੰਗੂ ਅਤੇ ਸਾਰੇ ਦਾ ਸਾਰਾ ਇਲਾਕਾ ਮੁਤੱਲਕਾ ਪਿਸ਼ਾਵਰ ਦੱਰਾ ਖ਼ੈਬਰ ਤੀਕ, ਬੰਨੂੰ ਵਜ਼ੀਰਸਤਾਨ, ਦੋਰ ਟਾਂਕ ਅਤੇ ਗੋਰੰਗ ਕਾਲਾ ਬਾਗ, ਤੇ ਖਸਾਲਗੜ ਸਣੇ ਇਲਾਕਿਆਂ ਦੇ ਡੇਹਰਾ ਇਸਮਾਇਲ ਖ਼ਾਨ, ਸਣੇ ਇਲਾਕਾ ਕੋਟ ਮਿਠਨ ਤੇ ਅਮਰਕੋਟ ਸਣੇ ਇਲਾਕਾ ਸੰਗਰ, ਹੋਰੰਨਡ, ਦਾਜਲ ਹਾਜੀਪੁਰ, ਰਾਜਨਪੁਰ ਤਿੰਨੇ ਕਛੀਆਂ ਤੇ ਮਨਕੇਰਾ ਸਣੇ ਸੂਬਾ ਮੁਲਤਾਨ ਜੋ ਦਰਿਆ ਦੇ ਖੱਬੇ ਬੰਨੇ ਹੈ, ਇਹ ਮਹਾਰਾਜਾ ਸਾਹਿਬ ਦੀ ਮਾਲਕੀਅਤ ਅਤੇ ਉਨ੍ਹਾਂ ਦੇ ਮੁਲਕ (ਪੰਜਾਬ) ਨਾਲ ਸੰਮਿਲਤ ਰਹਿਣਗੇ। ਬਾਦਸ਼ਾਹ (ਸ਼ਾਹ ਸ਼ੁਜਾਉਲ ਮੁਲਕ) ਨੂੰ ਕੁਝ ਸਰਕਾਰ ਤੇ ਵਾਸਤਾ ਇਨ੍ਹਾਂ

ਉਪਰ ਲਿਖੇ ਮੁਲਖਾਂ ਦਾ ਨਾ ਹੁਣ ਹੈ ਅਤੇ ਨਾ ਅੱਗੇ ਨੂੰ ਕਦੇ ਰਹੇਗਾ। ਇਹ ਮਹਾਰਾਜਾ ਅਤੇ ਉਸਦੇ ਵਾਰਸਾਂ ਦੇ ਪੁਸ਼ਤ-ਦਰ-ਪੁਸ਼ਤ ਮਲਕੀਅਤ ਹੋਣਗੇ।

ਸ਼ਰਤ ਦੂਜੀ

ਜੋ ਕੌਮਾਂ ਦੱਰਾ ਖ਼ੈਬਰ ਦੇ ਬੰਨੇ ਰਹਿੰਦੀਆਂ ਹੁਨ ਉਹ ਕਿਸੇ ਤਰ੍ਹਾਂ ਦਾ ਕੋਈ ਫ਼ਸਾਦ ਯਾ ਸ਼ੋਰ-ਸ਼ਰ ਯਾ ਡਕੈਤੀ ਆਦਿ ਮਹਾਰਾਜਾ ਦੇ ਕਦੇ ਇਲਾਕੇ ਵਿਚ ਨਹੀਂ ਕਰਨਗੇ, ਜੇ ਕੋਈ ਅਪਰਾਧੀ ਜਾਂ ਬਾਕੀਦਾਰ ਕਿਸੇ ਸਰਕਾਰ ਦੇ ਇਲਾਕੇ ਵਿਚ ਪਨਾਹ-ਗੀਰ ਹੋਵੇਗਾ ਤਾਂ ਹਰ ਇਕ ਧਿਰ ਇਹ ਬਚਨ (ਵਾਹਿਦਾ) ਕਰਦੇ ਹਨ ਕਿ ਉਸ ਆਦਮੀ ਨੂੰ ਦੂਜੇ ਦੇ ਹਵਾਲੇ ਕੀਤਾ ਜਾਇਆ ਕਰੇਗਾ। ਉਹ ਚਸ਼ਮਾ (ਨਦੀ) ਜਿਹੜਾ ਦੱਰਾ ਖ਼ੈਬਰ ਵਿਚੋਂ ਨਿਕਲ ਕੇ ਕਿਲ੍ਹਾ ਫ਼ਤੇਗੜ੍ਹ (ਜਮਰੌਦ) ਨੂੰ ਪਾਣੀ ਪਹੁੰਚਾਉਂਦਾ ਹੈ, ਹੁਣ ਦੀ ਤਰ੍ਹਾਂ ਸਦਾ ਜਾਰੀ ਰਹੇਗਾ, ਇਸ ਨੂੰ ਬੰਦ ਕਰਨ ਦਾ ਕਿਸੇ ਨੂੰ ਵੀ ਹੱਕ ਨਹੀਂ ਹੋਵੇਗਾ।

ਸ਼ਰਤੇ ਤੀਜੀ

ਜਿਸ ਤਰ੍ਹਾਂ ਮਹਾਰਾਜਾ ਅਤੇ ਅੰਗਰੇਜ਼ਾਂ ਦੇ ਵਿਚਾਲੇ ਐਹਦਨਾਮੇ ਦੁਆਰਾ ਇਹ ਸ਼ਰਤ ਪ੍ਰਚਲਤ ਹੈ ਕਿ ਬਿਨਾਂ ਪ੍ਰਵਾਨਾ ਰਾਹਦਾਰੀ ਕੋਈ ਸ਼ਖਸ ਦਰਿਆ ਸਤਲੁਜ ਤੋਂ ਆ ਜਾ ਨਹੀਂ ਸਕਦਾ, ਇਸੇ ਤਰ੍ਹਾਂ ਦਰਿਆ ਸਿੰਧ ’ਤੇ ਵੀ ਜਿਥੇ ਇਹ ਦਰਿਆ ਸਤਲੁਜ ਨਾਲ ਮਿਲਦਾ ਹੈ ਉਹੀ ਸ਼ਰਤ ਪਰਵਾਨ ਕੀਤੀ ਜਾਂਦੀ ਹੈ, ਅਰਥਾਤ ਕੋਈ ਸ਼ਖਸ ਬਿਨਾਂ ਮਹਾਰਾਜਾ ਦੀ ਰਾਹਦਾਰੀ ਦੇ ਦਰਿਆ ਸਿੰਧ ਤੋਂ ਪਾਰ ਨਹੀਂ ਜਾ ਸਕੇਗਾ।

ਸ਼ਰਤ ਚੌਥੀ

ਇਲਾਕਾ ਸਿੰਧ ਸ਼ਿਕਾਰ ਪੁਰ ਬਾਬਤ ਜੋ ਦਰਿਆ ਸਿੰਧ ਦੇ ਸੱਜੇ ਪਾਸੇ ਹੈ, ਬਾਦਸ਼ਾਹ ਉਸ ਫੈਸਲੇ ਦੇ ਅਨੁਸਾਰ ਰਹੇਗਾ ਜੋ ਇਸ ਇਲਾਕੇ ਦਾ ਕਪਤਾਨ ਵੈਡ ਅੰਗਰੇਜ਼ਾਂ ਵੱਲੋਂ ਤੇ ਮਹਾਰਾਜਾ ਆਪ ਫੈਸਲਾ ਕਰਨਗੇ।

ਸ਼ਰਤ ਪੰਜਵੀਂ

ਜਦੋਂ ਸ਼ਾਹ ਆਪਣੀ ਹਕੂਮਤ ਕਾਬਲ ਤੇ ਕੰਧਾਰ ਵਿਚ ਕਾਇਮ ਕਰ ਲਏਗਾ ਤਦ ਤੋਂ ਉਹ ਮਹਾਰਾਜਾ ਸਾਹਿਬ ਨੂੰ ਹੇਠ ਲਿਖੀਆਂ ਵਸਤਾਂ

ਹਰ ਸਾਲ ਪਹੁੰਚਾਇਆ ਕਰੇਗਾ। ੫੫ ਰਾਸ ਘੋੜੇ ਵਧੀਆ ਨਸਲ ਦੇ ਖ਼ਾਸ ਰੰਗ ਰਾਹਦਰ, ੧੧ ਈਰਾਨੀ ਜੜਤੂ ਤਲਵਾਰਾਂ, ਸਤ ਵਧੀਆ ਖੰਜਰਾਂ, ਪੰਝੀ ਵਧੀਆ ਖਚਰਾਂ, ਕਾਬਲੀ ਭਾਂਤ-ਭਾਂਤ ਦੇ ਫਲ, ਤਾਜ਼ੇ ਅਤੇ ਸੁੱਕੇ, ਮਿੱਠੇ ਸਰਦੇ ਤੇ ਸੁਆਦਲੇ ਤਰਬੂਜ਼, ਦਰਿਆ ਕਾਬਲ ਦੇ ਰਸਤੇ ਸ਼ਾਹ ਪਿਸ਼ਾਵਰ ਭਿਜਵਾਇਆ ਕਰੇਗਾ। ਅੰਗੂਰ, ਅਨਾਰ, ਸੇਬ, ਹਿੰਗ, ਬਦਾਮ, ਕਿਸ਼ਮਿਸ਼ (ਸਾਵਗੀ) ਪਿਸਤਾ, ਇਹ ਫੱਲ਼ ਭਾਰੀ ਮਿਕਦਾਰ ਵਿਚ[1] ਸਾਰਾ ਸਾਲ ਲਗਾਤਾਰ ਭੇਜਦਾ ਰਿਹਾ ਕਰੇਗਾ। ੧੦੧ ਥਾਨ ਸਾਟਨ ਹਰ ਇਕ ਰੰਗ ਦੀ, ਚੁਗ (ਰੂਮੀਆ) ਸਮੂਰੀ, ਕੀਮ ਖ਼ੁਵਾਬ ਸਨੈਹਿਰੀ ਤੇ ਨਕਬੀ ਕਾਲੀਨ ਈਰਾਨੀ, ਇਹ ਸਾਰੀਆਂ ਵਸਤਾਂ ਹਰ ਸਾਲ ਸ਼ਾਹ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਭੇਜਦਾ ਰਹੇਗਾ।

ਸ਼ਰਤ ਛੇਵੀਂ

ਚਿੱਠੀ ਪੱਤਰ ਲਿਖਣ ਸਮੇਂ ਦੋਵੇਂ ਸਰਕਾਰਾਂ ਇਕੋ ਜਿਹੇ ਸਤਿਕਾਰ ਨਾਲ ਇਕ-ਦੂਜੇ ਨੂੰ ਲਿਖਿਆ ਕਰਨਗੀਆਂ।

ਸ਼ਰਤ ਸੱਤਵੀਂ

ਅਫ਼ਗਾਨਿਸਤਾਨ ਦੇ ਸੌਦਾਗਰ ਲਾਹੌਰ ਅੰਮ੍ਰਿਤਸਰ ਜਾਂ ਸਰਕਾਰ ਖ਼ਾਲਸਾ ਦੇ ਦੇਸ਼ ਵਿਚ ਕਿਸੇ ਹੋਰ ਸ਼ਹਿਰ ਵਿਚ ਵਪਾਰ ਲਈ ਜਾਣਗੇ ਤਾਂ ਮਹਾਰਾਜਾ ਸਾਹਿਬ ਉਨ੍ਹਾਂ ਦੀ ਜਾਨ ਤੇ ਮਾਲ ਦੀ ਰੱਖਿਆ ਦਾ ਪ੍ਰਬੰਧ ਕਰਨਗੇ ਅਤੇ ਇਸੇ ਤਰ੍ਹਾਂ ਪੰਜਾਬ ਦੇ ਵਪਾਰੀਆਂ ਦੀ ਹਿਫ਼ਾਜ਼ਤ ਅਫ਼ਗਾਨਿਸਤਾਨ ਵਿਚ ਕਰਨ ਦੇ ਸ਼ਾਹ ਜ਼ਿੰਮੇਵਾਰ ਹੋਣਗੇ।

ਸ਼ਰਤ ਅੱਠਵੀਂ

ਮਹਾਰਾਜਾ ਸਾਹਿਬ ਮਿੱਤਰਤਾ ਦੇ ਭਾਵ ਨੂੰ ਮੁੱਖ ਰੱਖ ਕੇ ਹੇਠ ਲਿਖੀਆਂ ਵਸਤਾਂ ਸ਼ਾਹ ਨੂੰ ਭਿਜਵਾਇਆ ਕਰਨਗੇ—ਪੰਝੀ ਸ਼ਾਲਾਂ, ਪੰਝੀ ਥਾਨ ਮਲਮਲ ੧੧ ਦੁਪੱਟੇ, ੫ ਕੀਮਖੁਆਬ, ੫ ਰੁਮਾਲ, ੫ ਪੱਗਾਂ ਦਾ

1. ਅਸਲ ਐਹਦਨਾਮੇ ਵਿਚ ਲਫ਼ਜ਼ ਅੰਬਾਰ ਦਰ ਅੰਬਾਰ ਲਿਖਿਆ ਹੈ।

ਕਪੜਾ, ਪੰਝੀ ਭਾਰ ਬਾੜੇ ਦੇ ਚਾਵਲ (ਜੋ ਪਿਸ਼ਾਵਰ ਦੇ ਲਾਗੇ ਪੈਦਾ ਹੁੰਦੇ ਹਨ)।

ਸ਼ਰਤੀ ਨੌਵੀਂ

ਮਹਾਰਾਜਾ ਸਾਹਿਬ ਦਾ ਕੋਈ ਕਰਮਚਾਰੀ ਘੋੜੇ ਆਦਿ ਖ਼ਰੀਦਣ ਜਾਂ ਕਿਸੇ ਹੋਰ ਕੰਮ ਲਈ ਅਫ਼ਗਾਨਿਸਤਾਨ ਜਾਣ ਜਾਂ ਸ਼ਾਹ ਦੇ ਨੌਕਰ ਸ਼ਾਲਾਂ, ਬਜ਼ਾਜ਼ੀ ਆਦਿ ਖ਼ਰੀਦਣ ਲਈ ਪੰਜਾਬ ਜਾਣ ਤੇ ਉਹ ਖ਼ਰੀਦ ੧੧੦੦੦ ਰੁਪਏ ਤੋਂ ਘੱਟ ਨਾ ਹੋਵੇ ਤਾਂ ਦੋਵੇਂ ਧਿਰਾਂ ਐਸੇ ਸੌਦਾਗਰਾਂ ਲਈ ਸਹੂਲਤਾਂ ਪੈਦਾ ਕਰਨਗੇ।

ਸ਼ਰਤ ਦਸਵੀਂ

ਜਦ ਦੋਹਾਂ ਸਰਕਾਰਾਂ ਦੀਆਂ ਫੌਜਾਂ ਨੂੰ ਮਿਲ ਕੇ ਕੂਚ ਕਰਨ ਦਾ ਸਮਾਂ ਮਿਲੇ ਤਾਂ ਗਊ ਹੱਤਿਆ ਕਰਨੀ ਮਨ੍ਹਾ ਹੋਵੇਗੀ।

ਸ਼ਰਤ ਯਾਰ੍ਹਵੀਂ

ਜਦ ਸ਼ਾਹ ਫੌਜੀ ਸਹਾਇਤਾ ਮਹਾਰਾਜਾ ਸਾਹਿਬ ਤੋਂ ਲਏ ਤਾਂ ਬਾਰਕਜ਼ਈਆਂ ਦੀ ਲੁੱਟ ਦਾ ਜਿੰਨਾਂ ਸਾਮਾਨ ਜੁਵਾਹਰਾਤ, ਘੋੜੇ, ਹਥਿਆਰ ਆਦਿਕ ਛੋਟੇ-ਵੱਡੇ ਕਿਸਮ ਦੇ ਸ਼ਾਹ ਦੇ ਹੱਥ ਲੱਗਣ, ਉਹ ਦੋਵੇਂ ਸਰਕਾਰਾਂ ਬਰਾਬਰ-ਬਰਾਬਰ ਭਾਗ ਆਪਸ ਵਿਚ ਵੰਡ ਲਿਆ ਕਰਨਗੀਆਂ, ਪਰ ਜੇ ਕੋਈ ਬਿਨਾਂ ਮਹਾਰਾਜੇ ਦੀ ਫ਼ੌਜੀ ਸਹਾਇਤਾ ਦੇ ਸ਼ਾਹ ਨੂੰ ਵੈਰੀਆਂ ਦਾ ਮਾਲ ਧਨ ਮਿਲੇ ਤਾਂ ਸ਼ਾਹ ਇਕਰਾਰ ਕਰਦਾ ਹੈ ਕਿ ਉਸ ਦਾ ਤੀਜਾ ਭਾਗ ਆਪਣੇ ਕਰਮਚਾਰੀਆਂ ਦੀ ਰਾਹੀਂ ਮਹਾਰਾਜਾ ਸਾਹਿਬ ਨੂੰ ਮਿੱਤਰਤਾ ਦੇ ਭਾਵ ਲਈ ਭੇਜਿਆ ਕਰੇਗਾ।

ਸ਼ਰਤ ਬਾਰ੍ਹਵੀਂ

ਦੋਹਾਂ ਸਰਕਾਰਾਂ ਵਿਚ ਚਿੱਠੀ-ਪੱਤਰ ਜਾਰੀ ਰਹੇਗਾ।

ਸ਼ਰਤ ਤੇਰ੍ਹਵੀਂ

ਜੇ ਕਦੇ ਮਹਾਰਾਜਾ ਨੂੰ ਸ਼ਾਹ ਦੀ ਲੋੜ ਪਏ ਤਾਂ ਸ਼ਾਹ ਇਕਰਾਰ ਕਰਦਾ ਹੈ ਕਿ ਉਹ ਆਪਣੀ ਫ਼ੌਜ ਜ਼ਿੰਮੇਵਾਰ ਅਫ਼ਸਰਾਂ ਦੀ ਤਹਿਤ ਵਿਚ

ਭੇਜਣਗੇ। ਇਸੇ ਤਰ੍ਹਾਂ ਮਹਾਰਾਜਾ ਸਾਹਿਬ ਦੀ ਲੋੜ ਦੇ ਸਮੇਂ ਸ਼ਾਹ ਨੂੰ ਆਪਣੀ ਮੁਸਲਮਾਨਾਂ ਦੀ ਫ਼ੌਜ ਦੁਆਰਾ ਮਦਦ ਕਰਨਗੇ ਜੋ ਇਕ ਪਤਵੰਤੇ ਅਫ਼ਸਰ ਦੀ ਸਰਦਾਰੀ ਵਿਚ ਹੋਵੇਗੀ ਤੇ ਇਹ ਕਾਬਲ ਤੱਕ ਭੇਜੀ ਜਾਵੇਗੀ। ਜਦੋਂ ਵੀ ਮਹਾਰਾਜਾ ਸਾਹਿਬ ਪਿਸ਼ਾਵਰ ਆਉਣਗੇ ਤਾਂ ਸ਼ਾਹ ਇਕ ਸ਼ਹਿਜ਼ਾਦੇ ਨੂੰ ਮਹਾਰਾਜ ਸਾਹਿਬ ਦੀ ਸੇਵਾ ਵਿਚ ਮੁਲਾਕਾਤ ਲਈ ਭੇਜਿਆ ਕਰਨਗੇ, ਮਹਾਰਾਜਾ ਉਸ ਦਾ ਆਦਰ ਉਸਦੇ ਦਰਜੇ ਅਨੁਸਾਰ ਕਰਨਗੇ।

ਸ਼ਰਤ ਚੌਧਵੀਂ

ਵੈਰੀ ਤੇ ਮਿੱਤਰ ਤਿੰਨਾਂ ਸਰਕਾਰਾਂ ਦੇ ਅਰਥਾਤ ਅੰਗਰੇਜ਼ਾਂ, ਮਹਾਰਾਜਾ ਰਣਜੀਤ ਸਿੰਘ ਤੇ ਸ਼ਾਹ ਸੁਜਾਉਲ ਮੁਲਕ ਦੇ ਮਿੱਤਰ ਮਿੱਤਰ ਤੇ ਵੈਰੀ ਵੈਰੀ ਸਮਝੇ ਜਾਣਗੇ।

ਸ਼ਰਤ ਪੰਦਰ੍ਹਵੀਂ

ਸ਼ਾਹ ਸ਼ੁਜਾਉਲ ਮੁਲਕ ਇਕਰਾਰ ਕਰਦਾ ਹੈ ਕਿ ਜਿਸ ਵਕਤ ਉਸਦਾ ਮੰਤਵ ਪੂਰਾ ਹੋ ਜਾਏਗਾ ਤਾਂ ਉਹ ਬਿਨਾਂ ਹੀਲੇ[1] ਦੋ ਲੱਖ ਰੁਪਿਆ ਨਾਨਕ ਸ਼ਾਹੀ ਉਸ ਦਿਨ ਤੋਂ ਮਹਾਰਾਜ ਨੂੰ ਦੇਣਗੇ ਜਿਸ ਦਿਨ ਤੋਂ ਖ਼ਾਲਸਾ ਫ਼ੌਜ ਮੁੜ ਹਕੂਮਤ ਦਿਵਾਉਣ ਲਈ ਕਾਬਲ ਵੱਲ ਰਵਾਨਾ ਹੋਈ ਹੈ, ਅਤੇ ਮਹਾਰਾਜਾ ਵਲੋਂ ੫੦੦੦ ਫ਼ੌਜ ਮੁਸਲਮਾਨੀ ਸਵਾਰ ਤੇ ਪੈਦਲ, ਪਿਸ਼ਾਵਰ ਦੇ ਇਲਾਕੇ ਵਿਚ ਰਹੇਗੀ, ਜਿਥੇ ਸ਼ਾਹ ਦੀ ਸਹਾਇਤਾ ਲਈ ਇਸਦੀ ਲੋੜ ਪਏਗੀ। ਸਰਕਾਰ ਅੰਗਰੇਜ਼ੀ ਤੇ ਮਹਾਰਾਜਾ ਸਾਹਿਬ ਦੀ ਸਲਾਹ ਨਾਲ ਉਥੇ ਇਹ ਫ਼ੌਜ ਰਖੀ ਜਾਏਗੀ ਅਤੇ ਜਦ ਕੋਈ ਭਾਰੀ ਘਟਨਾ ਪੱਛਮ ਦੇ ਇਲਾਕੇ ਵਿਚ ਹੋਵੇ ਤਾਂ ਇਸ ਦਾ ਉਪਾਅ ਸਰਕਾਰ ਅੰਗਰੇਜ਼ੀ ਤੇ ਮਹਾਰਾਜਾ ਸਾਹਿਬ ਦੀ ਮਰਜ਼ੀ ਅਨੁਸਾਰ ਕੀਤਾ ਜਾਏਗਾ। ਜੇ ਕਦੇ ਮਹਾਰਾਜਾ ਨੂੰ ਸ਼ਾਹ ਦੀ ਫ਼ੌਜ ਦੀ ਲੋੜ ਪਏ ਤਾਂ ਓਸ ਸਮੇਂ ਦਾ ਰੁਪਿਆ ਜਿਸ ਦਾ ਜ਼ਿਕਰ ਇਸੇ ਸ਼ਰਤ ਵਿਚ ਉਪਰ ਆ ਚੁੱਕਾ ਹੈ, ਓਨੇ ਸਮੇਂ ਦਾ ਅੰਦਾਜ਼ੇ ਨਾਲ ਮੁਜਰਾਈ ਕਰ ਲੀਤਾ ਜਾਇਆ ਕਰੇਗਾ। ਸਰਕਾਰ ਅੰਗਰੇਜ਼ੀ ਇਸ ਗੱਲ ਦੀ ਜਾਮਨੀ ਕਰਦੀ

1. ਅਸਲ ਐਹਦਨਾਮੇ ਵਿਚ ਲਫ਼ਜ਼ 'ਬਿਲਾ ਉਜ਼ਰ' ਲਿਖਿਆ ਹੋਇਆ ਹੈ।

ਹੈ ਕਿ ਜਦ ਤਕ ਇਹ ਐਹਦਨਾਮਾ ਕਾਇਮ ਰਹੇਗਾ ਮਹਾਰਾਜਾ ਨੂੰ ਉਪਰ ਲਿਖੀ ਰਕਮ ਸਾਲ-ਬ-ਸਾਲ ਠੀਕ ਸਮੇਂ ਸਿਰ ਪਹੁੰਚ ਜਾਇਆ ਕਰੇਗੀ।

ਸ਼ਰਤ ਸੋਲ੍ਹਵੀਂ

ਸ਼ਾਹ ਸੁਜਾਉਲ ਮੁਲਕ ਵਾਹਿਦਾ ਕਰਦਾ ਹੈ ਕਿ ਆਪਣੀ ਵਲੋਂ ਤੇ ਆਪਣੇ ਵਾਰਸਾਂ ਤੇ ਜਾਂ ਨਸ਼ੀਨਾਂ ਵਲੋਂ ਕੁਲ ਹਕੂਕ ਮਾਲ-ਗੁਜ਼ਾਰੀ ਤੇ ਹਾਕਮਰਾਨੀ ਉਸ ਮੁਲਖ ਦੇ ਜੋ ਸਿੰਧ ਦੇ ਅਮੀਰਾਂ ਦੇ ਕਬਜ਼ੇ ਵਿਚ ਹੈ, ਛੱਡਦੇ ਹਨ, (ਇਹ ਮੁਲਖ ਸਦਾ ਲਈ ਸਿੰਧ ਦੇ ਅਮੀਰ ਤੇ ਉਨ੍ਹਾਂ ਦੇ ਜਾਨਸ਼ੀਨਾਂ ਦੇ ਕਬਜ਼ੇ ਵਿਚ ਰਹੇਗਾ) ਇਸ ਸ਼ਰਤ ਪਰ ਕਿ ਅਮੀਰ ਸਿੰਧ ਉੱਨਾ ਰੁਪਿਆ ਤਾਰਨ ਜਿੰਨਾ ਸਰਕਾਰ ਅੰਗਰੇਜ਼ੀ ਤਜਵੀਜ਼ ਕਰੇ, ਜਿਸ ਵਿਚੋਂ ੧੫ ਲੱਖ ਰੁਪਿਆ ਮਹਾਰਾਜਾ ਰਣਜੀਤ ਸਿੰਘ ਨੂੰ ਦੇਣਗੇ। ਜਦ ਇਹ ਰਕਮ ਮੀਰਾਂ ਵੱਲੋਂ ਦਾਖ਼ਲ ਕਰ ਦਿੱਤੀ ਜਾਏਗੀ ਤਾਂ ੨੨ ਮਾਰਚ ੧੮੩੩ ਦੇ ਐਹਦਨਾਮੇ ਦੀ ਚੌਥੀ [1]ਸ਼ਰਤ ਰਦ ਸਮਝੀ ਜਾਏਗੀ। ਰਿਵਾਜੀ ਚਿੱਠੀ ਪੱਤਰ ਅਤੇ ਤੋਹਫ਼ੇ ਸੁਗਾਤਾਂ ਦਾ ਤਰੀਕਾ ਪਹਿਲੇ ਦੀ ਤਰ੍ਹਾਂ ਮਹਾਰਾਜਾ ਤੇ ਸਿੰਧ ਦੇ ਮੀਰਾਂ ਵਿਚ ਪ੍ਰਚਲਤ ਰਹੇਗਾ।

ਸ਼ਰਤ ਸਤਾਰ੍ਹਵੀਂ

ਜਦ ਸ਼ਾਹ ਸ਼ੁਜਾ ਆਪਣੀ ਹਕੂਮਤ ਅਫ਼ਗ਼ਾਨਿਸਤਾਨ ਵਿਚ ਕਾਇਮ ਕਰ ਲਏਗਾ ਤਾਂ ਉਹ ਹਾਕਮ ਹਰਾਤ ਪੁਰ ਜੋ ਸ਼ਾਹ ਦਾ ਭਤੀਜਾ ਹੈ, ਧਾਵਾ ਨਹੀਂ ਕਰੇਗਾ ਤੇ ਨਾ ਹੀ ਉਸ ਤੋਂ ਉਹ ਮੁਲਖ ਖੋਹਵੇਗਾ ਜੋ ਉਸਦੇ ਕਬਜ਼ੇ ਵਿਚ ਹੈ।

ਸ਼ਰਤ ਅਠਾਰ੍ਹਵੀਂ

ਸ਼ਾਹ ਸ਼ੁਜਾਉਲ ਮੁਲਕ ਆਪਣੇ ਅਤੇ ਆਪਣੇ ਵਾਰਸਾਂ ਜਾਨਸ਼ੀਨਾਂ ਵੱਲੋਂ ਇਕਰਾਰ ਕਰਦਾ ਹੈ ਕਿ ਉਹ ਕਿਸੇ ਗ਼ੈਰ ਬਦੇਸ਼ੀ ਹਕੂਮਤ ਨਾਲ ਮੇਲ ਮਿਲਾਪ ਬਿਨਾਂ ਪਰਵਾਨਗੀ ਸਰਕਾਰ ਅੰਗਰੇਜ਼ੀ ਤੇ ਸਿੱਖ ਸਰਕਾਰ ਦੇ ਨਹੀਂ ਰੱਖੇਗਾ ਅਤੇ ਜੇ ਕੋਈ ਬਦੇਸ਼ੀ ਤਾਕਤ ਸਰਕਾਰ ਅੰਗਰੇਜ਼ੀ ਜਾਂ ਸਿੱਖ ਸਰਕਾਰ ਦੇ ਇਲਾਕੇ ਪੁਰ ਫ਼ੌਜ ਕਸ਼ੀ ਦਾ ਇਰਾਦਾ ਰੱਖੇ ਤਾਂ ਸ਼ਾਹ ਆਪਣੀ ਪੂਰੀ ਫ਼ੌਜੀ ਤਾਕਤ ਨਾਲ ਉਸਦਾ ਟਾਕਰਾ ਕਰੇਗਾ।

1. ਇਹ ਅਹਿਦਨਾਮਾ ਸ਼ਾਹ ਸ਼ੁਜਾ ਅਤੇ ਮਹਾਰਾਜਾ ਸਾਹਿਬ ਦੇ ਵਿਚਾਲੇ ਹੋਇਆ ਸੀ।

ਤਿੰਨੇ ਸਰਕਾਰਾਂ—ਅੰਗਰੇਜ਼, ਮਹਾਰਾਜਾ ਰਣਜੀਤ ਸਿੰਘ ਤੇ ਸ਼ਾਹ ਸ਼ੁਜਾਉਲ ਮੁਲਕ, ਉਪਰ ਲਿਖੀਆਂ ਸ਼ਰਤਾਂ ਦਿਲੋਂ ਪਰਵਾਨ ਕਰਦੇ ਹਨ ਅਤੇ ਇਨ੍ਹਾਂ 'ਤੇ ਅਮਲ ਕਰਨ ਵਿਚ ਕਦੇ ਚੂਕ ਨਹੀਂ ਕਰਨਗੇ, ਜਿਸਦੇ ਅਰਥ ਇਹ ਹਨ ਕਿ ਇਹ ਅਹਿਦਨਾਮਾ ਸਦਾ ਲਈ ਕਾਇਮ ਰਹੇਗਾ। ਇਸ ਦੀ ਵਰਤੋਂ ਉਸ ਦਿਨ ਤੋਂ ਹੋਵੇਗੀ ਜਿਸ ਤਾਰੀਖ਼ ਤੋਂ ਇਸ ਪੁਰ ਤਿੰਨਾਂ ਧਿਰਾਂ ਦੀਆਂ ਮੋਹਰਾਂ ਤੇ ਹਸਤ-ਅਖਰ ਪੈ ਜਾਣਗੇ।

ਇਹ ਲਿਖਤ ਲਾਹੌਰ ਵਿਚ ਲਿਖੀ ਗਈ। ਤਾਰੀਖ ੨੬ ਜੂਨ ਸੰਨ ਈਸਵੀ ੧੮੩੮ ਮੁਤਾਬਿਕ ਮਿਤੀ ਹਾੜ ਦਿਨ ੧੫ ਸੰਮਤ ਬਿਕਰਮੀ ੧੮੯੫। ਰਾਈਟ ਆਨਰੇਬਲ ਗਵਰਨਰ ਜਨਰਲ ਨੇ ਤਸਦੀਕ ਕੀਤਾ। ਸ਼ਿਮਲੇ ਵਿਚ ੩ ਜੁਲਾਈ ਸੰਨ ੧੮੩੮।

(ਦਸਤਖਤ)
ਆਕਲੈਂਡ
ਰਣਜੀਤ ਸਿੰਘ
ਸ਼ੁਜਾਉਲ ਮੁਲਕ

ਉਪਰੋਕਤ ਐਹਿਦਨਾਮੇ ਦੀ ਪ੍ਰਵਾਨਗੀ ਦੇ ਉਪਰੰਤ ਚੜ੍ਹਾਈ ਦੀਆਂ ਤਿਆਰੀਆਂ ਬੜੀ ਸਰਗਰਮੀ ਨਾਲ ਹੋਣ ਲੱਗੀਆਂ। ਅੰਗਰੇਜ਼ੀ ਫ਼ੌਜ ਦਾ ਇਕੱਠ ਫ਼ੀਰੋਜ਼ਪੁਰ ਹੋਣਾ ਆਰੰਭ ਹੋ ਗਿਆ ਜੋ ਇਤਿਹਾਸ ਵਿਚ 'ਸਿੰਧ ਆਰਮੀ' ਦੇ ਨਾਮ ਪੁਰ ਪ੍ਰਸਿੱਧ ਹੈ। ਇਧਰ ਮਹਾਰਾਜਾ ਸਾਹਿਬ ਨੇ ਪੰਦਰਾਂ ਹਜ਼ਾਰ ਫ਼ੌਜ ਦੇ ਬਲਵਾਨ ਦਸਤੇ ਨੂੰ ਤਿਆਰੀ ਦਾ ਹੁਕਮ ਦਿੱਤਾ। ਜਦ ਚੜ੍ਹਾਈ ਦਾ ਸਾਰਾ ਪ੍ਰਬੰਧ ਪੂਰੇ ਤੌਰ 'ਤੇ ਹੋ ਗਿਆ ਤਾਂ ੩੦ ਨਵੰਬਰ ੧੮੩੮ ਨੂੰ ਲਾਰਡ ਆਕਲੈਂਡ ਗਵਰਨਰ ਜਨਰਲ ਹਿੰਦ ਖ਼ੁਦ ਮਹਾਰਾਜਾ ਸਾਹਿਬ ਦੀ ਮੁਲਾਕਾਤ ਲਈ ਫ਼ਿਰੋਜ਼ਪੁਰ ਆਏ। ਇਧਰੋਂ ਮਹਾਰਾਜਾ ਸਾਹਿਬ ਵੀ ਬੜੀ ਸਜ-ਧਜ ਨਾਲ ਆਪਣੇ ਪਤਵੰਤੇ ਪ੍ਰਾਹੁਣੇ ਨੂੰ ਮਿਲੇ। ਇਸ ਸਮੇਂ ਦੋਹਾਂ ਧਿਰਾਂ ਨੇ ਐਨਾ ਸ਼ਾਨੋ ਸ਼ੌਕਤ ਤੋਂ ਕੰਮ ਲਿਆ ਕਿ ਇਸ ਮੁਲਾਕਾਤ ਨੂੰ ਸੁਨਹਿਰੀ ਸ਼ਾਨ ਵਾਲਾ ਮੇਲ ਕਿਹਾ ਜਾਂਦਾ ਹੈ।

ਵਿਦੈਗੀ ਪਰ ਮਹਾਰਾਜਾ ਸਾਹਿਬ ਨੇ ਬੜੇ ਕੀਮਤੀ ਤੋਹਫ਼ੇ ਆਪਣੇ ਪ੍ਰਾਹੁਣੇ ਨੂੰ ਦਿੱਤੇ। ਇਸੇ ਤਰ੍ਹਾਂ ਗਵਰਨਰ ਜਨਰਲ ਵੱਲੋਂ ਵੀ ਕਈ ਬਹੁ-ਮੁੱਲੀਆਂ ਚੀਜ਼ਾਂ ਤੋਂ ਛੁੱਟ ਦੋ ੯-੯ ਪੌਂਡ ਗੋਲਾ ਚਲਾਉਣ ਵਾਲੀਆਂ ਤੋਪਾਂ ਮਹਾਰਾਜੇ ਦੇ ਪੇਸ਼ ਕੀਤੀਆਂ ਗਈਆਂ। ਇਥੋਂ ਮਹਾਰਾਜਾ ਸਾਹਿਬ ਲਾਰਡ ਆਕਲੈਂਡ ਨੂੰ ਆਪਣੇ ਨਾਲ ਲਾਹੌਰ ਲੈ ਆਏ ਅਤੇ ਇਥੋਂ ਆਪਣੇ ਪ੍ਰਾਹੁਣੇ ਦੀ ਉਹ ਪ੍ਰਾਹੁਣਚਾਰੀ ਕੀਤੀ ਕਿ ਗਵਰਨਰ ਜਨਰਲ ਹੈਰਾਨ ਰਹਿ ਗਏ।

ਸੰਨ ੧੮੩੮ ਦੇ ਅਖ਼ੀਰ ਤਕ ਸਾਰੀਆਂ ਜੰਗੀ ਤਿਆਰੀਆਂ ਸੰਪੂਰਨ ਹੋ ਗਈਆਂ ਤੇ ੨ ਜਨਵਰੀ ਸੰਨ ੧੮੩੯ ਨੂੰ ੧੫੦੦੦ ਅੰਗਰੇਜ਼ੀ ਤੇ ੧੫੦੦੦ ਹੀ ਖ਼ਾਲਸਾ ਫ਼ੌਜ ਨੇ ਅਫ਼ਗਾਨਿਸਤਾਨ ਫ਼ਤਹ ਕਰਨ ਲਈ ਕੂਚ ਕਰ ਦਿੱਤਾ।

ਸਿੰਧ ਆਰਮੀ ਦੱਰਾ ਬੁਲਾਨ ਦੇ ਰਸਤੇ ਅੱਗੇ ਵਧੀ ਤੇ ੧੫ ਅਪ੍ਰੈਲ ਸੰਨ ੧੮੩੯ ਨੂੰ ਕੰਧਾਰ 'ਤੇ ਕਬਜ਼ਾ ਕਰ ਲਿਆ ਤੇ ੮ ਮਈ ਨੂੰ ਸ਼ਾਹ ਸ਼ੁਜਾਉਲ ਮੁਲਕ ਨੂੰ ਕੰਧਾਰ ਦੇ ਤਖ਼ਤ 'ਤੇ ਬਿਠਾਇਆ ਗਿਆ।

ਸ਼ੇਰੇ ਪੰਜਾਬ ਨੇ, ਜੋ ਇਨ੍ਹੀ ਦਿਨੀਂ ਬੀਮਾਰ ਸੀ, ਜਦ ਕੰਧਾਰ ਦੀ ਫਤਹ ਦੀ ਖ਼ਬਰ ਸੁਣੀ ਤਾਂ ਆਪ ਬੜੇ ਹੀ ਖ਼ੁਸ਼ ਹੋਏ। ਇਧਰੋਂ ਖ਼ਾਲਸਾ ਫ਼ੌਜ ਨੇ ਸ਼ਹਿਜ਼ਾਦਾ ਨੌ ਨਿਹਾਲ ਸਿੰਘ ਦੀ ਕਮਾਂਡ ਵਿਚ ੨੭ ਜੁਲਾਈ ਨੂੰ ਇਕ ਕਰੜੀ ਲੜਾਈ ਦੇ ਬਾਅਦ ਲੰਡੀ ਕੋਤਲ ਫ਼ਤਹ ਕਰ ਲਿਆ[1]। ਇਸਦੇ ਪਿਛੇ ਜਲਾਲਾਬਾਦ ਦੇ ਪ੍ਰਸਿੱਧ ਇਤਿਹਾਸਕ ਕਿਲ੍ਹੇ 'ਤੇ ਸ਼ਹਿਜ਼ਾਦਾ ਸਾਹਿਬ ਨੇ ਕਬਜ਼ਾ ਕਰ ਲਿਆ। ਛੇਕੜ ਇਹ ਫੌਜ ਫ਼ਤਹ ਦਾ ਝੰਡਾ ਝੁਲਾਂਦੀ ਹੋਈ ਕਾਬਲ ਵਿਚ ਜਾ ਦਾਖ਼ਲ ਹੋਈ।

੭ ਅਗਸਤ ੧੮੩੯ ਨੂੰ ਸ਼ਾਹ ਸ਼ੁਜਾਉਲ ਮੁਲਕ ਨੂੰ ਬੜੀ ਧੂਮ-ਧਾਮ ਤੇ ਵਾਜੇ-ਗਾਜੇ ਨਾਲ ਪੂਰੇ ੩੦ ਸਾਲਾਂ ਦੇ ਬਾਅਦ ਮੁੜ ਖ਼ਾਲਸਾ ਤੇ ਅੰਗਰੇਜ਼ੀ ਫ਼ੌਜ ਦੀ ਮਦਦ ਨਾਲ ਕਾਬਲ ਦੇ ਤਖ਼ਤ ਤੇ ਬਿਠਾਇਆ ਗਿਆ। ਅਮੀਰ ਦੋਸਤ ਮੁਹੰਮਦ ਖ਼ਾਨ ਹਰ ਥਾਂ 'ਤੇ ਭਾਂਜ ਖਾਂਦਾ ਹੋਇਆ ਗ਼ਜ਼ਨੀ ਦੀ ਫ਼ਤਹ ਦੇ ਬਾਅਦ ਅਫ਼ਗਾਨਿਸਤਾਨ ਤੋਂ ਨੱਸ ਗਿਆ। ਪਹਿਲੇ ਬਾਮੀਆਂ ਤੇ ਫੇਰ ਬੁਖ਼ਾਰੇ ਜਾ ਪਨਾਹ ਲਈ।

---

1. ਲਾਈਫ਼ ਆਫ਼ ਦੋਸਤ ਮੁਹੰਮਦ ਖ਼ਾਨ-ਮੋਹਨ ਲਾਲ, ਜਿਲਦ ੨, ਪੰਨਾ ੨੪੮।

ਸ਼ਹਿਜ਼ਾਦਾ ਨੌਨਿਹਾਲ ਸਿੰਘ ਨਾਲ ਧਿਆਨ ਸਿੰਘ ਦਾ ਧ੍ਰੋਹ ਕਮਾਣਾ

ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਨੂੰ ਅਜੇ ਬਹੁਤਾ ਸਮਾਂ ਨਹੀਂ ਸੀ ਬੀਤਿਆ ਕਿ ਵਜ਼ੀਰ ਧਿਆਨ ਸਿੰਘ[1] ਦੇ ਖ਼ਿਆਲਾਤ ਵਿਚ ਇਕ ਅਜੀਬ ਤਬਦੀਲੀ ਪੈਦਾ ਹੋ ਗਈ ਜੋ ਇਸ ਤੋਂ ਪਹਿਲਾਂ ਕਦੇ ਦੇਖਣ ਵਿਚ ਨਹੀਂ ਸੀ ਆਈ, ਅਰਥਾਤ ਹੁਣ ਉਹ ਕਿਸੇ ਦੇ ਤਹਿਤ ਹੋ ਕੇ ਰਹਿਣਾ ਯਾ ਕਿਸੇ ਦੇ ਹੁਕਮ ਵਿਚ ਤੁਰਨਾ ਆਪਣੀ ਵਧੀ ਹੋਈ ਸ਼ਾਨ ਦੇ ਵਿਰੁੱਧ ਸਮਝਣ ਲੱਗਾ। ਇਸਦੀ ਖ਼ੁਦਮੁਖ਼ਤਾਰੀ ਅਤੇ ਖ਼ੁਦ-ਪਸੰਦੀ ਦੀ ਲਾਲਸਾ ਐਥੋਂ ਤਕ ਵਧੀ ਕਿ ਇਸਨੂੰ ਹੁਣ ਇਹ ਦ੍ਰਿੜ੍ਹ ਵਿਸ਼ਵਾਸ ਹੋ ਗਿਆ ਕਿ ਲਾਹੌਰ ਦਰਬਾਰ

---

1. ਸ਼ੌਕਤਿ ਅਫ਼ਗਾਨੀ—ਪੰਨਾ ੧੧੬।
2. ਧਿਆਨ ਸਿੰਘ, ਗੁਲਾਬ ਸਿੰਘ ਤੇ ਸੁਚੇਤ ਸਿੰਘ ਤਿੰਨੇ ਭਰਾ ਸਨ। ਇਹ ਜੰਮੂ ਦੇ ਲਾਗੇ ਇਕ ਨਿੱਕੇ ਜਿਹੇ ਪਿੰਡ ਡਿਓਲੀ ਦੇ ਵਸਨੀਕ ਅਰ ਜ਼ਾਤ ਦੇ ਡੋਗਰੇ ਸਨ। ਇਹ ਅਤਿ ਗ਼ਰੀਬੀ ਦੀ ਹਾਲਤ ਵਿਚ ਪੰਜਾਬ ਆਏ। ਪਹਿਲੇ ਬੜੀ ਮਾਮੂਲੀ ਤਲਬ 'ਤੇ ਮਹਾਰਾਜਾ ਦੇ ਘੋੜ ਚੜ੍ਹੇ ਰਸਾਲੇ ਵਿਚ ਸਿਪਾਹੀ ਭਰਤੀ ਹੋਏ। ਧਿਆਨ ਸਿੰਘ ਤਰੱਕੀ ਕਰਕੇ ਪਹਿਲੇ ਡਿਉਢੀ ਵਾਲਾ ਬਣਿਆ, ਫੇਰ ਰਾਜਾ ਦਾ ਖ਼ਿਤਾਬ ਪਾਇਆ; ਛੇਕੜ ਮਹਾਰਾਜਾ ਖੜਕ ਸਿੰਘ ਦਾ ਵਜ਼ੀਰ ਆਜ਼ਮ ਬਣਿਆ। ਗੁਲਾਬ ਸਿੰਘ ਨੂੰ ਵੀ ਰਾਜਾ ਦੇ ਮਰਤਬੇ ਤਕ ਖਾਲਸੇ ਵਲੋਂ ਤਰੱਕੀ ਦਿੱਤੀ ਗਈ। ਇਹ ਉਹੀ ਗੁਲਾਬ ਸਿੰਘ ਹੈ ਜੋ ਸੰਨ ੧੮੪੬ ਨੂੰ ਅੰਗਰੇਜ਼ੀ ਅਹਿਦਨਾਮੇ ਅਨੁਸਾਰ ਜੰਮੂ ਕਸ਼ਮੀਰ ਦੀ ਭਾਰੀ ਰਿਆਸਤ ਦਾ ਖ਼ੁਦ-ਮੁਖ਼ਤਾਰ ਮਹਾਰਾਜਾ ਬਣ ਗਿਆ ਜੋ ਮੌਜੂਦਾ ਮਹਾਰਾਜਾ ਕਸ਼ਮੀਰ ਦੇ ਘਰਾਣੇ ਦਾ ਬਾਨੀ ਸੀ।

   ਇਨ੍ਹਾਂ ਡੋਗਰੇ ਭਰਾਵਾਂ ਦਾ ਵਿਸਥਾਰ ਪੂਰਬਕ ਹਾਲ ਇਸੇ ਕਲਮ ਤੋਂ 'ਜੀਵਨ ਬ੍ਰਿਤਾਂਤ ਮਹਾਰਾਜਾ ਰਣਜੀਤ ਸਿੰਘ' ਵਿਚ ਪੜ੍ਹੋ।

ਵਿਚ ਐਸਾ ਕੌਣ ਹੈ ਜੋ ਮੇਰੀ ਤਾਕਤ ਅੱਗੇ ਸਿਰ ਨਾ ਝੁਕਾਵੇ ? ਇਥੇ ਹੀ ਬੱਸ ਨਹੀਂ, ਬਲਕਿ ਉਸਨੇ ਇੱਥੋਂ ਤੱਕ ਆਪਣੇ ਇਰਾਦੇ ਨੂੰ ਵਧਾ ਲਿਆ ਕਿ ਉਹ ਆਪਣੇ ਪੁੱਤ ਹੀਰਾ ਸਿੰਘ ਨੂੰ ਪੰਜਾਬ ਦੇ ਤਖ਼ਤ ਦਾ ਮਾਲਕ ਬਣਾ ਦੇਵੇ[1]। ਇਸ ਇਰਾਦੇ ਦੇ ਪੂਰਾ ਕਰਨ ਦੀਆਂ ਗੋਂਦਾਂ ਨੂੰ ਗੁੰਦਣ ਵਿਚ ਉਹ ਅਜਿਹਾ ਲੀਨ ਹੋਇਆ ਕਿ ਉਹ ਇਹਨਾਂ ਨੂੰ ਸਫ਼ਲਤਾ ਤੱਕ ਪਹੁੰਚਾਉਣ ਲਈ ਕਿਸੇ ਭਾਰੀ ਧ੍ਰੋਹ ਨੂੰ ਧ੍ਰੋਹ ਨਹੀਂ ਸਮਝਦਾ ਅਤੇ ਕਿਸੇ ਭਿਆਨਕ ਅਤਿਆਚਾਰ ਨੂੰ ਪਾਪ ਨਹੀਂ ਸੀ ਖ਼ਿਆਲ ਕਰਦਾ। ਹੁਣ ਰਾਤ ਦਿਨ ਇਸ ਦੇ ਦਿਲ ਵਿਚ ਇਹ ਫੁਰਨੇ ਫੁਰਦੇ ਅਰ ਇਹੀ ਚਿਤਾਵਨੀਆਂ ਚਿਤਵਦਾ। ਗ਼ਰਜ਼ ਇਸ ਮਹਾਂ ਅਧਰਮ ਭਰੀ ਸਕੀਮ ਨੂੰ ਪੂਰਾ ਕਰਨ ਲਈ ਉਸ ਨੇ ਜੋ ਵਤੀਰਾ ਵਰਤਿਆ ਉਸਦਾ ਜ਼ਿਕਰ ਇਸ ਤਰ੍ਹਾਂ ਹੈ :

ਮਹਾਰਾਜਾ ਰਣਜੀਤ ਸਿੰਘ ਬਾਅਦ ਮਹਾਰਾਜਾ ਖੜਕ ਸਿੰਘ ਪੰਜਾਬ ਦੇ ਤਖ਼ਤ 'ਤੇ ਬੈਠਾ ਅਰ ਧਿਆਨ ਸਿੰਘ ਵਜ਼ੀਰ ਆਜ਼ਮ ਬਣਿਆ। ਜਦ ਤਕ ਮਹਾਰਾਜਾ ਖੜਕ ਸਿੰਘ ਇਸਦੀ ਹਾਂ ਵਿਚ ਹਾਂ ਮਿਲਾਂਦਾ ਰਿਹਾ ਉਦੋਂ ਤਕ ਕੁਝ ਦਿਨ ਦਿਖਲਾਵੇ ਮਾਤਰ ਰਾਜ ਪ੍ਰਬੰਧ ਦਾ ਕੰਮ ਰਿੜ੍ਹਦਾ ਰਿਹਾ, ਪਰ ਇਸ ਦੀ ਤਬੀਅਤ ਕੁਝ ਐਸੀ ਕੁਟਲ ਹੋ ਗਈ ਸੀ ਕਿ ਉਹ ਜਦ ਕਦੀ ਕਿਸੇ ਹੋਰ ਦਰਬਾਰੀ ਨੂੰ ਮਹਾਰਾਜਾ ਸਾਹਿਬ ਨਾਲ ਵੱਖ ਸਲਾਹ ਕਰਦਿਆਂ ਜਾਂ ਪਰਸ਼ਾਦ ਛਕਦਿਆਂ ਦੇਖਦਾ ਜਾਂ ਸੁਣਦਾ ਤਾਂ ਇਹ ਉਹਨਾਂ ਦਾ ਜਾਨੀ ਦੁਸ਼ਮਣ ਬਣ ਜਾਂਦਾ। ਕੁਝ ਦਰਬਾਰੀਆਂ ਦੇ ਨਾਮ ਜਿਨ੍ਹਾਂ ਨਾਲ ਧਿਆਨ ਸਿੰਘ ਵੈਰ ਰਖਦਾ ਸੀ, ਇਹ ਸਨ :

੧. ਜਮਾਂਦਾਰ ਖ਼ੁਸ਼ਹਾਲ ਸਿੰਘ ਦਾ ਰਸੂਖ ਲਾਹੌਰ ਦਰਬਾਰ ਵਿਚ ਵਧਦਾ ਵੇਖ ਕੇ ਧਿਆਨ ਸਿੰਘ ਇਸ ਦਾ ਵੈਰੀ ਹੋ ਗਿਆ :—

(ਮੇਜਰ ਸਮਾਇਥ)

੨. ਦੀਵਾਨ ਸਾਵਨ ਮਲ ਦੇ ਖ਼ੂਨ ਦਾ ਇਹ ਪਿਆਸਾ ਸੀ :—

(ਸਰ ਲੈਪਲ ਗ੍ਰਿਫ਼ਨ)

੩. ਜਰਨੈਲ ਵੰਨਤੂਰਾ ਦਾ ਭਾਰੀ ਵਿਰੋਧ ਸੀ :—

(ਕਰਨਲ ਗਾਰਡਨਰ)

---

1. ਸਰ ਲੈਪਲ ਗ੍ਰਿਫਨ-ਪੰਜਾਬ ਚੀਫ਼ਸ, ਜਿਲਦ ੨, ਪੰਨਾ ੨੪।

ਇਨ੍ਹਾਂ ਤੋਂ ਛੁੱਟ ਇਕ ਹੋਰ ਦਰਬਾਰੀ ਜਿਸ ਨਾਲ ਇਸ ਨੇ ਘੋਰ ਅਧਰਮ ਕਮਾਇਆ ਤੇ ਇਸਦੇ ਖ਼ੂਨ ਨਾਲ ਆਪਣੇ ਹੱਥ ਰੰਗੇ, ਉਸ ਦਾ ਨਾਮ ਸਰਦਾਰ ਚੇਤ ਸਿੰਘ ਬਾਜਵਾ ਹੈ। ਇਹ ਚੇਤ ਸਿੰਘ ਮੁਦਤ ਤੋਂ ਮਹਾਰਾਜਾ ਖੜਕ ਸਿੰਘ ਦੀ ਜਾਗੀਰ ਦਾ ਪ੍ਰਬੰਧਕ ਅਰ ਉਸਦਾ ਅਤਾਲੀਕ ਰਹਿ ਚੁੱਕਾ ਸੀ ਤੇ ਆਪਣੇ ਇਸ ਕੰਮ ਵਿਚ ਬੜਾ ਹੀ ਦਿਆਨਤਦਾਰ ਸਾਬਤ ਹੋਇਆ ਸੀ ਜਿਸ ਕਰਕੇ ਮਹਾਰਾਜਾ ਉਸਦੀ ਇੱਜ਼ਤ ਕਰਦਾ ਅਰ ਉਸਨੂੰ ਆਪਣੇ ਪਾਸ ਹੀ ਰੱਖਦਾ ਹੁੰਦਾ ਸੀ। ਧਿਆਨ ਸਿੰਘ ਇਸਦੇ ਵੱਧਦੇ ਹੋਏ ਰਸੂਖ਼ ਨੂੰ ਦੇਖ ਕੇ ਦਿਲ ਵਿਚ ਭਾਰੀ ਖ਼ਤਰਾ ਪ੍ਰਤੀਤ ਕਰਨ ਲਗਾ, ਕਿ ਚੇਤ ਸਿੰਘ ਦਾ ਰਸੂਖ਼ ਮੇਰੀ ਉਸ ਤਜਵੀਜ਼ ਨੂੰ ਕਾਮਯਾਬੀ ਤਕ ਪਹੁੰਚਾਉਣ ਦੇ ਰਾਹ ਵਿਚ ਰੁਕਾਵਟ ਪੈਦਾ ਕਰੇਗਾ, ਜਿਸ ਦਾ ਜ਼ਿਕਰ ਉਪਰ ਆ ਚੁੱਕਾ ਹੈ ਅਰਥਾਤ ਹੀਰਾ ਸਿੰਘ ਆਪਣੇ ਪੁੱਤਰ ਨੂੰ ਪੰਜਾਬ ਦਾ ਰਾਜ ਦਿਵਾਉਣ ਵਿਚ। ਇਸ ਤਰ੍ਹਾਂ ਚੇਤ ਸਿੰਘ ਧਿਆਨ ਸਿੰਘ ਦੀਆਂ ਅੱਖਾਂ ਦਾ ਕੰਡਾ ਬਣ ਗਿਆ ਜੋ ਦਿਨ-ਰਾਤ ਉਸ ਦੀਆਂ ਅੱਖਾਂ ਵਿੱਚ ਰੜਕਣ ਲੱਗਾ। ਇਸਨੇ ਸੋਚਿਆ ਕਿ ਮਹਾਰਾਜਾ ਖੜਕ ਸਿੰਘ ਦੇ ਹੱਥ ਵਿੱਚ ਪੰਜਾਬ ਦੀ ਹਕੂਮਤ ਦੇ ਹੁੰਦਿਆਂ ਅਸੰਭਵ ਹੈ ਕਿ ਸਰਦਾਰ ਚੇਤ ਸਿੰਘ ਨੂੰ ਕਿਸੇ ਤਰ੍ਹਾਂ ਨੁਕਸਾਨ ਪੁਚਾਇਆ ਜਾ ਸਕੇ, ਸੋ ਇਸ ਸਮੇਂ ਉਸ ਨੇ ਆਪਣਾ ਉਹ ਅਤਿ ਭਿਆਨਕ ਹਥਿਆਰ ਜਿਸ ਨੂੰ ਉਹ ਕਾਮਯਾਬੀ ਲਈ ਸਦਾ ਵਰਤਦਾ ਸੀ, ਐਸੀ ਚਤੁਰਤਾ ਨਾਲ ਵਰਤਿਆ ਕਿ ਜਿਸ ਦਾ ਸ਼ਿਕਾਰ ਨਾ ਕੇਵਲ ਸਰਦਾਰ ਚੇਤ ਸਿੰਘ ਬਣਿਆ ਬਲਿਕ ਮਹਾਰਾਜਾ ਖੜਕ ਸਿੰਘ ਵੀ ਇਸ ਤੋਂ ਨਾ ਬਚ ਸਕਿਆ, ਅਰਥਾਤ ਇਸ ਨੇ ਆਪਣੇ ਆਦਮੀਆਂ ਦੀ ਰਾਹੀਂ ਆਮ ਲੋਕਾਂ ਵਿਚ ਇਹ ਮਸ਼ਹੂਰ ਕਰ ਦਿੱਤਾ ਕਿ ਮਹਾਰਾਜਾ ਖੜਕ ਸਿੰਘ ਨੇ ਚੇਤ ਸਿੰਘ ਦੀ ਸਲਾਹ ਨਾਲ ਇਹ ਫ਼ੈਸਲਾ ਕਰ ਲਿਆ ਹੈ ਕਿ ਖ਼ਾਲਸਾ ਸਲਤਨਤ ਨੂੰ ਫ਼ਰੰਗੀਆਂ ਦੇ ਹਵਾਲੇ ਕੀਤਾ ਜਾਏ ਅਤੇ ਆਮਦਨੀ ਵਿਚੋਂ ਛੇ ਆਨੇ ਰੁਪਏ ਪਿਛੇ ਉਨ੍ਹਾਂ ਤੋਂ ਲਿਆ ਕਰਨਗੇ, ਹੁਣ ਸਿੱਖ਼ ਫ਼ੌਜਾਂ ਤੋੜ ਦਿੱਤੀਆਂ ਜਾਣਗੀਆਂ ਤੇ ਉਨ੍ਹਾਂ ਦੀ ਥਾਂ ਗੋਰੇ ਮੱਲਣਗੇ ਤੇ ਸਰਦਾਰ ਘਰਾਂ ਨੂੰ ਤੋਰ ਦਿੱਤੇ ਜਾਣਗੇ। ਇਹ ਗ਼ਲਤ ਫ਼ਹਿਮੀ ਐਸੇ ਅਸਚਰਜ ਤਰੀਕੇ ਨਾਲ ਫੈਲਾਈ ਗਈ ਕਿ ਘਰ-ਘਰ ਤੇ ਗਲੀ-ਗਲੀ ਇਹੀ ਜ਼ਿਕਰ ਹੋਣ ਲੱਗ ਪਿਆ[1]।

---

1. ਰੇਨਿੰਗ ਫ਼ੈਮਲੀ ਔਫ਼ ਲਾਹੌਰ...ਮੇਜਰ ਸਮਾਇਥ, ਪੰਨਾ ੨੪।

ਵਿਸਾਹਘਾਤ ਦਾ ਅਦੁੱਤੀ ਨਮੂਨਾ

ਜਦ ਹੁਣ ਇਹ ਪਿੱਛੇ ਲਿਖੀ ਝੂਠੀ ਖ਼ਬਰ ਆਮ ਫੈਲ ਗਈ ਤਾਂ ਹੁਣ ਧਿਆਨ ਸਿੰਘ ਨੇ ਅਤਿ ਨੇਕ ਦਿਲ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੂੰ ਆਪਣਾ ਹਥਿਆਰ ਬਨਾਉਣਾ ਚਾਹਿਆ। ਸ਼ਹਿਜ਼ਾਦਾ ਇਨ੍ਹਾਂ ਦਿਨਾਂ ਵਿਚ ਉਸ ਫ਼ੌਜ ਦਾ ਕਮਾਂਡਰ ਇਨ ਚੀਫ਼ ਸੀ ਜੋ ਅੰਗਰੇਜ਼ੀ ਫ਼ੌਜ ਨਾਲ ਮਿਲ ਕੇ ਕਾਬਲ ਨੂੰ ਫ਼ਤਹ ਕਰਨ ਲਈ ਅਫ਼ਗਾਨਿਸਤਾਨ ਵਿਚ ਭੇਜੀ ਗਈ ਸੀ, ਇਸਦਾ ਜ਼ਿਕਰ ਪਿੱਛੇ ਆ ਚੁੱਕਾ ਹੈ। ਸ਼ਹਿਜ਼ਾਦਾ ਸਾਹਿਬ ਜਲਾਲਾਬਾਦ ਤੋਂ ਕੁਝ ਦਿਨਾਂ ਲਈ ਪਿਸ਼ਾਵਰ ਆਏ ਹੋਏ ਸਨ ਕਿ ਠੀਕ ਉਨ੍ਹਾਂ ਦਿਨਾਂ ਵਿਚ ਹੀ ਧਿਆਨ ਸਿੰਘ ਵੱਲੋਂ ਆਪ ਨੂੰ ਬੜੀਆਂ ਘਬਰਾਹਟ ਦੀਆਂ ਚਿੱਠੀਆਂ ਪੁਹੰਚੀਆਂ, ਜਿਨ੍ਹਾਂ ਵਿਚ ਲਿਖਿਆ ਸੀ ਕਿ ਸਿੱਖ ਰਾਜ ਦੀ ਸਲਾਮਤੀ ਚਾਹੁੰਦੇ ਹੋ ਤਾਂ ਜਿੰਨੀ ਛੇਤੀ ਹੋ ਸਕੇ ਲਾਹੌਰ ਪਹੁੰਚ ਜਾਓ। ਨਾਲ ਹੀ ਖ਼ੁਫ਼ੀਆ ਤੌਰ 'ਤੇ ਆਪਣੇ ਵੱਡੇ ਭਾਈ ਗੁਲਾਬ ਸਿੰਘ ਨੂੰ ਵੱਖ ਖ਼ਤ ਲਿਖੇ ਕਿ ਤੁਸਾਂ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੂੰ ਨਾਲ ਲੈ ਕੇ ਤੁਰਤ ਲਾਹੌਰ ਪਹੁੰਚ ਜਾਣਾ ਤੇ ਰਸਤੇ ਵਿਚ ਸ਼ਹਿਜ਼ਾਦੇ ਦੇ ਐਸੇ ਕੰਨ ਭਰਨੇ ਕਿ ਲਾਹੌਰ ਪਹੁੰਚਣ ਤਕ ਉਹ ਮਹਾਰਾਜਾ ਖੜਕ ਸਿੰਘ ਤੇ ਚੇਤ ਸਿੰਘ ਦਾ ਜਾਨੀ ਦੁਸ਼ਮਣ ਬਣ ਜਾਏ। ਗੁਲਾਬ ਸਿੰਘ ਨੇ ਆਪਣੇ ਭਾਈ ਦੀ ਲਿਖਤ ਦੀ ਉਹ ਪਾਲਣਾ ਕੀਤੀ ਕਿ ਉਸਦੀਆਂ ਉਮੈਦਾਂ ਤੋਂ ਦਸ ਕਦਮ ਵਧ ਕੇ ਸਾਬਿਤ ਕਰ ਦਿੱਤਾ। ਰਸਤੇ ਦੀ ਕੰਨਾਪੋਸੀ ਨੇ ਸਾਫ ਦਿਲ ਸ਼ਹਿਜ਼ਾਦੇ ਦੇ ਦਿਲ 'ਤੇ ਉਹ ਜ਼ਹਿਰੀਲਾ ਅਸਰ ਕੀਤਾ ਕਿ ਜਦ ਉਹ ਲਾਹੌਰ ਪੁਹੰਚਿਆ ਤਾਂ ਉਹ ਆਪਣੇ ਅਤਿ ਪਿਆਰੇ ਤੇ ਨੇਕ ਦਿਲ ਪਿਤਾ ਦਾ ਪੂਰਾ ਵੈਰੀ ਬਣਾ ਦਿੱਤਾ ਗਿਆ ਸੀ[1]।

ਲਾਹੌਰ ਵਿਚ ਤਾਂ ਅੱਗੇ ਹੀ ਗ਼ਲਤ ਫ਼ਹਿਮੀਆਂ ਦਾ ਭਾਂਬੜ ਬਲ ਰਿਹਾ ਸੀ। ਜੋ ਕੋਈ ਸੁਣਦਾ ਕਿ ਮਹਾਰਾਜਾ ਖੜਕ ਸਿੰਘ ਤੇ ਚੇਤ ਸਿੰਘ

1. ਰੇਨਿੰਗ ਫ਼ੈਮਲੀ ਔਫ਼ ਲਾਹੌਰ....ਮੇਜਰ ਸਮਾਇਥ, ਪੰਨਾ ੨੯।

ਖ਼ਾਲਸਾ ਰਾਜ ਫ਼ਿਰੰਗੀਆਂ ਦੇ ਹੱਥ ਸੌਂਪਣ ਲੱਗੇ ਹਨ ਤਾਂ ਉਸਦਾ ਦਿਲ ਉਨ੍ਹਾਂ ਲਈ ਘ੍ਰਿਣਾ ਨਾਲ ਭਰਿਆ ਜਾਂਦਾ। ਧਿਆਨ ਸਿੰਘ ਨੇ ਆਪਣੇ ਬਿਆਨ ਦੀ ਤਾਈਦ ਵਿਚ ਬਨਾਵਟੀ (ਜਾਹਲੀ) ਖ਼ਤ ਸ਼ਹਿਜ਼ਾਦੇ ਦੇ ਸਾਹਮਣੇ ਪੇਸ਼ ਕੀਤੇ, ਜਿਨ੍ਹਾਂ ਉਪਰ ਮਹਾਰਾਜਾ ਖੜਕ ਸਿੰਘ ਤੇ ਸਰਦਾਰ ਚੇਤ ਸਿੰਘ ਦੇ ਹੂ-ਬ-ਹੂ ਹਸਤ ਅਖਰ ਸਨ[1]। ਹੁਣ ਜਦ ਧਿਆਨ ਸਿੰਘ ਨੇ ਦੇਖਿਆ ਕਿ ਸ਼ਹਿਜ਼ਾਦਾ ਨੌਨਿਹਾਲ ਸਿੰਘ 'ਤੇ ਸਾਡੀ ਚਾਲ ਪੂਰੀ ਤਰ੍ਹਾਂ ਚਲ ਗਈ ਹੈ ਤਾਂ ਇਸ ਨੇ ਸ਼ਹਿਜ਼ਾਦੇ ਦੇ ਸਾਹਮਣੇ ਇਹ ਤਜਵੀਜ਼ ਪੇਸ਼ ਕੀਤੀ ਕਿ ਇਸ ਸਮੇਂ ਖ਼ਾਲਸਾ ਰਾਜ ਨੂੰ ਫ਼ਰੰਗੀਆਂ ਦੇ ਹੱਥੋਂ ਬਚਾਉਣ ਦਾ ਕੋਈ ਵੀ ਰਾਹ ਬਾਕੀ ਰਹਿੰਦਾ ਹੈ ਤਾਂ ਉਹ ਕੇਵਲ ਇਹ ਹੈ ਕਿ ਚੇਤ ਸਿੰਘ ਜੋ ਇਸ ਤਜਵੀਜ਼ ਦਾ ਬਾਨੀ ਤੇ ਮਹਾਰਾਜਾ ਦਾ ਸਲਾਹਕਾਰ ਹੈ ਉਸਨੂੰ ਤਾਂ ਸਿਰੋਂ ਹੀ ਮੁਕਾ ਦਿੱਤਾ ਜਾਏ ਅਤੇ ਮਹਾਰਾਜਾ ਸਾਹਿਬ ਦੇ ਅਖ਼ਤਿਆਰ ਦੀ ਨਿਗਰਾਨੀ ਹਜ਼ੂਰ ਖ਼ੁਦ ਰੱਖਣ।

1. ਤਾਰੀਖ਼ ਪੰਜਾਬ—ਪੰਡਤ ਦੇਵੀ ਪ੍ਰਸ਼ਾਦ, ਪੰਨਾ ੪੨।

ਸ੍ਰ: ਚੇਤ ਸਿੰਘ ਦਾ ਦਰਦਨਾਕ ਕਤਲ

ਇਸ ਧੋਖੇ ਨੂੰ, ਨੌਜੁਆਨ ਸ਼ਹਿਜ਼ਾਦਾ, ਤੇ ਉਸ ਦੀ ਮਾਤਾ ਮਹਾਰਾਣੀ ਚੰਦ ਕੌਰ ਜੀ ਨੇ ਸੱਚ ਸਮਝ ਕੇ, ਇਸ ’ਤੇ ਯਕੀਨ ਕਰ ਲਿਆ। ਖ਼ਾਸ ਕਰਕੇ ਮਹਾਰਾਣੀ ਚੰਦ ਕੌਰ ਜੀ ਨੇ ਜਦ ਖ਼ਾਲਸਾ ਸਲਤਨਤ ਨੂੰ ਫ਼ਰੰਗੀਆਂ ਦੇ ਹੱਥ ਜਾਂਦਾ ਡਿੱਠਾ ਤਾਂ ਐਸੀ ਘਬਰਾਈ ਕਿ ਉਸ ਨੇ ਆਪਣੇ ਪਤੀ ਦੇ ਪਿਆਰੇ ਮਿੱਤਰ ਸਰਦਾਰ ਚੇਤ ਸਿੰਘ ਦੇ ਕਤਲ ਦੀ ਵਿਰੋਧਤਾ ਕਰਨ ਦੀ ਥਾਂ ਉੱਤਰ ਚੁਪ ਵਿਚ ਦਿੱਤਾ, ਜਿਸ ਦਾ ਭਾਵ ਚਲਾਕ ਧਿਆਨ ਸਿੰਘ ਨੇ ਸਮਝ ਲਿਆ ਕਿ ਜੇ ਕਦੇ ਸ਼ਹਿਜ਼ਾਦਾ ਤੇ ਮਹਾਰਾਣੀ ਹੁਣ ਮੇਰੀ ਦਿਲੀ ਮੁਰਾਦ ਦੇ ਪੂਰਾ ਕਰਨ ਵਿਚ ਸਹਾਈ ਨਾ ਹੋਣਗੇ ਤਾਂ ਘਟੋ ਘਟ ਵਿਰੋਧਤਾ ਤਾਂ ਕਿਸੇ ਸੂਰਤ ਵਿਚ ਵੀ ਨਹੀਂ ਕਰਨਗੇ। ਬਸ ਉਹ ਤਾਂ ਚਾਹੁੰਦਾ ਹੀ ਇਹੋ ਕੁਝ ਸੀ। ਇਸ ਮਤਲਬ ਦੇ ਪੂਰਾ ਕਰਨ ਲਈ ਤਾਂ ਉਸ ਨੇ ਐਡੀਆਂ ਜਾਹਲਸਾਜ਼ੀਆਂ ਅਤੇ ਅਨੇਕ ਚਾਲਬਾਜ਼ੀਆਂ ਕੀਤੀਆਂ ਸਨ। ਹੁਣ ਸਮੇਂ ਨੂੰ ਆਪਣੇ ਹੱਕ ਵਿਚ ਦੇਖ ਕੇ ਝਟ ਇਕ ਰਾਤ 9 ਅਕਤੂਬਰ ੧੮੩੬—ਜੋ ਸਿੱਖ ਇਤਿਹਾਸ ਵਿਚ ਕਦੇ ਨਾ ਭੁੱਲਣ ਵਾਲੀ ਭਿਆਨਕ ਰਾਤ ਗਿਣੀ ਜਾਂਦੀ ਹੈ—ਨੂੰ ਆਪਣੇ ਦੋਹਾਂ ਭਾਈਆਂ ਗੁਲਾਬ ਸਿੰਘ ਤੇ ਸੁਚੇਤ ਸਿੰਘ ਨੂੰ ਸਣੇ ਆਪਣੇ ਕੁਝ ਕੁ ਇਤਬਾਰੀ ਨੌਕਰਾਂ ਦੇ ਲਾਹੌਰ ਦੇ ਕਿਲ੍ਹੇ ਵਿਚ ਭਾਈ ਦਿਆਲੇ ਵਾਲੇ ਦਰਵਾਜ਼ੇ[1] ਥਾਣੀ ਦਾਖ਼ਲ ਹੋਇਆ, ਜਦ ਕਿ ਅਜੇ ਪਹਿਰ ਰਾਤ ਬਾਕੀ ਸੀ। ਇਸ ਦਰਵਾਜ਼ੇ ਦੇ ਪਹਿਰੇਦਾਰ, ਇਸ ਨੇ ਪਹਿਲੇ ਹੀ ਆਪਣੇ ਨਾਲ ਮਿਲਾਏ ਹੋਏ ਸਨ। ਕਿਲ੍ਹੇ ਅੰਦਰ ਜਾ ਕੇ ਸ਼ਾਹੀ ਮਹੱਲ ਦੇ ਦਰਵਾਜ਼ੇ ਪਾਸ ਪਹੁੰਚੇ ਜੋ ਬੰਦ ਸੀ, ਪਰ ਧਿਆਨ ਸਿੰਘ ਨੇ ਪਹਿਰੇਦਾਰ ਦੇ ਕੰਨ ਵਿਚ ਠਹਿਰ ਕੇ ਕੁਝ ਆਖਿਆ, ਜਿਸ ਪਰ ਉਸ ਨੇ ਚੁੱਪਚਾਪ ਦਰਵਾਜ਼ਾ ਖੋਲ੍ਹ ਦਿੱਤਾ। ਇਥੋਂ ਇਹ

1. ਇਹ ਦਰਵਾਜ਼ਾ ਭਾਈ ਮਨੀ ਸਿੰਘ ਜੀ ਦੇ ਗੁਰਦੁਆਰੇ ਦੇ ਸਾਹਮਣੇ ਹੈ ਜੋ ਹੁਣ ਬੰਦ ਰਹਿੰਦਾ ਹੈ।

ਤਖ਼ਤਗਾਹ ਦੇ ਲਾਗੇ ਪਹੁੰਚੇ। ਇਸ ਦੇ ਨਾਲ ਵਾਲੀ ਹਵੇਲੀ ਜਿਸ ਨੂੰ ਖ਼ਵਾਬ ਗਾਹ ਆਖਦੇ ਹਨ, ਇਸ ਵਿਚ ਮਹਾਰਾਜਾ ਖੜਕ ਸਿੰਘ ਸੌਂਦੇ ਹੁੰਦੇ ਸਨ। ਇਹ ਅਜੇ ਖੁਵਾਬ ਗਾਹ ਤੋਂ ਜ਼ਰਾ ਕੁ ਦੁਰੇਡੇ ਹੀ ਸਨ ਕਿ ਸਾਮ੍ਹਣੇ ਪਾਸੇ ਤੋਂ ਮਹਾਰਾਜਾ ਦੇ ਦੋ ਵਫ਼ਾਦਾਰ ਅਰਦਲੀਆਂ ਨੇ ਇਨ੍ਹਾਂ ਨੂੰ ਹਥਿਆਰਬੰਦ ਦੇਖਿਆ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਰੋਕਿਆ ਅਤੇ ਭੱਜ ਕੇ ਕਿਲ੍ਹੇ ਦੇ ਪਹਿਰੇਦਾਰਾਂ ਨੂੰ ਖ਼ਬਰ ਦੇਣੀ ਚਾਹੀ ਪਰ ਧਿਆਨ ਸਿੰਘ ਨੇ ਆਪਣੀ ਤਲਵਾਰ ਨਾਲ ਉਨ੍ਹਾਂ ਨੂੰ ਉਥੇ ਹੀ ਮਾਰ ਦਿੱਤਾ। ਇਹ ਹੁਣ ਜਦ ਖੁਵਾਬਗਾਹ ਦੇ ਲਾਗੇ ਪਹੁੰਚੇ ਤਾਂ ਕੀ ਦੇਖਦੇ ਹਨ ਕਿ ਇਕਾਇਕ ਅੰਦਰੋਂ ਦਰਵਾਜ਼ਾ ਖੁਲ੍ਹਿਆ ਅਤੇ ਗਡਵਾਈ ਮਹਾਰਾਜਾ ਨੂੰ ਪੰਜ ਇਸ਼ਨਾਨਾ ਕਰਵਾ ਕੇ ਬਾਹਰ ਆ ਰਿਹਾ ਹੈ। ਕਿਉਂਕਿ[1] ਮਹਾਰਾਜਾ ਖੜਕ ਸਿੰਘ ਖ਼ਾਲਸਾ ਦੀ ਪੁਰਾਤਨ ਮਰਯਾਦਾ ਅਨੁਸਾਰ ਸਦਾ ਪਹਿਰ ਰਾਤ ਰਹਿੰਦੀ ਉਠ ਕੇ ਗੁਰਬਾਣੀ ਦਾ ਪਾਠ ਕਰਦਾ ਹੁੰਦਾ ਸੀ।[2] ਜਦ ਗਡਵਾਈ ਨੇ ਇਹਨਾਂ ਨੂੰ ਮਹੱਲ ਵੱਲ ਆਉਂਦੇ ਦੇਖਿਆ ਤਾਂ ਉਹ ਭੱਜਕੇ ਮਹਾਰਾਜਾ ਨੂੰ ਖ਼ਬਰ ਦੇਣਾ ਚਾਹੁੰਦਾ ਸੀ ਅਤੇ ਪਹਿਲੀ ਆਵਾਜ਼ ਅਜੇ ਉਸਦੇ ਮੂੰਹ ਵਿਚ ਹੀ ਸੀ ਕਿ ਸੁਚੇਤ ਸਿੰਘ ਨੇ, ਜਿਸ ਦੇ ਹੱਥ ਵਿਚ ਛੋਟੀ ਜਿਹੀ ਅੰਗਰੇਜ਼ੀ ਬੰਦੂਕ ਸੀ, ਉਸ ’ਤੇ ਗੋਲੀ ਚਲਾਈ ਅਤੇ ਉਸਨੂੰ ਉਥੇ ਹੀ ਢੇਰੀ ਕਰ ਦਿੱਤਾ। ਬੰਦੂਕ ਦੇ ਚਲਣ ਦੀ ਆਵਾਜ਼ ਸੁਣ ਕੇ ਗੁਲਾਬ ਸਿੰਘ ਬੜਾ ਘਬਰਾਇਆ ਤੇ ਆਪਣੇ ਭਾਈ ਨੂੰ ਨਰਾਜ਼ ਹੋ ਕੇ ਕਹਿਣ ਲੱਗਾ ਕਿ ਲੋੜ ਪਏ ਤਾਂ ਤਲਵਾਰ ਤੋਂ ਕੰਮ ਲਵੋ, ਬੰਦੂਕ ਨਹੀਂ ਚਲਾਉਣੀ ਚਾਹੀਦੀ, ਇਸ ਨਾਲ ਰੌਲਾ ਪੈਣ ਦਾ ਡਰ ਹੈ। ਹੁਣ ਇਹ ਬੜੀ ਤੇਜ਼ੀ ਨਾਲ ਮਹਾਰਾਜਾ ਦੇ ਕਮਰੇ ਵਿਚ ਜਾ ਵੜੇ। ਅੱਗੋਂ ਕੀ ਦੇਖਦੇ ਹਨ ਕਿ ਮਹਾਰਾਜਾ ਪਲੰਘ ’ਤੇ ਬੈਠਾ ਪਾਠ ਕਰ ਰਿਹਾ ਹੈ ਅਤੇ ਨਾਲ ਵਾਲਾ ਪਲੰਘ ਜਿਸ ’ਤੇ ਚੇਤ ਸਿੰਘ ਸੌਂਦਾ ਹੁੰਦਾ ਸੀ, ਖ਼ਾਲੀ ਪਿਆ ਹੈ। ਇਨ੍ਹਾਂ ਦਾ ਇਸ ਤਰ੍ਹਾਂ ਇਕਾਇਕ ਬਿਨਾਂ ਮਹਾਰਾਜ ਦੀ ਆਗਿਆ ਦੇ ਅੰਦਰ ਧਸਦਾ ਆਉਣਾ ਦੇਖ ਕੇ ਮਹਾਰਾਜਾ ਸਾਹਿਬ ਬੜਾ ਹੀ ਜੋਸ਼ ਵਿਚ ਆ ਗਿਆ ਅਤੇ ਝੱਟ ਆਪਣੀ ਸ਼ਮਸ਼ੇਰ ਨੂੰ ਜੋ ਸਿਰਹਾਣੇ ਪਈ ਸੀ, ਧੂਹ ਕੇ ਖਿੱਚਣ ਲੱਗਾ ਹੀ ਸੀ ਕਿ ਉਪਰੋਂ ਬੜੀ ਤੇਜ਼ੀ ਨਾਲ ਭੱਜ ਕੇ ਰਾਓ ਕੇਸਰੀ ਸਿੰਘ ਤੇ ਲਾਲ ਸਿੰਘ ਡੋਗਰਿਆਂ ਨੇ ਸਣੇ ਤਿੰਨ

1. ਸਰ ਲੈਪਲ ਗ੍ਰਿਫ਼ਨ।
2. ਮੇਜਰ ਸਮਾਇਥ।

ਚਾਰ ਹੋਰਨਾਂ ਸਾਥੀਆਂ ਦੇ ਮਹਾਰਾਜਾ ਨੂੰ ਫੜ ਲਿਆ। ਫੇਰ ਧਿਆਨ ਸਿੰਘ ਨੇ ਅੱਗੇ ਹੋਕੇ ਮਹਾਰਾਜਾ ਤੋਂ ਪੁੱਛਿਆ ਕਿ ਚੇਤ ਸਿੰਘ ਕਿਥੇ ਹੈ ? ਮਹਾਰਾਜਾ ਨੇ ਇਸਦਾ ਕੁਝ ਜੁਵਾਬ ਨਾ ਦਿੱਤਾ, ਛੇਕੜ ਵਿਚ ਫਿਰ ਪੁੱਛਣ ਪਰ ਓਸ ਆਖਿਆ ਕਿ ਜਦ ਬੰਦੂਕ ਦੇ ਚਲਣ ਦੀ ਆਵਾਜ਼ ਆਈ ਸੀ ਤਾਂ ਉਹ ਪਤਾ ਕਰਨ ਲਈ ਬਾਹਰ ਨਿਕਲਿਆ ਸੀ, ਹੋਰ ਮੈਨੂੰ ਕੁਝ ਪਤਾ ਨਹੀਂ। ਮਸ਼ਾਲਾਂ ਦੀ ਰੌਸ਼ਨੀ ਨਾਲ ਚੇਤ ਸਿੰਘ ਦੀ ਤਲਾਸ਼ ਸ਼ੁਰੂ ਕੀਤੀ ਗਈ। ਖ਼ੁਵਾਬਗਾਹ ਦੇ ਨਾਲ ਵਾਲਾ ਕਮਰਾ ਜੋ ਬੜਾ ਹੀ ਲੰਮਾ ਤੇ ਤੈਹਖਾਨੇ ਦੀ ਸ਼ਕਲ ਦਾ ਬਣਿਆ ਹੋਇਆ ਸੀ, ਉਸ ਵਿਚ ਬੜੀ ਖੋਜ ਕੀਤੀ ਗਈ, ਪਰ ਕੁਝ ਪਤਾ ਨਾ ਮਿਲਿਆ। ਇਹ ਅੱਕ ਕੇ ਬਾਹਰ ਨਿਕਲਣ ਲੱਗੇ ਹੀ ਸਨ ਕਿ ਗੁਲਾਬ ਸਿੰਘ ਦੇ ਇਕ ਪਹਾੜੀ ਨੌਕਰ ਨੇ ਤਹਿਖਾਨੇ ਦੀ ਗੁਠ ਵਿੱਚ ਕੁਝ ਲਿਸ਼ਕਾਰਾ ਜਿਹਾ ਦੇਖਿਆ। ਇਸ ਨੇ ਗੁਲਾਬ ਸਿੰਘ ਦਾ ਓਧਰ ਧਿਆਨ ਦਿਵਾਇਆ, ਕੁਝ ਕਦਮ ਅੱਗੇ ਜਾਣ ਤੋਂ ਮਾਲੂਮ ਹੋਇਆ ਕਿ ਚੇਤ ਸਿੰਘ ਨੰਗੀ ਤਲਵਾਰ ਹੱਥ ਵਿਚ ਲਈ ਖੜ੍ਹਾ ਹੈ। ਇਸ ਦੇ ਵਾਰ ਕਰਨ ਤੋਂ ਪਹਿਲਾਂ ਹੀ ਇਸ ਨੂੰ ਫੜ ਲਿਆ ਗਿਆ ਅਤੇ ਘਸੀਟ ਕੇ ਮਹਾਰਾਜਾ ਖੜਕ ਸਿੰਘ ਦੇ ਸਾਹਮਣੇ ਦਰਵਾਜ਼ੇ ਵੱਲ ਲਿਆਂਦਾ ਗਿਆ ਅਤੇ ਮਹਾਰਾਜਾ ਦੇ ਐਨ ਸਾਹਮਣੇ ਜਦ ਕਿ ਉਹ ਆਪਣੀ ਰੱਖਿਆ ਲਈ ਮਹਾਰਾਜਾ ਨੂੰ ਦਿਲ ਚੀਰਵੀਂ ਆਵਾਜ਼ ਨਾਲ ਉੱਚੀ-ਉੱਚੀ ਪੁਕਾਰਦਾ ਸੀ, ਧਿਆਨ ਸਿੰਘ ਨੇ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ[1]। ਹੁਣ ਇਸ ਦੀ ਬੋਟੀ ਬੋਟੀ ਵੱਖ ਕੀਤੀ ਗਈ। ਫੇਰ ਕਿਲ੍ਹੇ ਵਿਚ ਇਕਲਵੰਜੇ ਟੋਆ ਪੁਟਵਾ ਕੇ ਇਸ ਦੀ ਲੋਥ, ਜਿਸ ਦੇ ਕਈ ਟੋਟੇ ਕਰ ਦਿੱਤੇ ਗਏ ਸਨ, ਉਸ ਵਿਚ ਦਬਵਾ ਦਿੱਤੀ। ਕਹਿੰਦੇ ਹਨ ਕਿ ਚੇਤ ਸਿੰਘ ਦੇ ਕਤਲ ਦੇ ਬਾਅਦ ਧਿਆਨ ਸਿੰਘ ਤੇ ਗੁਲਾਬ ਸਿੰਘ ਮਹਾਰਾਜਾ ਨੂੰ ਵੀ ਕਤਲ ਕਰਨਾ ਚਾਹੁੰਦੇ ਸਨ, ਪਰ ਕੌਰ ਨੌਨਿਹਾਲ ਸਿੰਘ ਤੇ ਉਸਦੀ ਮਾਂ ਨੂੰ ਇਨ੍ਹਾਂ ਦੇ ਇਸ ਇਰਾਦੇ ਦਾ ਸਮੇਂ ਸਿਰ ਪਤਾ ਲੱਗ ਗਿਆ, ਜਿਸਦੇ ਕਾਰਨ ਮਹਾਰਾਜਾ ਦੇ ਕਤਲ ਦੇ ਅੱਤਿਆਚਾਰ ਵਿਚ ਉਸ ਸਮੇਂ ਉਹ ਕਾਮਯਾਬ ਨਾ ਹੋ ਸਕੇ[2]।

---

1. ਮੇਜਰ ਸਮਾਇਥ।
2. ਕਰਨਲ ਸਟੰਨ ਬਾਦ।

ਕਰਨਲ ਗਾਰਡਨਰ ਦੀ ਜ਼ਬਾਨੀ
ਸ੍ਰ: ਚੇਤ ਸਿੰਘ ਦੇ ਕਤਲ ਦੇ ਅੱਖੀਂ ਡਿੱਠੇ ਹਾਲ

ਕਰਨਲ ਅਲੈਗਜ਼ੰਡਰ ਗਾਡਨਰ ਉਸ ਯੂਰਪੀਨ ਅਫ਼ਸਰ ਦਾ ਨਾਮ ਹੈ ਜੋ ਗੁਲਾਬ ਸਿੰਘ ਦੀ ਫ਼ੌਜ ਵਿਚ ਕਰਨਲੀ ਦੇ ਔਹਦੇ 'ਤੇ ਸੀ। ਸ੍ਰ: ਚੇਤ ਸਿੰਘ ਦੇ ਕਤਲ ਦੀ ਦਰਦਨਾਕ ਘਟਨਾ ਉਸਦੇ ਅੱਖੀਂ ਡਿੱਠੇ ਵਾਕਿਆਤ ਹਨ। ਉਹ ਲਿਖਦਾ ਹੈ ਕਿ ਉਸ ਭਿਆਨਕ ਰਾਤ ਨੂੰ ਮੈਨੂੰ ਧਿਆਨ ਸਿੰਘ ਨੇ ਹੁਕਮ ਦਿੱਤਾ ਕਿ ਆਪਣੀ ਰਜਮੰਟ ਦੇ ਇਕ ਸੌ ਜੁਵਾਨਾਂ ਨੂੰ ਭਰੀਆਂ ਰਫ਼ਲਾਂ ਦੇਕੇ ਰਾਤ ਦੇ ਹਨੇਰੇ ਵਿਚ ਸ਼ਾਹੀ ਕਿਲ੍ਹੇ ਦੇ ਦਰਵਾਜ਼ਿਆਂ 'ਤੇ ਪਹਿਰਾ ਲਾ ਦੇਵੇ ਅਤੇ ਕੁਝ ਆਵਾਜ਼ ਪੁਕਾਰ ਉਹ ਸੁਣਨ ਉਸ ਵੱਲ ਕੁਝ ਵੀ ਧਿਆਨ ਨਾ ਦੇਣਾ। ਨਾਲ ਹੀ ਰਾਜਾ ਧਿਆਨ ਸਿੰਘ ਨੇ ਮੇਰੇ ਤੋਂ ਪੁੱਛਿਆ, ਕੀ ਰਾਤ ਨੂੰ ਮੇਰੇ ਨਾਲ ਤੂੰ ਜਾਣਾ ਪਸੰਦ ਕਰਦਾ ਹੈਂ ? ਮੈਂ ਇਸ ਹੁਕਮ ਨੂੰ ਪਰਵਾਨ ਕਰ ਲਿਆ। ਅੱਧੀ ਰਾਤ ਦੇ ਬਾਅਦ ਜਦ ਅਸੀਂ ਕਿਲ੍ਹੇ ਵਿਚ ਦਾਖ਼ਲ ਹੋਏ ਅਰ ਦਰਵਾਜ਼ੇ ਤੋਂ ਥੋੜ੍ਹਾ ਕੁ ਅੱਗੇ ਗਏ ਹੀ ਸਾਂ ਕਿ ਸਾਹਮਣੇ ਪਾਸੇ ਤੋਂ ਇਕ ਆਵਾਜ਼ ਆਈ, ਕੌਣ ਹੈ ? ਧਿਆਨ ਸਿੰਘ ਨੇ ਜਵਾਬ ਦਿੱਤਾ "ਮਹਾਰਾਜਾ ਨੇ ਕੱਲ੍ਹ ਸਵੇਰੇ ਅੰਮ੍ਰਿਤਸਰ ਇਸ਼ਨਾਨ ਲਈ ਜਾਣਾ ਹੈ, ਅਸੀਂ ਉਸ ਲਈ ਜ਼ਰੂਰੀ ਤਿਆਰੀ ਕਰਨ ਆਏ ਹਾਂ।" ਇਥੋਂ ਚਲਕੇ ਅਸੀਂ ਹੋਰ ਅੰਦਰੂਨੀ ਦਰਵਾਜ਼ੇ 'ਤੇ ਪਹੁੰਚੇ, ਜਿਸ ਦੇ ਪਹਿਰੇਦਾਰ ਦੇ ਕੰਨ ਵਿਚ ਧਿਆਨ ਸਿੰਘ ਨੇ ਹੌਲੀ ਜਿਹੀ ਕੁਝ ਆਖਿਆ, ਜਿਸ ਨੇ ਦਰਵਾਜ਼ਾ ਖੋਹਲ ਦਿੱਤਾ। ਹੁਣ ਅਸੀਂ ਚੁੱਪਚਾਪ ਦੱਬੇ ਪੈਰੀਂ ਅੱਗੇ ਵੱਧਦੇ ਗਏ ਤੇ ਸਾਹਮਣੇ ਪੌੜੀਆਂ ਕੋਲ ਜਾ ਪਹੁੰਚੇ, ਜਿਨ੍ਹਾਂ ਉਤੇ ਚੜ੍ਹਕੇ ਅਸੀਂ ਉਸ ਥਾਂ 'ਤੇ ਜਾ ਖੜੋਤੇ ਜਿਸਨੂੰ 'ਪਾਤਸ਼ਾਹੀ ਤਖ਼ਤ' ਕਿਹਾ ਜਾਂਦਾ ਹੈ। ਇਥੋਂ ਥੋੜ੍ਹਾ ਅੱਗੇ ਜਾਣ 'ਤੇ ਅਸੀਂ ਸ਼ਾਹੀ ਕਮਰਿਆਂ ਦੇ ਲਾਗੇ ਪਹੁੰਚ ਗਏ। ਇਸ ਜਗ੍ਹਾ ਧਿਆਨ ਸਿੰਘ ਨੇ ਗੁਲਾਬ ਸਿੰਘ ਦੇ ਕੰਨ ਨਾਲ ਆਪਣਾ ਮੂੰਹ ਜੋੜ ਕੇ ਕੁਝ ਕੰਨਾਪੋਸੀ ਕੀਤੀ, ਜਿਸ ਦਾ ਮਤਲਬ ਮੈਂ

ਕੁਝ ਨਾ ਸਮਝ ਸਕਿਆ। ਠੀਕ ਇਸ ਵਕਤ ਕਿਲ੍ਹੇ ਦੇ ਨੌਕਰਾਂ ਵਿਚੋਂ ਇਕ ਦੀ ਨੀਂਦਰ ਖੁਲ੍ਹ ਗਈ ਅਤੇ ਅਸਾਨੂੰ ਦੇਖ ਕੇ ਭੱਜ ਪਿਆ ਤੇ ਰੌਲਾ ਪਾਉਣ ਲੱਗਾ। ਅਜੇ ਉਹ ਬਹੁਤ ਦੂਰ ਨਹੀਂ ਸੀ ਗਿਆ ਕਿ ਸੁਚੇਤ ਸਿੰਘ ਨੇ ਉਸਨੂੰ ਗੋਲੀ ਨਾਲ ਮਾਰ ਦਿੱਤਾ। ਗੁਲਾਬ ਸਿੰਘ ਨੇ ਇਸ ਦੀ ਇਸ ਬੇ-ਸਮਝੀ ਦੇ ਕੰਮ ਨੂੰ ਦੇਖ ਕੇ ਬੜੇ ਜ਼ੋਰ ਦਾ ਮੁੱਕਾ ਸੁਚੇਤ ਸਿੰਘ ਦੇ ਕੰਨ ਤੇ ਮਾਰਿਆ ਅਤੇ ਹੌਲੀ-ਹੌਲੀ ਉਸ ਨੂੰ ਗਾਹਲੀਆਂ ਦਿੱਤੀਆਂ। ਇੰਨੇ ਨੂੰ ਅਸਾਂ ਛੱਤ ਦੇ ਬਨੇਰੇ ਤੋਂ ਹੇਠਾਂ ਜਦ ਤੱਕਿਆ ਤਾਂ ਥੱਲੇ ਕੀ ਦੇਖਦੇ ਹਾਂ ਕਿ ਮਹਾਰਾਜੇ ਦੀ ਬਾਡੀ ਗਾਰਡ (ਜਾਨ ਦੀ ਰਖਵਾਲੀ ਫ਼ੌਜ) ਦੀਆਂ ਕੰਪਨੀਆਂ ਹਥਿਆਰ ਲਈ ਤਿਆਰ ਖੜ੍ਹੋਤੀਆਂ ਹਨ। ਹੁਣ ਧਿਆਨ ਸਿੰਘ ਬੜੀ ਤੇਜ਼ੀ ਨਾਲ ਦੌੜ ਕੇ ਪੌੜੀਆਂ ਤੋਂ ਥਲੇ ਗਿਆ ਤੇ ਫ਼ੌਜ ਦੇ ਕੋਲ ਜਾ ਖੜ੍ਹੋਤਾ। ਅਗੋਂ ਸੂਬੇਦਾਰ ਨੇ ਜੋ ਇਨ੍ਹਾਂ ਕੰਪਨੀਆਂ ਦਾ ਇਨਚਾਰਜ ਸੀ, ਧਿਆਨ ਸਿੰਘ ਨੂੰ ਸਲਾਮ ਕੀਤਾ ਅਤੇ ਆਖਿਓਸੁ ਕਿ ਇਥੇ ਬੰਦੂਕ ਕਿਨ ਚਲਾਈ ਹੈ ? ਇਸ ਵਕਤ ਮੈਂ (ਕਰਨਲ ਗਾਰਡਨਰ) ਬੜਾ ਛੇਤੀ ਹੀ ਧਿਆਨ ਸਿੰਘ ਦੇ ਕੋਲ ਪਹੁੰਚ ਗਿਆ ਅਤੇ ਠੀਕ ਉਸਦੇ ਪਿੱਛੇ ਖੜ੍ਹਾ ਹੋ ਗਿਆ। ਧਿਆਨ ਸਿੰਘ ਨੇ ਆਪਣਾ ਸੱਜਾ ਹੱਥ ਸਾਹਮਣੇ ਕਰਕੇ ਦੱਸਿਆ ਜਿਸ ਹੱਥ ਦੇ ਦੋ ਅੰਗੂਠੇ ਸਨ, ਅਰਥਾਤ ਧਿਆਨ ਸਿੰਘ ਛੇ ਉਂਗਲਾ ਸੀ[1] ਅਤੇ ਆਪਣੇ ਹੱਥ ਦੀ ਅੰਗੂਠੇ ਦੇ ਨਾਲ ਵਾਲੀ ਉਂਗਲੀ ਆਪਣੇ ਹੇਠਾਂ ਉੱਪਰ ਰੱਖੀ, ਜਿਸ ਤੋਂ ਭਾਵ ਇਹ ਸੀ 'ਚੁੱਪ ਕਰੋ'। ਸੂਬੇਦਾਰ ਨੇ ਧਿਆਨ ਸਿੰਘ ਦੇ ਹੱਥ ਦੇ ਵਾਧੂ ਅੰਗੂਠੇ ਦੇ ਪ੍ਰਸਿੱਧ ਨਿਸ਼ਾਨ ਨੂੰ ਦੇਖ ਕੇ ਆਪਣੇ ਸਿਪਾਹੀਆਂ ਨੂੰ ਹੌਲੀ ਜਿਹੀ ਹੁਕਮ ਦਿੱਤਾ ਕਿ 'ਲੇਟ ਜਾਓ'। ਇਸ ਹੁਕਮ ਦੇ ਸੁਣਦਿਆਂ ਹੀ ਦੋਵੇਂ ਕੰਪਨੀਆਂ ਲੇਟ ਗਈਆਂ। ਹੁਣ ਸੂਬੇਦਾਰ ਨੇ ਚੁੱਪ-ਚਾਪ ਇਸ਼ਾਰੇ ਨਾਲ ਉਹ ਕਮਰਾ ਦੱਸਿਆ ਜਿਸ ਵਿਚ ਚੇਤ ਸਿੰਘ ਤੇ ਮਹਾਰਾਜਾ ਖੜਕ ਸਿੰਘ ਸੌਂ ਰਹੇ ਸਨ। ਇਸ ਦਾ ਦਰਵਾਜ਼ਾ ਜਾਣ ਬੁਝ ਕੇ ਕਿਸੇ ਨੇ ਖੁੱਲ੍ਹਾ ਛੱਡਿਆ ਹੋਇਆ ਸੀ ਅਤੇ ਅੰਦਰ

1. ਧਿਆਨ ਸਿੰਘ ਦੀ ਇਸ ਤਸਵੀਰ ਵਿਚ ਜੋ ਇਸ ਪੁਸਤਕ ਵਿਚ ਹੈ, ਲਾਇਕ ਚਿਤਰਕਾਰ ਨੇ ਉਸ ਦੇ ਹੱਥਾਂ ਦੀ ਛੇਵੀਂ ਉਂਗਲੀ ਬੜੀ ਸਫ਼ਾਈ ਨਾਲ ਦੱਸੀ ਹੈ, ਜਿਸ ਤੋਂ ਇਹ ਤਸਵੀਰ ਬਹੁਮੁੱਲੀ ਹੋ ਗਈ ਹੈ। ਇਸ ਤਸਵੀਰ ਤੋਂ ਛੁੱਟ ਹੋਰ ਕਿਸੇ ਤਸਵੀਰ ਵਿਚ ਇਹ ਬਰੀਕੀ ਦੇਖਣ ਵਿਚ ਨਹੀਂ ਆਈ।

ਧੀਮਾ-ਧੀਮਾ ਸ਼ਮਾਦਾਨ ਜਗ ਰਿਹਾ ਸੀ। ਇਕ ਕਮਰੇ ਵਿਚ ਸਭ ਤੋਂ ਪਹਿਲਾਂ ਧਿਆਨ ਸਿੰਘ ਨੇ ਕਦਮ ਰਖਿਆ ਅਤੇ ਉਸ ਦੇ ਪਿਛੇ ਅਸੀਂ ਸਾਰੇ ਅੰਦਰ ਜਾ ਵੜੇ। ਅੱਗੇ ਜਾ ਕੇ ਕੀ ਦੇਖਦੇ ਹਾਂ ਮਹਾਰਾਜਾ ਖੜਕ ਸਿੰਘ ਆਪਣੇ ਪਲੰਘ 'ਤੇ ਬੈਠਾ ਹੈ ਅਤੇ ਨਾਲ ਵਾਲਾ ਪਲੰਘ ਜਿਸ ਪਰ ਚੇਤ ਸਿੰਘ ਰਾਤ ਨੂੰ ਸੁੱਤਾ ਸੀ, ਖ਼ਾਲੀ ਪਿਆ ਹੈ। ਧਿਆਨ ਸਿੰਘ ਨੇ ਮਹਾਰਾਜਾ ਤੋਂ ਪੁੱਛਿਆ ਆਪਦਾ ਸਲਾਹਕਾਰ (ਚੇਤ ਸਿੰਘ) ਕਿੱਥੇ ਹੈ ? ਖੜਕ ਸਿੰਘ ਪਹਿਲਾਂ ਚੁਪ ਕਰ ਗਿਆ ਤੇ ਫਿਰ ਪੁੱਛਣ ਪਰ ਸਹਿਜੇ ਜਿਹਾ ਆਖਿਓਸੁ ਕਿ ਜਿਸ ਵਕਤ ਗੋਲੀ ਚਲੀ ਸੀ ਉਠ ਕੇ ਬਾਹਰ ਚਲਾ ਗਿਆ ਸੀ। ਅਸਾਡੇ ਚਿਹਰੇ ਨੂੰ ਦੇਖ ਕੇ ਮਹਾਰਾਜਾ ਜਾਣ ਗਿਆ ਕਿ ਇਹ ਚੇਤ ਸਿੰਘ ਦੀ ਜਾਨ ਲੈਣ ਆਏ ਹਨ, ਉਸ ਸਮੇਂ ਖੜਕ ਸਿੰਘ ਨੇ ਧਿਆਨ ਸਿੰਘ ਵਲ ਦੇਖ ਕੇ ਆਖਿਆ ਕਿ 'ਮੇਰੀ ਇਹ ਗੱਲ ਮੰਨ ਲਓ ਕਿ ਚੇਤ ਸਿੰਘ ਦੀ ਜਾਨ ਬਚਾਈ ਜਾਏ'। ਪਰ ਧਿਆਨ ਸਿੰਘ ਨੇ ਮਹਾਰਾਜਾ ਦੇ ਇਸ ਹੁਕਮ ਵੱਲ ਕੁਝ ਧਿਆਨ ਨਾ ਦਿੱਤਾ। ਇਸ ਦੇ ਬਾਅਦ ਅਸੀਂ ਬਾਹਰ ਆ ਗਏ ਅਤੇ ਇਥੇ ਦੋ ਮਸ਼ਾਲਾਂ ਜਗਾ ਲਈਆਂ ਅਤੇ ਜਦ ਅਸੀਂ ਉਸ ਕਮਰੇ ਵਿਚ ਪਹੁੰਚੇ ਜਿਥੇ ਕਿ ਉਸ ਦੇ ਮਿਲਣ ਦੀ ਆਸ ਸੀ, ਤਾਂ ਹਰ ਪਾਸੇ ਉਸ ਦੀ ਖੋਜ ਕੀਤੀ ਗਈ, ਪਰ ਚੇਤ ਸਿੰਘ ਦਾ ਕਿਤੇ ਵੀ ਪਤਾ ਨਾ ਲੱਗਾ। ਇਹ ਕਮਰਾ ਬੜਾ ਹੀ ਲੰਮਾ ਸੀ ਅਤੇ ਭੋਰੇ ਦੀ ਤਰ੍ਹਾਂ ਬਣਿਆ ਹੋਇਆ ਸੀ। ਜਦ ਅਸੀਂ ਮਾਯੂਸ ਹੋ ਕੇ ਵਾਪਸ ਮੁੜਨ ਲੱਗੇ ਹੀ ਸਾਂ ਕਿ ਅਸਾਂ ਵਿਚੋਂ ਰਾਉ ਲਾਲ ਸਿੰਘ ਨੇ ਆਖਿਆ ਕਿ ਮੈਨੂੰ ਕਮਰੇ ਦੇ ਪਰਲੇ ਕੋਨੇ ਵਿਚ ਕਿਸੇ ਚੀਜ਼ ਦੇ ਚਮਕਣ ਦਾ ਝਾਵਲਾ ਜਿਹਾ ਦਿੱਸਦਾ ਹੈ ਚਲ ਫਿਰ ਜਾ ਕੇ ਦੇਖੀਏ। ਅਸੀਂ ਓਧਰ ਗਏ ਤਾਂ ਕੀ ਦੇਖਦੇ ਹਾਂ ਕਿ ਚੇਤ ਸਿੰਘ ਇਕ ਤੰਗ ਜਿਹੀ ਗੁਫਾ ਵਿਚ ਨੰਗੀ ਤਲਵਾਰ ਹੱਥ ਵਿਚ ਲਈ ਖੜ੍ਹੋਤਾ ਹੈ। ਇਸ ਵਕਤ ਅਸਾਡੇ ਕੋਲ ਲੰਮੇ ਛੁਰੇ ਹੀ ਸਨ। ਧਿਆਨ ਸਿੰਘ ਨੇ ਜਦ ਚੇਤ ਸਿੰਘ ਨੂੰ ਦੇਖਿਆ ਤਾਂ ਐਨਾ ਕ੍ਰੋਧ ਵਿਚ ਆਇਆ ਕਿ ਮਾਨੋ ਉਸ ਦੀਆਂ ਅੱਖਾਂ ਤੋਂ ਅੱਗ ਦੀਆਂ ਚਿੰਗਾਰੀਆਂ ਨਿਕਲ ਰਹੀਆਂ ਸਨ। ਇਸ ਵਕਤ ਗੁਲਾਬ ਸਿੰਘ ਧਿਆਨ ਸਿੰਘ ਤੋਂ ਦੋ ਕਦਮ ਅੱਗੇ ਹੋ ਗਿਆ ਅਤੇ ਉਹ ਚਾਹੁੰਦਾ ਸੀ ਕਿ ਬਜਾਏ ਧਿਆਨ ਸਿੰਘ ਦੇ ਉਹ ਚੇਤ ਸਿੰਘ ਨੂੰ ਕਤਲ ਕਰੇ, ਕਿਉਂਕਿ ਧਿਆਨ ਸਿੰਘ ਦਾ ਕਦ ਬੜਾ ਛੋਟਾ ਸੀ ਅਤੇ ਗੁਲਾਬ ਸਿੰਘ ਨੂੰ ਡਰ ਸੀ ਕਿ ਐਸਾ ਨਾ ਹੋਵੇ ਜੇ ਕਿਤੇ ਚੇਤ

ਸਿੰਘ ਆਪਣੀ ਤਲਵਾਰ ਨਾਲ ਧਿਆਨ ਸਿੰਘ ਨੂੰ ਨੁਕਸਾਨ ਨਾ ਪਹੁੰਚਾਏ, ਪਰ ਧਿਆਨ ਸਿੰਘ ਨੇ ਬੜੇ ਜੋਸ਼ ਨਾਲ ਆਪਣੇ ਭਾਈ ਨੂੰ ਧਿੱਕਾ ਦੇ ਕੇ ਪਿੱਛੇ ਹਟਾ ਦਿੱਤਾ ਅਤੇ ਐਸੀ ਤੇਜ਼ੀ ਨਾਲ ਆਪਣੇ ਵੈਰੀ 'ਤੇ ਟੁੱਟ ਪਿਆ ਜਿਸ ਤਰ੍ਹਾਂ ਚੀਤਾ ਆਪਣੇ ਸ਼ਿਕਾਰ 'ਤੇ ਪਲੰਮਦਾ ਹੈ ਅਤੇ ਬੜੇ ਜੋਸ਼ ਨਾਲ ਆਪਣਾ ਤੇਜ਼ ਛੁਰਾ ਚੇਤ ਸਿੰਘ ਦੇ ਪੇਟ ਵਿਚ ਮਾਰਿਆ ਤੇ ਮੂੰਹ ਤੋਂ ਆਖਿਓਸੁ ਕਿ "ਲੈ ਇਹ ਰਣਜੀਤ ਸਿੰਘ ਦੀ ਯਾਦਗਾਰ ਹੈ" ਚੇਤ ਸਿੰਘ ਉਥੇ ਹੀ ਤੜਫ ਕੇ ਮਰ ਗਿਆ। ਧਿਆਨ ਸਿੰਘ ਦਾ ਚਿਹਰਾ ਇਸ ਕਾਮਯਾਬੀ 'ਤੇ ਖਿੜ ਗਿਆ ਅਤੇ ਅਸਾਡੇ ਸਾਰਿਆਂ ਦਾ ਬੜਾ ਧੰਨਵਾਦ ਕੀਤਾ। ਇਹ ਘਟਨਾ ੯ ਅਕਤੂਬਰ ਸੰਨ ੧੮੩੯ ਦੀ ਹੈ।

ਸਰਦਾਰ ਚੇਤ ਸਿੰਘ ਦੇ ਕਤਲ ਦੀ ਬਾਬਤ ਧਿਆਨ ਸਿੰਘ ਨੇ ਅਗਲੇ ਦਿਨ ਇਹ ਆਮ ਮਸ਼ਹੂਰ ਕਰ ਦਿੱਤਾ ਕਿ ਚੇਤ ਸਿੰਘ 'ਖਾਲਸਾ ਰਾਜ' ਅੰਗਰੇਜ਼ਾਂ ਦੇ ਹੱਥ ਵੇਚਣ ਲੱਗਾ ਸੀ। ਇਸ ਦੀ ਇਸ ਚਾਲ ਦਾ ਮਹਾਰਾਜਾ ਖੜਕ ਸਿੰਘ ਨੂੰ ਸਮੇਂ ਸਿਰ ਪਤਾ ਲੱਗ ਗਿਆ। ਇਸ ਅਪਰਾਧ ਲਈ ਮਹਾਰਾਜਾ ਨੇ ਉਸ ਨੂੰ ਆਪ ਕਤਲ ਕਰਵਾ ਦਿੱਤਾ ਹੈ।[1]

ਇਸ ਤਰ੍ਹਾਂ ਸਰਦਾਰ ਚੇਤ ਸਿੰਘ ਦੀ ਕੁਰਬਾਨੀ, ਪੰਜਾਬ ਦੇ ਖ਼ੂਨੀ ਨਜ਼ਾਰਿਆਂ ਦਾ ਪਹਿਲਾ ਕਤਲ ਸੀ, ਜੋ ਧਿਆਨ ਸਿੰਘ ਨੇ ਕੀਤਾ[2] ਜਿਸ ਨਾਲ ਖ਼ਾਲਸਾ ਸਲਤਨਤ ਦੇ ਅਡੋਲ ਸਮੁੰਦਰ ਵਿਚ ਤੂਫ਼ਾਨ ਉਠੇ ਕਿ ਜਿਸ ਦੀਆਂ ਲਹਿਰਾਂ ਨਾਲ ਸਾਰਾ ਸੰਸਾਰ ਭੈਭੀਤ ਹੋ ਗਿਆ ਅਤੇ ਸਿੱਟਾ ਇਸਦਾ ਇਹ ਨਿਕਲਿਆ ਕਿ ਸਿੱਖਾਂ ਦਾ ਰਾਜ ਬਰਬਾਦ ਹੋ ਗਿਆ।

---

1. ਇਲਨਜ਼, ਹਿਸਟਰੀ ਔਫ਼ ਦੀ ਪੰਜਾਬ—ਪੰਨਾ ੨੧੨।
2. ਥਰਟੀ ਫ਼ਾਈਵ ਈਅਰਜ਼ ਇਨ ਦੀ ਈਸਟ—ਹਾਂਗਬਰਗਰ, ਪੰਨਾ ੧੦੧।

ਮਹਾਰਾਜਾ ਖੜਕ ਸਿੰਘ ਦਾ ਰਾਜ-ਤਿਆਗ

ਸਰਦਾਰ ਚੇਤ ਸਿੰਘ ਦਾ ਇਸ ਤਰ੍ਹਾਂ ਬੇ-ਤਰਸੀ ਨਾਲ ਮਹਾਰਾਜਾ ਖੜਕ ਸਿੰਘ ਦੀਆਂ ਅੱਖਾਂ ਦੇ ਸਾਹਮਣੇ ਬੋਟੀ-ਬੋਟੀ ਕਰ ਦੇਣ ਨਾਲ ਮਹਾਰਾਜਾ ਨੇ ਐਨਾ ਦੁੱਖ ਪ੍ਰਤੀਤ ਕੀਤਾ ਕਿ ਉਹ ਅਗਲੀ ਭਲਕ ਨੂੰ ਕਿਲ੍ਹੇ ਤੋਂ ਨਿਕਲ ਕੇ ਆਪਣੀ ਪ੍ਰਸਿੱਧ ਹਵੇਲੀ ਜੋ ਲੁਹਾਰੀ ਦਰਵਾਜ਼ਾ ਦੇ ਅੰਦਰ ਹੈ[1]। ਉਥੇ ਜਾ ਰਿਹਾ ਅਤੇ ਡਾਢੀ ਉਦਾਸੀ ਦੀ ਦਿਸ਼ਾ ਵਿਚ ਟੁੱਟੇ ਹੋਏ ਹਿਰਦੇ ਨਾਲ ਐਨਾ ਇਕਾਂਤੀ ਜਿਹਾ ਹੋ ਗਿਆ ਕਿ ਰਾਜ ਪ੍ਰਬੰਧ ਦੇ ਕੰਮਾਂ ਵਲੋਂ ਉੱਕਾ ਹੀ ਆਪਣੇ ਧਿਆਨ ਨੂੰ ਮੋੜ ਲਿਆ[1]। ਇਥੋਂ ਤੱਕ ਸੱਟ ਆਪਦੇ ਦਿਲ

---

1. ਮਹਾਰਾਜਾ ਖੜਕ ਸਿੰਘ ਦੀ ਹਵੇਲੀ ਲੁਹਾਰੀ ਦਰਵਾਜੇ ਦੇ ਅੰਦਰ ਨਿਹਾਲ ਚੰਦ ਦੇ ਮੰਦਰ ਦੇ ਸਾਹਮਣੇ ਲਾਹੌਰ ਦੀਆਂ ਪ੍ਰਸਿੱਧ ਅਮਾਰਤਾਂ ਵਿਚੋਂ ਇਕ ਸੀ ਜੋ ਓਸ ਸਮੇਂ ਦੀ ਕਾਰੀਗਰੀ ਦਾ ਇਕ ਉੱਚਾ ਨਮੂਨਾ ਸੀ, ਜਿਸ ਦਾ ਇਕ ਦਰਵਾਜ਼ਾ ਲਾਹੌਰ ਦੇ ਅਜਾਇਬਘਰ ਦੇ ਬਾਹਰਲੇ ਦਰਵਾਜ਼ੇ ਵਿਚ ਵੜਦਿਆਂ ਹੀ ਖੱਬੇ ਹੱਥ ਦੀਵਾਰ ਨਾਲ ਜੁੜਿਆ ਹੋਇਆ ਹੈ, ਜਿਸ ਦੇ ਬਰੀਕ ਕੰਮ ਨੂੰ ਦੇਖਿਆਂ ਸੌਖਾ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਜਦ ਦਰਵਾਜ਼ੇ ਦਾ ਇਹ ਹਾਲ ਹੈ ਤਾਂ ਬਾਕੀ ਦੀ ਹਵੇਲੀ ਦਾ ਕਿੰਨਾ ਸੁਹੱਪਣ ਦਾ ਨਮੂਨਾ ਹੋਣਾ ਹੈ, ਪਰ ਇਹ ਗੱਲ ਬੜੇ ਸ਼ੋਕ ਨਾਲ ਲਿਖਣੀ ਪੈਂਦੀ ਹੈ ਕਿ ਇਸ ਇਤਿਹਾਸਕ ਅਮਾਰਤ ਦਾ ਹੁਣ ਕਿਤੇ ਨਾਮ ਨਿਸ਼ਾਨ ਵੀ ਬਾਕੀ ਨਹੀਂ ਰਿਹਾ। ਅਸਾਂ ਬੜੀ ਖੋਜ ਦੇ ਬਾਅਦ ਮਸਾਂ ਕਿਤੇ ਪਤਾ ਕੱਢਿਆ ਤੇ ਜਾਕੇ ਡਿੱਠਾ ਤਾਂ ਖ਼ਾਲਸੇ ਦੀ ਅਨਗਹਿਲੀ ਦੀ ਤਸਵੀਰ ਅੱਖਾਂ ਦੇ ਸਾਹਮਣੇ ਆ ਖੜੋਤੀ, ਅਰਥਾਤ ਹੁਣ ਉਥੇ ਹਵੇਲੀ ਦੀ ਥਾਂ ਇਕ ਬਗ਼ੀਚੀ ਜਿਹੀ ਬਣੀ ਹੋਈ ਹੈ ਜਿਸ ਦੇ ਬਾਹਰਲੇ ਦਰਵਾਜ਼ੇ 'ਤੇ ਇਕ ਬੋਰਡ ਲਟਕ ਰਿਹਾ ਹੈ, ਜਿਸ ਪਰ ਲਿਖਿਆ ਹੋਇਆ ਹੈ "ਬਾਗ਼ੀਚਾ ਲਾਲਾ ਨਿਹਾਲ ਚੰਦ ਸਾਹਿਬ"। ਇਹ ਵੀ ਸੁਣਨ ਵਿਚ ਆਇਆ ਹੈ ਕਿ ਇਹ ਜਾਇਦਾਦ ਲਾਲਾ ਨਿਹਾਲ ਚੰਦ ਦੇ ਮੰਦਰ ਨਾਲ ਲਾ ਦਿੱਤੀ ਗਈ ਹੈ। ਇਹ ਸਵਾਲ ਹੱਲ ਤਲਬ ਹੈ ਕਿ ਕਿਸ ਅਧਿਕਾਰ ਨਾਲ ਇਹ ਜਾਇਦਾਦ ਇਸ ਮੰਦਰ ਦੇ ਨਾਲ ਲੱਗੀ।

ਨੂੰ ਵੱਜੀ ਕਿ ਇਸ ਦੇ ਪਿੱਛੋਂ ਇਕ ਦੋ ਮੌਕਿਆਂ ਤੋਂ ਛੁੱਟ ਹਵੇਲੀ ਤੋਂ ਬਾਹਰ ਆਪ ਨੇ ਕਦਮ ਵੀ ਨਾ ਰੱਖਿਆ।

ਜਦ ਮਹਾਰਾਜਾ ਖੜਕ ਸਿੰਘ ਰਾਜ ਪ੍ਰਬੰਧ ਦੇ ਕੰਮਾਂ ਤੋਂ ਉਪਰਾਮ ਹੋ ਗਿਆ ਤਾਂ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੇ ੨੦ ਸਾਲ ਦੀ ਉਮਰ ਵਿਚ ਸਲਤਨਤ ਦਾ ਕੰਮ ਆਪਣੇ ਹੱਥ ਵਿਚ ਲੈ ਲਿਆ ਅਤੇ ਆਪਣੀ ਰੱਬੀ ਬਖ਼ਸ਼ਸ਼ ਵਾਲੀ ਯੋਗਤਾ ਨਾਲ ਰਾਜ ਦਾ ਹਰ ਇਕ ਕੰਮ ਬੜੀ ਚੰਗੀ ਤਰ੍ਹਾਂ ਚਲਾਉਣ ਲੱਗਾ। ਧਿਆਨ ਸਿੰਘ ਵਜ਼ਾਰਤ ਦਾ ਕੰਮ ਨਾਮ ਮਾਤਰ ਕਰਦਾ ਰਿਹਾ। ਹੁਣ ਮਹਾਰਾਜਾ ਨੌਨਿਹਾਲ ਸਿੰਘ ਨੇ ਲੰਮੀ ਵਿਚਾਰ ਦੇ ਬਾਅਦ ਇਹ ਫੈਸਲਾ ਕੀਤਾ ਕਿ ਰਾਜ ਪ੍ਰਬੰਧ ਦੇ ਕੰਮਾਂ ਵਿਚ ਕੇਵਲ ਇਕੋ ਧਿਆਨ ਸਿੰਘ ਵਜ਼ੀਰ ਦੀ ਰਾਇ ਪਰ ਚਲਣ ਦੀ ਥਾਂ ਇਕ ਜ਼ਿੰਮੇਵਾਰ ਪੰਚਾਇਤ (ਕੌਂਸਲ) ਬਣਾਈ ਜਾਏ, ਜਿਸ ਦੀ ਸੰਮਤੀ ਨਾਲ ਸਾਰੇ ਕੰਮ ਚਲਾਏ ਜਾਇਆ ਕਰਨ। ਇਸ ਕਾਰਜ ਲਈ ਇਕ ਕੌਂਸਲ ਬਣਾਈ ਗਈ ਜੋ ਮੌਜੂਦਾ ਸਮੇਂ ਦੀ ਪਰੀਵੀ ਕੌਂਸਲ ਦੀ ਤਰ੍ਹਾਂ ਸੀ[2]। ਇਸ ਵਿਚ ਸਰਦਾਰ ਲਹਿਣਾ ਸਿੰਘ ਮਜੀਠੀਆ, ਸਰਦਾਰ ਅਜੀਤ ਸਿੰਘ ਸੰਧਾਵਾਲੀਆ, ਭਾਈ ਰਾਮ ਸਿੰਘ, ਰਾਜਾ ਧਿਆਨ ਸਿੰਘ ਤੇ ਜਮਾਂਦਾਰ ਖ਼ੁਸ਼ਹਾਲ ਸਿੰਘ ਤੇ ਫ਼ਕੀਰ ਅਜ਼ੀਜ਼ੁਦੀਨ ਸ਼ਾਮਲ ਸਨ। ਹੁਣ ਸਾਰੇ ਕੰਮ ਕੌਂਸਲ ਦੀ ਰਾਇ ਨਾਲ ਹੋਣ ਲੱਗੇ। ਕੁਝ ਦਿਨਾਂ ਪਿੱਛੋਂ ਇਕ ਦਿਨ ਮਹਾਰਾਜਾ ਨੌਨਿਹਾਲ ਸਿੰਘ ਵਲੋਂ ਦਰਬਾਰ ਵਿਚ ਇਹ ਵਿਚਾਰ ਪੇਸ਼ ਹੋਈ ਕਿ ਪਹਾੜੀ ਰਾਜਪੂਤ ਰਾਜਿਆਂ ਦੀਆਂ ਰਿਆਸਤਾਂ ਮੰਡੀ ਸਕੇਤ, ਕਾਂਗੜਾ ਆਦਿ ਪੂਰੇ ਤੌਰ 'ਤੇ ਸਿੱਖ ਰਾਜ ਨਾਲ ਮਿਲਾ ਲੈਣੀਆਂ ਚਾਹੀਦੀਆਂ ਹਨ। ਇਸ ਉਪਰ ਬੜੀ ਲੰਮੀ ਵਿਚਾਰ ਹੁੰਦੀ ਰਹੀ। ਕਈ ਅੱਗੇ ਆਉਣ ਵਾਲੇ ਜ਼ਰੂਰੀ ਮੁਆਮਲਿਆਂ ਨੂੰ ਅੱਖਾਂ ਅੱਗੇ ਰੱਖ ਕੇ ਬਿਨਾਂ ਧਿਆਨ ਸਿੰਘ ਦੇ ਸਾਰੀ ਕੌਂਸਲ ਨੇ ਇਹ ਰਾਇ ਪਾਸ ਕੀਤੀ ਕਿ ਭਾਵੇਂ ਇਹ ਰਿਆਸਤਾਂ ਅੱਗੇ ਵੀ ਖ਼ਾਲਸਾ ਰਾਜ ਦੀਆਂ ਬਾਜਗੁਜ਼ਾਰੀ ਹਨ, ਪਰ ਇਕ ਤਾਂ ਇਹ ਕਦੇ ਸਮੇਂ ਸਿਰ ਆਪਣੀ ਬਾਜਗੁਜ਼ਾਰੀ ਨਹੀਂ ਦਾਖ਼ਲ ਕਰਦੇ, ਦੂਜਾ ਕੋਈ ਜ਼ਰੂਰੀ ਰਾਜਸੀ ਕੰਮਾਂ ਲਈ ਖ਼ਾਲਸਾ ਫ਼ੌਜਾਂ ਦਾ ਕਬਜ਼ਾ ਰਿਆਸਤ ਮੰਡੀ ਦੇ 'ਕਮਲਾ

1. ਰ.ਬ. ਘੱਨਯਾ ਲਾਲ।
2. ਇਲਨਜ਼ ਹਿਸਟਰੀ ਔਫ ਦੀ ਪੰਜਾਬ—ਪੰਨਾ ੨੧।

ਗੜ੍ਹ' ਵਰਗੇ ਕਿਲ੍ਹੇ ਪਰ ਹੋਣਾ ਬੜਾ ਹੀ ਲਾਜ਼ਮੀ ਹੈ। ਇਸ ਫ਼ੈਸਲੇ ਅਨੁਸਾਰ ਇਕ ਭਾਰੀ ਫ਼ੌਜ ਮਹਾਰਾਜਾ ਨੌਨਿਹਾਲ ਸਿੰਘ ਨੇ ਤਿਆਰ ਕਰਵਾ ਕੇ ਮੰਡੀ ਸਕੇਤ ਆਦਿ ਨੂੰ ਫ਼ਤਹ ਕਰਕੇ ਸਿੱਖ ਰਾਜ ਨਾਲ ਮਿਲਾਉਣ ਲਈ ਸ: ਅਜੀਤ ਸਿੰਘ ਸੰਧਾਵਾਲੀਏ ਤੇ ਜਰਨੈਲ ਵੈਨਤੂਰਾ[1] ਦੀ ਤਹਿਤ ਵਿਚ ਤੋਰ ਦਿੱਤੀ ਗਈ। ਮੰਡੀ ਨੂੰ ਫ਼ਤਹ ਕਰਕੇ ਉਥੇ ਆਪਣੀਆਂ ਫ਼ੌਜਾਂ ਰੱਖਣ ਵਿਚ ਨੌਜਵਾਨ ਮਹਾਰਾਜਾ ਨੇ ਬੜੇ ਦੂਰ ਦੀ ਸੋਚੀ ਸੀ ਕਿ ਕਿਲ੍ਹਾ 'ਕਮਲਾ ਗੜ੍ਹ' ਵਿਚ ਆਪਣੀ ਫੌਜ ਰਹੇਗੀ ਤਾਂ ਇਸ ਦੇ ਰੋਹਬ ਨਾਲ ਲੱਦਾਖ ਤਕ ਦਾ ਇਲਾਕਾ ਆਪਣੇ ਦਬਾਉ ਹੇਠ ਰਹੇਗਾ। ਇਸ ਤਰ੍ਹਾਂ ਬੜੀ ਧੂਮ-ਧਾਮ ਨਾਲ ਜੂਨ ਦੇ ਸ਼ੁਰੂ ਵਿਚ ਹੀ ਇਹ ਫ਼ੌਜਾਂ ਉਸ ਪਹਾੜੀ ਸਿਲਸਿਲੇ ਤੋਂ, ਜਿਸ ਨੂੰ "ਸਕੰਦਰੀ ਸਿਲਸਿਲਾ" ਕਹਿੰਦੇ ਹਨ, ਪਾਰ ਹੋ ਗਈਆਂ ਤੇ ਮੰਡੀ ਦੀ ਰਾਜਧਾਨੀ ਤੋਂ ਪੰਜ ਕੋਹ ਉੱਤੇ ਹੀ ਆਪਣੇ ਡੇਰੇ ਜਮਾ ਦਿੱਤੇ। ਇਥੋਂ ਰਾਜਾ ਬਲਬੀਰ ਸੈਨ ਵਾਲੀਏ ਮੰਡੀ ਨੂੰ ਜਨਰਲ ਵੈਨਤੂਰਾ ਨੇ ਲਿਖਿਆ ਕਿ ਆਪਣੇ ਜ਼ਿੰਮੇਂ ਜੋ ਬਾਜਗੁਜ਼ਾਰੀ ਦਾ ਪਿਛਲਾ ਬਕਾਇਆ ਹੈ, ਉਹ ਸਾਰਾ ਇਕ ਮੁਸ਼ਤ ਦਾਖਲ ਕਰੋ ਨਹੀਂ ਤਾਂ ਲੜਾਈ ਲਈ ਤਿਆਰ ਹੋ ਜਾਓ। ਰਾਜਾ ਅਜੇ ਤਿਆਰੀਆਂ ਵਿਚ ਹੀ ਸੀ ਅਤੇ ਕੁਝ ਟਾਲ ਮਟੋਲ ਵਿਚ ਵਕਤ ਗੁਜ਼ਾਰ ਰਿਹਾ ਸੀ, ਕਿਉਂਕਿ ਉਹ ਉਸ ਸਮੇਂ ਦੇ ਅੰਗਰੇਜ਼ੀ ਏਜੰਟ ਕਰਨਲ ਟੈਪ (Tapp) ਜੋ ਸਬਾਥੂ ਵਿਚ ਰਹਿੰਦਾ ਸੀ, ਆਪਣੀ ਸਹਾਇਤਾ ਲਈ ਖ਼ਤ ਪੱਤਰ ਕਰ ਰਿਹਾ ਸੀ[2]। ਪਰ ਬ੍ਰਿਟਿਸ਼ ਗਵਨਰਮੈਂਟ ਨੇ ਉਸ ਵਕਤ ਸਿੱਖਾਂ ਦੇ ਵਿਰੁੱਧ ਕਿਸੇ ਤਰ੍ਹਾਂ ਦੀ ਸਹਾਇਤਾ ਦੇਣ ਤੋਂ ਇਨਕਾਰ ਕਰ ਦਿੱਤਾ[3]। ਇਸ

1. ਸਰ ਲੈਪਲ ਗ੍ਰਿਫ਼ਨ 'ਦੀ ਰਾਜਾਜ਼ ਆਫ਼ ਦੀ ਪੰਜਾਬ' ਦੇ ਸਫ਼ਾ ੫੯੫ 'ਤੇ ਲਿਖਦਾ ਹੈ ਕਿ ਸ਼ਹਿਜ਼ਾਦਾ ਨੌਨਿਹਾਲ ਸਿੰਘ ਦਾ ਇਸ ਫ਼ੌਜ ਦਾ ਕਮਾਂਡਰ ਜਨਰਲ ਵੈਨਤੂਰਾ ਦੇ ਸਪੁਰਦ ਕਰਨ ਵਿਚ ਖਾਸ ਗਰਜ਼ ਸੀ। ਸ਼ਹਿਜ਼ਾਦਾ ਇਨ੍ਹਾਂ ਦਿਨਾਂ ਵਿਚ ਵਜ਼ੀਰ ਧਿਆਨ ਸਿੰਘ ਦੇ ਫੰਧਿਆਂ ਤੋਂ ਆਜ਼ਾਦ ਹੋਣਾ ਚਾਹੁੰਦਾ ਸੀ। ਇਸ ਤੋਂ ਸ਼ਹਿਜ਼ਾਦਾ ਵੈਨਤੂਰਾ ਆਦਿ ਨੂੰ ਆਪਣੇ ਧੜੇ ਵੱਲ ਕਰ ਕੇ ਆਪਣੇ ਆਪ ਨੂੰ ਵਧੇਰੇ ਮਜ਼ਬੂਤ ਕਰਨਾ ਚਾਹੁੰਦਾ ਸੀ।
2. ਇਹ ਭਾਵ ਮਿਸਟਰ ਥਾਮਸਨ ਸਕੱਤਰ ਗਵਰਨਮੈਂਟ ਦੀ ਚਿੱਠੀ ਨੰ: ੧੩੨ ਤੋਂ ਸਪੱਸ਼ਟ ਹੈ—ਪ: ਰ: ਪੰਨਾ ੫੯੪।
3. ਰਾਜਾ ਮੰਡੀ ਦੀ ਚਿੱਠੀ ਪੁਲੀਟੀਕਲ ਏਜੰਟ ਸਬਾਥੂ ਦੇ ਨਾਮ ੨੨ ਜੂਨ ੧੮੪੦—ਦੀ ਰਜਾਜ਼ ਆਫ਼ ਪੰਜਾਬ, ਪੰਨਾ ੫੯੫।

ਖ਼ਤ ਪੱਤਰ ਦਾ ਪਤਾ ਜਰਨੈਲ ਵੈਨਤੂਰਾ ਨੂੰ ਲਗ ਗਿਆ, ਜਿਸ ਨੇ ਬੜੀ ਤੇਜ਼ੀ ਨਾਲ ਫ਼ੌਜ ਦਾ ਘੇਰਾ ਪਵਾ ਕੇ ਰਾਜਾ ਬਲਬੀਰ ਸੈਨ ਨੂੰ ਘੇਰ ਲਿਆ ਤੇ ਕੈਦ ਕਰਕੇ ਮਹਾਰਾਜਾ ਨੌਨਿਹਾਲ ਸਿੰਘ ਦੀ ਮਨਜ਼ੂਰੀ ਨਾਲ ਅੰਮ੍ਰਿਤਸਰ ਭਿਜਵਾ ਦਿੱਤਾ, ਜਿੱਥੇ ਇਸ ਨੂੰ ਕਿਲ੍ਹਾ ਗੋਬਿੰਦਗੜ੍ਹ ਵਿਚ ਨਜ਼ਰਬੰਦ ਰੱਖਿਆ ਗਿਆ। ਮੰਡੀ ਦੀ ਰਾਜਧਾਨੀ ਉਪਰ ਖ਼ਾਲਸਾ ਫ਼ੌਜਾਂ ਨੇ ਆਪਣਾ ਪੂਰਾ ਪੂਰਾ ਕਬਜ਼ਾ ਕਰ ਲਿਆ, ਮੰਡੀ ਦੀਆਂ ਫੌਜਾਂ ਨੇ ਆਪਣੇ ਪਹਾੜੀ ਕਿਲ੍ਹਿਆਂ ਵਿਚੋਂ ਬੜੀ ਬਹਾਦਰੀ ਨਾਲ ਖ਼ਾਲਸਾ ਫ਼ੌਜਾਂ ਦਾ ਮੁਕਾਬਲਾ ਕੀਤਾ, ਪਰ ਹਰ ਇਕ ਮੌਕੇ ਤੇ ਭਾਂਜ ਹੀ ਖਾਂਦੇ ਰਹੇ ਤੇ ਬਹੁਤ ਛੇਤੀ ਖ਼ਾਲਸਾ ਫ਼ੌਜਾਂ ਨੇ ਕਈ ਪਹਾੜੀ ਕਿਲ੍ਹਿਆਂ ’ਤੇ ਆਪਣਾ ਪੂਰਾ-ਪੂਰਾ ਕਬਜ਼ਾ ਕਰ ਲਿਆ। ਪਰ ਪ੍ਰਸਿੱਧ ਮਜ਼ਬੂਤ ਤੇ ਕਠਨ ਕਿਲ੍ਹਾ ‘ਕਮਲਾ ਗੜ੍ਹ’ ਜਿਸ ਬਾਬਤ ਇਸ ਇਲਾਕੇ ਵਿਚ ਇਹ ਖ਼ਿਆਲ ਆਮ ਪ੍ਰਸਿੱਧ ਸੀ ਕਿ ਇਸ ਦਾ ਫ਼ਤਹ ਕਰਨਾ ਅਸੰਭਵ ਹੈ, ਕਿਲ੍ਹੇ ਦੀ ਫ਼ੌਜ ਨੇ ਤਾਹਤ ਮੰਨਣ ਤੋਂ ਇਨਕਾਰ ਕੀਤਾ ਪਰ ਇਥੇ ਜੰਮ ਕੇ ਕਈ ਦਿਨ ਲੜਾਈ ਹੁੰਦੀ ਰਹੀ। ਚੂੰਕਿ ਮੌਸਮ ਬਰਸਾਤ ਦਾ ਸੀ, ਇਸ ਲਈ ਕਿਲ੍ਹੇ ਦੀਆਂ ਫ਼ੌਜਾਂ ਦੀ ਕੁਦਰਤੀ ਸਹਾਇਤਾ ਹੁੰਦੀ ਰਹੀ। ਛੇਕੜ ਖ਼ਾਲਸਾ ਤੋਪਾਂ ਦੇ ਭਾਰੀ ਗੋਲਿਆਂ ਨੇ ਕਿਲ੍ਹੇ ਦੀ ਬੁਰੀ ਹਾਲਤ ਕਰ ਦਿੱਤੀ ਤੇ ਕਿਲ੍ਹੇ ਵਾਲੇ ਐਨੇ ਘਬਰਾਏ ਕਿ ਬਿਨਾਂ ਤਾਹਤ ਮੰਨਣ ਦੇ ਉਨ੍ਹਾਂ ਲਈ ਕੋਈ ਚਾਰਾ ਨਾ ਰਿਹਾ, ਛੇਕੜ ਸਤੰਬਰ ਨੂੰ ਇਸ ਕਿਲ੍ਹੇ ’ਤੇ ਵੀ ਖਾਲਸਈ ਝੰਡਾ ਝੁਲਾਇਆ ਗਿਆ। ਹੁਣ ਮੰਡੀ ਤੇ ਸੁਕੇਤ ਦਾ ਸਾਰਾ ਇਲਾਕਾ ਖ਼ਾਲਸਾ ਰਾਜ ਨਾਲ ਮਿਲਾ ਦਿੱਤਾ ਗਿਆ। ਮਹਾਰਾਜਾ ਰਣਜੀਤ ਸਿੰਘ ਜੀ ਦੇ ਚਲਾਣੇ ਦੇ ਬਾਅਦ ਇਹ ਪਹਿਲਾ ਮੌਕਾ ਸੀ ਜੋ ਸਿੱਖ ਰਾਜ ਨਾਲ ਇਕ ਬੜਾ ਜ਼ਰੂਰੀ ਤੇ ਲੰਮਾ-ਚੌੜਾ ਇਲਾਕਾ ਫ਼ਤਹ ਕਰ ਕੇ ਵਧਾਇਆ ਗਿਆ, ਜਿਸ ਦੀ ਫ਼ਤਹ ਦਾ ਅਸਰ ਲਦਾਖ ਤੇ ਸਰਹੱਦ ਚੀਨ ਤੱਕ ਪਹੁੰਚਦਾ ਸੀ।

ਜਾਅਲੀ ਚਿੱਠੀਆਂ

ਮਹਾਰਾਜਾ ਨੌਨਿਹਾਲ ਸਿੰਘ ਦਾ ਧਿਆਨ ਜਦ ਪੂਰੀ ਤਰ੍ਹਾਂ ਪਹਾੜੀ ਇਲਾਕੇ ਨੂੰ ਫ਼ਤਹ ਕਰਕੇ ਖ਼ਾਲਸਾ ਰਾਜ ਨਾਲ ਮਿਲਾਉਣ ਵਿਚ ਖਚਤ ਸੀ ਤੇ ਰੋਜ਼ਾਨਾ ਸਫ਼ਲਤਾ ਦੀਆਂ ਖ਼ਬਰਾਂ ਆ ਰਹੀਆਂ ਸਨ, ਇਸ ਵਿਚ ਲਾਹੌਰ ਦਰਬਾਰ ਦੇ ਅਪਸੁਵਾਰਥੀ ਵਜ਼ੀਰ ਨੂੰ ਸਲਾਮਤੀ ਲਈ ਭਾਰੀ ਖ਼ਤਰਾ ਦਿਸਿਆ। ਇਧਰੋਂ ਮਹਾਰਾਜਾ ਨੌਨਿਹਾਲ ਸਿੰਘ ਦਾ ਧਿਆਨ ਹਟਾਉਣ ਲਈ ਜੋ ਚਾਲ ਉਸ ਸਮੇਂ ਉਸ ਨੇ ਚਲੀ ਉਹ ਬੜੀ ਭਿਆਨਕ ਅਰ ਧਰਮ ਤੇ ਇਖ਼ਲਾਕ ਤੋਂ ਅਤਿਅੰਤ ਗਿਰੀ ਹੋਈ ਸੀ। ਉਹ ਇਸ ਤਰ੍ਹਾਂ ਹੈ : ਕੁਝ ਐਸੇ ਬਨਾਵਟੀ ਖ਼ਤ ਲਾਹੌਰ ਦਰਬਾਰ ਵੱਲੋਂ ਅਮੀਰ ਦੋਸਤ ਮੁਹੰਮਦ ਖ਼ਾਨ ਵਾਲੀਏ ਕਾਬਲ ਨੂੰ ਜਲਾਵਤਨੀ ਸਮੇਂ ਕਲਕਤੇ ਵਲ ਨੂੰ ਭੇਜੇ ਗਏ, ਜਿਨ੍ਹਾਂ ਤੇ ਠੀਕ ਮਹਾਰਾਜਾ ਨੌਨਿਹਾਲ ਸਿੰਘ ਦੇ ਦਸਖ਼ਤ ’ਤੇ ਮੋਹਰਾਂ ਲੱਗੀਆਂ ਹੋਈਆਂ ਸਨ ਜਿਨ੍ਹਾਂ ਵਿਚ ਲਿਖਿਆ ਸੀ ਕਿ ਆਪ ਨੂੰ ਦੇਸ਼ ਨਿਕਾਲੇ ਦੇ ਸਮੇਂ ਖਾਲਸੇ ਦੀ ਬਲਵਾਨ ਫ਼ੌਜ ਅੰਗਰੇਜ਼ਾਂ ਨਾਲ ਸ਼ਾਮਲ ਸੀ, ਨਹੀਂ ਤਾਂ ਅੰਗਰੇਜ਼ੀ ਫ਼ੌਜ ਇਕੱਲੇ ਕਦੇ ਵੀ ਅਫ਼ਗਾਨਿਸਤਾਨ ਨਹੀਂ ਸੀ ਫ਼ਤਹ ਕਰ ਸਕਦੀ। ਅੰਗਰੇਜ਼ਾਂ ਦਾ ਹੁਣ ਸਾਡੇ ਨਾਲ ਚੰਗਾ ਸਲੂਕ ਨਹੀਂ ਰਿਹਾ ਅਤੇ ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਦੇ ਵਿਰੁੱਧ ਲੜਾਈ ਲੜੀਏ। ਜੇ ਕਦੀ ਤੁਸੀਂ ਕੁਝ ਥੋਹੜੀ ਹਿੰਮਤ ਕਰ ਕੇ ਕਾਬਲ ਤੇ ਧਾਵਾ ਕਰਵਾ ਦੇਵੋ ਤਾਂ ਖ਼ਾਲਸਾ ਫ਼ੌਜਾਂ ਨਾ ਕੇਵਲ ਆਪ ਦੀ ਫ਼ੌਜ ਨਾਲ ਮਿਲਕੇ ਅੰਗਰੇਜ਼ਾਂ ਦੇ ਉਲਟ ਲੜਨਗੀਆਂ ਬਲਕਿ ਉਨ੍ਹਾਂ ਦੇ ਸਾਰੇ ਰਸਤੇ ਪੰਜਾਬ ਅਤੇ ਸਿੰਧ ਵਿਚ ਅਸੀਂ ਰੋਕ ਦਿਆਂਗੇ ਤਾਂਕਿ ਉਹ ਹੋਰ ਕੁਮਕ ਹਿੰਦ ਤੋਂ ਲੁਧਿਆਣੇ ਨਾ ਭੇਜ ਸਕਣ। ਇਉਂ ਚਿੱਠੀ ਅਮੀਰ ਦੀ ਰਾਹੀਂ ਪੁਲੀਟੀਕਲ ਏਜੰਟ ਲੁਧਿਆਣਾ ਨੂੰ ਭੇਜੀ ਗਈ। ਪਹਿਲੇ ਤਾਂ ਦੋਹਾਂ ਧਿਰਾਂ ਵਿਚ ਬੜੀ ਸਖ਼ਤ ਗ਼ਲਤ ਫ਼ਹਿਮੀ ਫੈਲ ਗਈ ਤੇ ਇਕ ਦੂਜੇ ਨੂੰ ਬੜੀ ਘ੍ਰਿਣਾ ਨਾਲ ਦੇਖਣ ਲੱਗੇ, ਪਰ ਚੰਗੇ ਭਾਗਾਂ ਨਾਲ ਇਸ ਸਮੇਂ ਅੰਗਰੇਜ਼ੀ

ਏਜੰਟ ਮਿਸਟਰ ਕਲਾਰਕ ਸੀ ਜੋ ਬੜਾ ਨੇਕ ਦਿਲ ਅਫਸਰ ਸੀ, ਜਿਸ ਦੀ ਲੰਮੀ ਤਹਿਕੀਕਾਤ ਦੇ ਬਾਅਦ ਸਾਰਾ ਰਾਜ਼ ਖੁਲ੍ਹ ਗਿਆ ਤੇ ਇਹ ਖ਼ਤ ਜਾਅਲੀ ਸਾਬਤ ਹੋਏ[1]। ਇਸ ਸਮੇਂ ਦੋਹਾਂ ਧਿਰਾਂ ਦੀ ਵਕਤ ਸਿਰ ਸੋਚ ਦੇ ਕਾਰਨ ਇਹ ਧੋਖੇਬਾਜ਼ੀ ਨਾ ਚਲ ਸਕੀ।

1. 'ਹਿਸਟਰੀ ਆਫ਼ ਦੀ ਸਿਖਜ਼', ਕਨਿੰਘਮ—ਸਫ਼ਾ ੨੪੪, ਮਿਸਟਰ ਕਲਾਰਕ ਦੀ ਰੀਪੋਰਟ ਲਿਖਤੀ ੯ ਦਸੰਬਰ ਸੰਨ ੧੮੪੦।

ਘੋਰ ਪਾਪ

ਰਿਆਸਤ ਮੰਡੀ ਉੱਪਰ ਮਹਾਰਾਜ ਨੌਨਿਹਾਲ ਸਿੰਘ ਦਾ ਕਬਜ਼ਾ ਕਰਨਾ ਅਰ ਕਿਲ੍ਹਾ ਕਮਲਾ ਗੜ੍ਹ ਵਿਚ ਇੰਨੀ ਭਾਰੀ ਖ਼ਾਲਸਾ ਫ਼ੌਜ ਦੇ ਰੱਖਣ ਤੇ ਧਿਆਨ ਸਿੰਘ ਨੂੰ ਨਵੇਂ ਫ਼ਿਕਰਾਂ ਵਿਚ ਪਾ ਦਿੱਤਾ। ਮਲੀਨ ਆਤਮਾ ਪੁਰਸ਼ਾਂ ਦਾ ਸੁਭਾਅ ਹੁੰਦਾ ਹੈ ਕਿ ਉਹ ਆਪਣੇ ਪ੍ਰਛਾਵੇਂ ਤੋਂ ਆਪ ਡਰਦੇ ਰਹਿੰਦੇ ਹਨ। ਧਿਆਨ ਸਿੰਘ ਦਾ ਯਕੀਨ ਹੋ ਗਿਆ ਕਿ ਇਹ ਸਾਰੀਆਂ ਤਿਆਰੀਆਂ ਮੇਰੇ ਲਈ ਹੋ ਰਹੀਆਂ ਹਨ। ਇਸ ਦੇ ਕੀਤੇ ਹੋਏ ਅਨੇਕ ਅਧਰਜ ਜਦ ਇਕ-ਇਕ ਕਰ ਕੇ ਇਸ ਦੇ ਅਗੇ ਆ ਖਲੋਂਦੇ ਸਨ ਤਾਂ ਇਹ ਅਧੀਰਾਜਤਾ ਦੇ ਚਿੰਤਾ ਦੇ ਸਮੁੰਦਰਾ ਵਿਚ ਗੋਤੇ ਖਾਣ ਲੱਗ ਪੈਂਦਾ ਸੀ। ਚਿੰਤਾ ਦੇ ਇਨ੍ਹਾਂ ਸਾਗਰਾਂ ਵਿਚੋਂ ਨਿਕਲਣ ਲਈ ਇਸ ਸਮੇਂ ਇਸ ਨੇ ਇਕ ਐਸੀ ਮਹਾਂਪਾਤਕੀ ਵਿਓਂਤ ਸੋਚੀ ਜਿਸ ਦੀ ਨਜ਼ੀਰ ਬਹੁਤ ਹੀ ਘਟ ਮਿਲਦੀ ਹੈ। ਤੇ ਉਹ ਇਉਂ ਕਿ ਇਸ ਨੇ ਮਹਾਰਾਜਾ ਖੜਕ ਸਿੰਘ ਨੂੰ ਐਸੀ ਜ਼ਹਿਰ ਦਵਾ ਦਿਤੀ[1] ਜਿਸੇ ਦੇ ਅਸਰ ਨਾਲ ਉਹ ਸਹਿਜ਼ ਸਹਿਜ ਘੁਲ ਘੁਲ ਕੇ ਮਰ ਜਾਏ, ਦੂਜੇ ਬੰਨੇ ਮਹਾਰਾਜਾ ਨੌਨਿਹਾਲ ਸਿੰਘ ਦਾ ਦਬਦਬਾ ਤੇ ਪਿਆਰ ਫ਼ੌਜਾਂ ਤੇ ਦਰਬਾਰੀਆਂ ਵਿਚ ਘਟਾਉਣ ਲਈ ਆਪਣੇ ਆਦਮੀਆਂ ਦੀ ਰਾਹੀਂ ਇਹ ਮਸ਼ਹੂਰ ਕਰਾ ਦਿੱਤਾ ਕਿ ਸ਼ਹਿਜ਼ਾਦੇ ਨੌਨਿਹਾਲ ਸਿੰਘ ਨੇ ਖ਼ੁਦ ਰਾਜ ਲੈਣ ਦੀ ਖ਼ਾਤਰ ਆਪਣੇ ਪਿਤਾ ਨੂੰ ਜ਼ਹਿਰ ਦਿਵਾ ਦਿੱਤੀ ਹੈ।

1. ਮੇਜਰ ਸਮਾਇਥ ਤੇ ਪੰਡਤ ਦੇਵੀ ਪ੍ਰਸ਼ਾਦ ਲਿਖਦੇ ਹਨ ਕਿ ਧਿਆਨ ਸਿੰਘ ਨੇ ਮਹਾਰਾਜਾ ਖੜਕ ਸਿੰਘ ਨੂੰ ਸਫ਼ੈਦ ਕਾਸ਼ਗ਼ੀ ਤੇ ਰਸ਼ਕਪੂਰ ਦਿਵਾ ਦਿੱਤਾ ਸੀ ਜੋ ਉਸ ਲਈ ਜ਼ਹਿਰ ਕਾਤਲ ਸਾਬਿਤ ਹੋਈ।
ਰੇਨਿੰਗ ਫ਼ੈਮਲੀ ਆਫ਼ ਲਾਹੌਰ—ਮੇਜਰ ਸਮਾਇਥ, ਪੰਨਾ ੩੨-੩੩।
ਤਾਰੀਖ ਪੰਜਾਬ—ਦੇਵੀ ਪ੍ਰਸ਼ਾਦ, ਪੰਨਾ ੪੨।

ਉਧਰ ਸ਼ਾਹਜ਼ਾਦੇ ਨੂੰ ਆਪਣੇ ਧੜੇ ਦੇ ਆਦਮੀਆਂ ਦੇ ਵਸੀਲੇ ਨਾਲ ਇਹ ਯਕੀਨ ਕਰਵਾ ਦਿੱਤਾ ਕਿ ਮਹਾਰਾਜਾ ਖੜਕ ਸਿੰਘ ਨੇ ਆਪਣੇ ਆਪ ਨੂੰ ਫਰਜ਼ੀ (ਦਿਖਾਵੇ ਲਈ) ਬੀਮਾਰ ਬਣਾਇਆ ਹੋਇਆ ਹੈ, ਹਕੀਕਤ ਵਿਚ ਉਸ ਨੂੰ ਕੋਈ ਰੋਗ ਨਹੀਂ[1]। ਉਸ ਦੀ ਬੀਮਾਰੀ ਦਾ ਕਾਰਨ ਕੇਵਲ ਇਹ ਹੈ ਕਿ ਉਹ ਐਸੇ ਮੌਕੇ ਦੀ ਉਡੀਕ ਵਿਚ ਹੈ ਕਿ ਉਹ ਸੌਖਾ ਹੀ ਇਥੋਂ ਨਸ ਕੇ ਆਪਣੇ ਅੰਗਰੇਜ਼ ਮਿਤਰਾਂ ਦੇ ਇਲਾਕੇ ਵਿਚ ਜਾ ਰਹੇ[2]। ਇਸ ਦੀ ਨਿਗਰਾਨੀ ਲਈ ਕਰੜੇ ਪਹਿਰੇ ਲਾਉਣੇ ਚਾਹੀਦੇ ਹਨ।

ਜਦ ਧਿਆਨ ਸਿੰਘ ਮਹਾਰਾਜਾ ਖੜਕ ਸਿੰਘ ਕੋਲ ਪਹੁੰਚਿਆ ਤਾਂ ਆਪਣੀਆਂ ਅੱਖਾਂ ਵਿਚ ਹੰਝੂ ਭਰ ਕੇ ਉਸ ਨੂੰ ਕਹਿੰਦਾ ਕਿ ਮੈਂ ਸ਼ਹਿਜ਼ਾਦੇ ਨੂੰ ਬੜਾ ਹੀ ਸਮਝਾਉਂਦਾ ਹਾਂ, ਕਿ ਆਪਣੇ ਪਿਤਾ ਜੀ ਦੀ ਬੀਮਾਰੀ ਵੱਲ ਧਿਆਨ ਦੇਹ ਅਤੇ ਉਹਨਾਂ ਦਾ ਪੂਰੀ ਤਰ੍ਹਾਂ ਇਲਾਜ ਕਰਵਾ, ਉਨ੍ਹਾਂ ਦੇ ਪਾਸ ਜਾਕੇ ਉਨ੍ਹਾਂ ਦੀ ਪੁੱਛ-ਗਿੱਛ ਕੀਤਾ ਕਰ, ਪਰ ਉਸ ਨੂੰ ਪੰਜਾਬ ਦੇ ਰਾਜ ਦੀ ਪ੍ਰਾਪਤੀ ਦਾ ਇੰਨਾ ਚਾਅ ਚੜ੍ਹਿਆ ਹੋਇਆ ਹੈ ਕਿ ਉਹ ਮੇਰੀਆਂ ਗੱਲਾਂ ਵੱਲ ਉੱਕਾ ਧਿਆਨ ਹੀ ਨਹੀਂ ਦੇਂਦਾ, ਸਗੋਂ ਉਲਟਾ ਮੈਨੂੰ ਟੋਕ ਛੱਡਦਾ ਹੈ ਆਦਿ।

ਤਰਸਯੋਗ ਮਹਾਰਾਜਾ ਖੜਕ ਸਿੰਘ ਆਪਣੇ ਪਿਆਰੇ ਤੇ ਲਾਇਕ ਸਪੁੱਤਰ ਦੀ ਇਹ ਬੇ-ਪਰਵਾਹੀ ਧਿਆਨ ਸਿੰਘ ਤੇ ਉਸਦੇ ਇਸ ਖ਼ਾਸ ਕੰਮ 'ਤੇ ਲਾਏ ਹੋਏ ਆਦਮੀਆਂ ਦੇ ਮੂੰਹ ਤੋਂ ਸੁਣ ਕੇ ਠੰਢਾ ਹੌਕਾ ਭਰਦਾ ਤੇ ਦਿਲ 'ਤੇ ਪੱਥਰ ਰਖ ਕੇ ਹਾਵੇ ਭਰਦਾ ਹੋਇਆ ਰਹਿ ਜਾਂਦਾ। ਓਧਰ ਮਹਾਰਾਜਾ ਨੌਨਿਹਾਲ ਸਿੰਘ ਆਪਣੇ ਪਿਤਾ ਦੀ ਖ਼ਾਲਸਾ ਰਾਜ ਨਾਲ ਬੇਵਫ਼ਾਈ ਦੇ ਖ਼ਿਆਲ—ਜੋ ਫਰਜ਼ੀ ਇਸ ਨੂੰ ਧਿਆਨ ਸਿੰਘ ਆਦਿ ਵਲੋਂ ਦਸੇ ਜਾਂਦੇ ਸਨ—ਸੁਣ ਸੁਣ ਕੇ ਇਸ ਦਾ ਸਾਫ਼ ਹਿਰਦਾ ਆਪਣੇ ਪਿਤਾ ਵਲੋਂ ਘਿਰਣਾ ਨਾਲ ਮੈਲਾ ਹੋ ਜਾਂਦਾ, ਕਿਉਂਕਿ ਸ਼ਹਿਜ਼ਾਦਾ ਕਈ ਵਾਰੀ ਆਪਣੇ ਖ਼ਿਆਲ ਦਰਬਾਰ ਵਿਚ ਇਸ ਤਰ੍ਹਾਂ ਜ਼ਾਹਰ ਕਰ ਚੁੱਕਾ ਸੀ ਕਿ 'ਖਾਲਸਾ ਸਲਤਨਤ ਅਸਾਡੇ ਕੋਲ ਸਤਿਗੁਰ ਦੀ ਇਕ ਪਵਿੱਤਰ ਅਮਾਨਤ ਹੈ, ਇਸ ਦਾ ਮੰਦਾ

1. ਰੇਨਿੰਗ ਫ਼ੈਮਲੀ ਆਫ ਲਾਹੌਰ—ਪੰਨਾ ੩।
2. ਤਾਰੀਖ਼ ਪੰਜਾਬ—ਪੰਡਤ ਦੇਵੀ ਪ੍ਰਸ਼ਾਦ, ਪੰਨਾ ੪੨।

ਚਿਤਵਨ ਵਾਲੇ ਲਈ ਮੇਰੇ ਦਿਲ ਵਿਚ ਮਾਫ਼ੀ ਦੀ ਥਾਂ ਹੀ ਕੋਈ ਨਹੀਂ ਭਾਵੇਂ ਉਹ ਮੇਰਾ ਪਿਤਾ ਹੀ ਕਿਉਂ ਨਾ ਹੋਵੇ।' ਗੱਲ ਕੀ, ਧਿਆਨ ਸਿੰਘ ਨੇ ਦੁਵੱਲੀ ਐਸੀ ਚਾਲ ਚਲੀ, ਕਿ ਆਗਿਆਕਾਰ ਪੁੱਤ ਪਿਆਰੇ ਪਿਤਾ ਤੋਂ ਐਸਾ ਵਿਛੋੜਿਆ ਕਿ ਇਕ ਦੂਜੇ ਦਾ ਮੂੰਹ ਦੇਖਣੋਂ ਵੀ ਰਹਿ ਗਏ। ਮਹਾਰਾਜਾ ਖੜਕ ਸਿੰਘ ਬੀਮਾਰੀ ਦੀ ਨਾਜ਼ੁਕ ਹਾਲਤ ਵਿਚ ਕਦੇ ਕਦੇ ਉੱਚਾ ਉੱਚਾ ਪੁਕਾਰ ਉਠਦਾ ਅਤੇ ਹਾਵੇ ਭਰ ਕੇ ਆਖਦਾ 'ਓਹ ਬੀਬਾ ਜੀ ! ਓਹ ਦਿਨ ਕਿਥੇ ਚਲੇ ਗਏ ਜਦ ਆਪ ਮੇਰੇ ਨਾਲ ਇਕੋ ਥਾਲ ਵਿਚ ਪਰਸ਼ਾਦ ਛੱਕਦੇ ਹੁੰਦੇ ਸੀ? ਹਾਏ! ਉਹ ਸੁਹਾਵਣਾ ਸਮਾਂ ਕਿਧਰ ਲੋਪ ਹੋਇਆ ਜਦ ਮੈਂ ਆਪਣੇ ਹੱਥ ਨਾਲ ਆਪਣੀ ਜਾਨ ਤੋਂ ਪਿਆਰੇ ਨੌਨਿਹਾਲ ਦੇ ਮੂੰਹ ਵਿਚ ਗਿਰਾਹੀਆਂ ਦੇਂਦਾ ਹੁੰਦਾ ਸਾਂ[1] ਅਤੇ ਉਹ ਅੱਗੋਂ ਡਾਢੇ ਲਾਡ ਨਾਲ ਮੈਨੂੰ ਗਲਵੱਕੜੀ ਪਾ ਕੇ ਕਹਿੰਦਾ ਹੁੰਦਾ ਸੀ ਕਿ ਪਿਆਰੇ ਬਾਪੂ ਜੀ ! ਮੈਂ ਹੁਣ ਕੋਈ ਨਿੱਕਾ ਬਾਲ ਤਾਂ ਨਹੀਂ ਹਾਂ ਜੋ ਆਪ ਮੇਰੇ ਮੂੰਹ ਵਿਚ ਗਿਰਾਹੀਆਂ ਦੇਂਦੇ ਹੋ ? ਆਪ ਛਕੋ ਤਾਂ ਮੈਂ ਵਧੇਰੇ ਖ਼ੁਸ਼ ਹੋਵਾਂ। ਅਗੋਂ ਮੈਂ ਆਖਦਾ : ਨਾ ਪੁੱਤਰ ਇਸ ਤਰ੍ਹਾਂ ਕਰਨ ਨਾਲ ਵਧੇਰੇ ਠੰਢ ਪੈਂਦੀ ਹੈ ਅਤੇ ਬੀਬਾ ਜੀ ! ਤੇਰਾ ਖਾਧਾ ਮੈਨੂੰ ਪਹੁੰਚਦਾ ਹੈ। ਕੀ ਓਹ ਸਮਾਂ ਮੇਰੀਆਂ ਇਨ੍ਹਾਂ ਪਾਪੀ ਅੱਖਾਂ ਨੂੰ ਕਦੇ ਵੀ ਦੇਖਣਾ ਨਸੀਬ ਨਹੀਂ ਹੋਵੇਗਾ? ਜਦ ਮੇਰੇ ਨੈਣਾਂ ਦਾ ਤਾਰਾ ਮੈਦਾਨ ਜੰਗ ਤੋਂ ਫ਼ਤਹ ਪਾ ਕੇ ਆਉਂਦਾ ਤਾਂ ਮੈਂ ਹਜ਼ਾਰਾਂ ਮੋਹਰਾਂ ਉਸ ਦੇ ਸਿਰ ਤੋਂ ਵਾਰ ਵਾਰ ਕੇ ਸੈਂਕੜਿਆਂ ਨੂੰ ਨਿਹਾਲ ਕਰ ਦੇਂਦਾ। ਕੀ ਓਹ ਦਿਨ ਮੇਰੇ ਲਈ ਕੇਵਲ ਸੁਪਨਾ ਮਾਤਰ ਹੀ ਸਨ? ਜਦ ਮੇਰਾ ਸੁਖਾਂ ਲੱਧਾ ਪੁੱਤਰ ਸਰਦਾਰ ਸ਼ਾਮ ਸਿੰਘ ਦੇ ਘਰ ਅਟਾਰੀ ਜਾ ਢੁੱਕਿਆ ਸੀ ਤਾਂ ਮੈਂ ਅਤੇ ਮੇਰੇ ਸਤਿਕਾਰਯੋਗ ਪਿਤਾ

1. ਪਰੰਪਰਾ ਦਸਦੀ ਹੈ ਕਿ ਕੌਰ ਨੌਨਿਹਾਲ ਸਿੰਘ ਨੂੰ ੧੫-੧੬ ਵਰ੍ਹਿਆਂ ਦੀ ਉਮਰ ਤਕ, ਜਦ ਕਿ ਉਸ ਦੀਆਂ ਮੁੱਛਾਂ ਫੁਟ ਆਈਆਂ ਸਨ, ਬਹੁਤੇ ਲਾਡ ਅਤੇ ਪਿਆਰ ਦੇ ਕਾਰਣ ਮਹਾਰਾਜਾ ਖੜਕ ਸਿੰਘ ਆਪਣੇ ਹੱਥ ਨਾਲ ਉਸ ਦੇ ਮੂੰਹ ਵਿਚ ਆਪ ਗਿਰਾਹੀਆਂ ਦੇਂਦਾ ਹੁੰਦਾ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪਿਓ ਪੁੱਤਰ ਦਾ ਆਪਸ ਵਿਚ ਕਿੰਨਾ ਪਿਆਰ ਸੀ, ਪਰ ਅਪ-ਸੁਆਰਥੀਆਂ ਨੇ ਇਸ ਨੂੰ ਕੈਸਾ ਵੈਰ ਵਿਚ ਬਦਲ ਦਿੱਤਾ।

(ਮਹਾਰਾਜਾ ਰਣਜੀਤ ਸਿੰਘ ਜੀ) ਨੇ ਓਸ ਦਿਨ ਕਿਹੜੀ ਵਸਤੂ ਸੀ ਜਿਸ ਨੂੰ ਸੰਸਾਰ 'ਤੇ ਪਿਆਰਾ ਕਿਹਾ ਜਾਂਦਾ ਹੋਵੇ ਅਤੇ ਉਸ ਨੇ ਉਸ ਦੇ ਸਿਰ ਤੋਂ ਨਾ ਘੋਲ ਘੱਤੀ ਹੋਵੇ[1] ਮੇਰਾ ਲਾਲ ਜਦ ਆਪਣੇ ਦਾਦਾ ਜੀ ਦੀ ਆਗਿਆ ਪਾ ਕੇ ਮੈਦਾਨ ਜੰਗ ਵਿਚ ਜਾਂਦਾ ਤਦੋਂ ਮੇਰਾ ਦਿਲ ਉਸ ਸਮੇਂ ਮੁੱਠੀ ਵਿਚ ਆ ਜਾਂਦਾ ਅਤੇ ਮੇਰੇ ਲਈ ਖਾਣਾ ਤੇ ਸੌਣਾ ਭੀ ਔਖਾ ਹੋ ਜਾਂਦਾ। ਮੇਰਾ ਸੀਸ ਗੁਰਾਂ ਦੇ ਚਰਨਾਂ ਤੇ ਹੁੰਦਾ ਤੇ ਰਸਨਾ 'ਤੇ ਅਰਦਾਸ ਹੁੰਦੀ ਕਿ ਹੇ ਸੱਚੇ ਪਾਤਸ਼ਾਹ ! ਆਪ ਮੇਰੇ ਸ਼ਹਿਜ਼ਾਦੇ ਦੇ ਅੰਗ ਸੰਗ ਹੋਣਾ, ਸਾਹਿਬ ਜੀ ! ਮੇਰੇ ਲਾਲ ਜੀ ਨੂੰ ਮੈਦਾਨ ਜੰਗ ਵਿਚ ਤੱਤੀ ਵਾਓ ਨਾ ਲੱਗਣ ਦੇਣੀ[2]।

ਗੱਲ ਕੀ, ਇਸ ਤਰ੍ਹਾਂ ਦੇ ਅਨੇਕਾਂ ਵਲਵਲੇ ਮਹਾਰਾਜਾ ਜੀ ਦੇ ਦਿਲ ਵਿਚ ਉਠਦੇ, ਜਿਨ੍ਹਾਂ ਨੂੰ ਓਹ ਹੋਸ਼ ਯਾ ਬੇਹੋਸ਼ੀ ਵਿਚ ਬਰੜਾ ਬਰੜਾ ਕੇ ਦਿਲ ਦੀ ਸਾੜ ਕੱਢਦਾ। ਇਕ ਦਿਨ ਦਾ ਜ਼ਿਕਰ ਹੈ ਕਿ ਛੋਟਿਆਂ ਨੌਕਰਾਂ ਵਿਚੋਂ ਇਕ ਨੌਕਰ ਤੋਂ ਮਹਾਰਾਜਾ ਨੇ ਪੁੱਛਿਆ ਕਿ ਸ਼ਹਿਜ਼ਾਦਾ ਮੇਰੇ 'ਤੇ

1. ਕੌਰ ਨੌਨਿਹਾਲ ਸਿੰਘ ਦੀ ਜਦ ਜੰਞ ਚੜ੍ਹੀ ਸੀ ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਸਾਰੇ ਪਤਵੰਤੇ ਜਾਂਞੀਆਂ ਦੇ ਹਾਥੀਆਂ ਉਪਰ ਮੋਹਰਾਂ ਨਾਲ ਭਰੀਆਂ ਹੋਈਆਂ ਬੋਰੀਆਂ ਦੇ ਮੂੰਹ ਖੁਲਵਾਕੇ ਰਖਵਾ ਦਿੱਤੀਆਂ ਸਨ ਅਤੇ ਇਨ੍ਹਾਂ ਨੂੰ ਕਿਹਾ ਸੀ ਕਿ ਸਾਰੇ ਰਸਤੇ ਵਿਚ ਇਨ੍ਹਾਂ ਨੂੰ ਉਡਾਈ ਚਲੋ ਜਿਸ ਨਾਲ ਲੋਕ ਨਿਹਾਲ ਹੋ ਗਏ ਸਨ। (ਸਫਰਨਾਮਾ ਫੈਨ)
2. ਕਹਿੰਦੇ ਹਨ ਕਿ ਜਦ ਸ਼ਹਿਜ਼ਾਦਾ ਨੌਨਿਹਾਲ ਸਿੰਘ ਮੈਦਾਨ ਸਿੰਘ ਵਿਚ ਜਾਂਦਾ ਹੁੰਦਾ ਸੀ ਤਾਂ ਕੌਰ ਖੜਕ ਸਿੰਘ ਜੀ ਓਨ੍ਹੀਂ ਦਿਨੀਂ ਅਕਸਰ ਸ੍ਰੀ ਅੰਮ੍ਰਿਤਸਰ ਜੀ ਆ ਜਾਂਦੇ ਹੁੰਦੇ ਸਨ, ਅਤੇ ਦਿਨ ਰਾਤ ਵਿਚ ਕਈ ਕਈ ਵਾਰੀ ਸ੍ਰੀ ਗੁਰੂ ਰਾਮ ਦਾਸ ਜੀ ਦੀ ਡਿਉੜੀ ਦੀ ਚਕਾਠ ਪੁਰ ਆਪਣਾ ਸੀਸ ਰਗੜਦੇ ਹੋਏ ਮੂੰਹ ਤੋਂ ਉੱਚਾ-ਉੱਚਾ ਆਖਿਆ ਕਰਦੇ ਸਨ : "ਹੇ ਸੋਢੀ ਸੁਲਤਾਨ ! ਕਰ ਮੁਸ਼ਕਲ ਆਸਾਨ" ਸ਼ਹਿਨਸ਼ਾਹ ਜੀ ! ਮੇਰੇ ਲਾਲ ਦੇ ਨਾਲ ਨਾਲ ਰਹਿਣਾ ਤੇ ਰੱਖਿਆ ਕਰਨੀ ਆਦਿ ਇਸ ਤੋ ਛੁੱਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦਾ ਸਿਲਸਿਲਾ ਲਗਾਤਾਰ ਜਾਰੀ ਰਹਿੰਦਾ, ਅਰਥਾਤ ਇਕ ਪਾਠ ਸੰਪੂਰਣ ਹੁੰਦਾ ਤਾਂ ਦੂਜਾ ਉਸੀ ਘੜੀ ਰੱਖਿਆ ਜਾਂਦਾ, ਅਤੇ ਭਾਰੀ ਭਾਰੀ ਰਕਮਾਂ ਦੀਆਂ ਸੁਖਣਾਂ ਸ੍ਰੀ ਦਰਬਾਰ ਸਾਹਿਬ ਜੀ ਦੇ ਟਹਿਲੋ ਲਈ ਸੁਖਦਾ ਹੁੰਦਾ ਸੀ ਆਦਿ।

ਕਿਉਂ ਇਨਾ ਨਾਰਾਜ਼ ਹੈ, ਨੌਕਰ ਨੇ ਜੋ ਕੁਝ ਬਜ਼ਾਰਾਂ ਵਿਚ ਆਮ ਲੋਕਾਂ ਤੋਂ ਸੁਣਿਆ ਸੀ, ਮਹਾਰਾਜਾ ਨੂੰ ਕਹਿ ਸੁਣਾਇਆ ਕਿ ਸ਼ਹਿਜ਼ਾਦਾ ਆਖਦਾ ਹੈ ਕਿ ਮਹਾਰਾਜਾ ਖਾਲਸਾ ਰਾਜ ਨੂੰ ਫ਼ਰੰਗੀਆਂ ਦੇ ਹਵਾਲੇ ਕਰਨਾ ਚਾਹੁੰਦਾ ਹੈ। ਇਸ ਗੱਲ ਦੇ ਸੁਣਦੇ ਸਾਰ ਮਹਾਰਾਜਾ ਖੜਕ ਸਿੰਘ ਢਾਹਾਂ ਮਾਰ ਮਾਰ ਕੇ ਕਹਿਣ ਲੱਗਾ : ਕਾਸ਼ ! ਇਕ ਵਾਰੀ ਮੇਰੇ ਸਾਹਮਣੇ ਆਵੇ ਤਾਂ ਆਪਣਾ ਦਿਲ ਖੰਜਰ ਨਾਲ ਚੀਰ ਕੇ ਉਸ ਦੇ ਅੱਗੇ ਰੱਖ ਦਿਆਂ ਤੇ ਪੁੱਛਾਂ : ਕਿ ਲੈ ਦੇਖ ਲੈ ਮੇਰੇ ਲਾਲ ਜੀ ! ਮੇਰੇ ਦਿਲ ਵਿਚ ਕੋਈ ਥਾਂ ਸੂਈ ਦੇ ਨੱਕੇ ਜਿੰਨੀ ਵੀ ਐਸੀ ਦੱਸ ਜਿੱਥੇ ਮੈਂ ਖ਼ਾਲਸਾ ਰਾਜ ਲਈ ਮੰਦ ਭਾਵਨਾ ਲੁਕਾ ਕੇ ਰੱਖੀ ਹੋਈ ਹੋਵੇ ? ਜੇ ਤੂੰ ਸ਼ਹਿਜਾਦਾ ਜੀ ! ਯਕੀਨੀ ਮੇਰੇ ਮਨ ਵਿਚੋਂ ਤਿਲ ਮਾਤਰ ਖ਼ਾਲਸਾ ਰਾਜ ਲਈ ਬੇ-ਵਫ਼ਾਈ ਲਭ ਦਸੇਂ ਤਾਂ ਮੈਨੂੰ ਜੋ ਸਜ਼ਾ ਦੇਵੇਂ ਮੈਂ ਉਸ ਨੂੰ ਖਿੜੇ ਮੱਥੇ ਪਰਵਾਨ ਕਰਾਂਗਾ ਪਰ ਬਿਨਾਂ ਕਸੂਰ ਦੇ ਰੁਠਣਾ ਚੰਗਾ ਨਹੀਂ,—ਇਸ ਤਰ੍ਹਾਂ ਦਿਨ ਭਰ ਮਹਾਰਾਜਾ ਆਪਣੇ ਆਪ ਹੀ ਦਿਲ ਦੇ ਫਫੋਲੇ ਫਿਸਾਂਦਾ ਰਹਿੰਦਾ।

ਇਧਰ ਸ਼ਹਿਜ਼ਾਦਾ ਨੌਨਿਹਾਲ ਸਿੰਘ ਜਦ ਕਈ ਵਾਰੀ ਸੋਚ ਵਿਚ ਬੈਠਦਾ ਤਾਂ ਪਿਤਾ ਦੇ ਜੀਉਂਦੇ ਜੀ ਵਿਛੋੜੇ ਨੂੰ ਬੜੇ ਦਰਦ ਭਰੇ ਦਿਲ ਨਾਲ ਅਨੁਭਵ ਕਰਦਾ ਅਤੇ ਬੇ-ਅਖ਼ਤਿਆਰ ਕਹਿ ਉਠਦਾ : 'ਐ ਕਾਸ਼ ! ਅੱਜ ਮੇਰਾ ਧਰਮੀ ਤੇ ਲਾਇਕ ਪਿਤਾ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਨ ਵਿਚ ਸਾਵੰਧਾਨ ਹੁੰਦਾ ਤਾਂ ਖ਼ਾਲਸਾ ਸਲਤਨਤ ਦੇ ਪ੍ਰਬੰਧ ਦੇ ਭਾਰ ਨੂੰ ਮੇਰੇ ਨਾਲ ਵੰਡਦਾ। ਹਰ ਕੰਮ ਵਿਚ ਮੇਰਾ ਸਹਾਈ ਹੁੰਦਾ, ਮੈਂ ਉਸ ਦੇ ਲੰਮੇ ਤਜਰਬੇ ਤੋਂ ਲਾਭ ਉਠਾਉਂਦਾ, ਅਸੀਂ ਰਲ-ਮਿਲ ਬੈਠਦੇ ਤੇ ਖ਼ਾਲਸਾ ਰਾਜ ਦੇ ਵਾਧੇ ਲਈ ਵਿਚਾਰਾਂ ਵਿਚਾਰਦੇ ਕਿ ਕਿਸ ਤਰ੍ਹਾਂ ਰਾਜ ਨੂੰ ਹੋਰ ਵਧੇਰਾ ਧੱਕਾ ਕਰ ਸਕੀਦਾ ਹੈ। ਮੇਰੇ ਤਾਂ ਇਹ ਅਜ਼ਾਦੀ ਦੇ ਦਿਨ ਸਨ। ਇਹ ਭਾਰੀ ਬੋਝ ਮੇਰੇ ਸਿਰ ਪਰ ਆ ਪਿਆ ਹੈ, ਇਸ ਸਮੇਂ ਮੈਨੂੰ ਹਰ ਇਕ ਕੰਮ ਵਿਚ ਆਪਣੇ ਪਿਤਾ ਦੀ ਬਹੁਮੁੱਲੀ ਰਾਇ ਦੀ ਕਿੰਨੀ ਕੁ ਲੋੜ ਸੀ; ਪਰ ਵਿਧਾਨ ਵੱਲੋਂ ਕਿਆ ਵਚਿਤਰ ਭਾਣਾ ਵਰਤਿਆ ਹੈ ਕਿ ਮੇਰੀ ਬਾਂਹ ਫੜਨ ਦੀ ਥਾਂ ਉਲਟਾ ਰਾਜ ਭਾਗ ਆਪਣੀ ਹੱਥੀਂ ਫਰੰਗੀਆਂ ਦੇ ਹੱਥ ਦੇਣਾ ਚਾਹੁੰਦਾ ਹੈ। ਇਥੇ ਪਹੁੰਚ ਕੇ ਸ਼ਹਿਜ਼ਾਦਾ ਬੇ ਵਸਾ ਜਿਹਾ ਹੋ ਕੇ ਕੂਕ ਉਠਦਾ ਕਿ—'ਨਹੀਂ

ਨਹੀਂ, ਇਹ ਕਦੀ ਵੀ ਨਹੀਂ ਹੋ ਸਕਦਾ, ਭਾਵੇਂ ਬਾਪੂ ਜੀ ਵਿਚ ਕਿੰਨੀਆਂ ਚੰਗਿਆਈਆਂ ਭਰੀਆਂ ਹੋਣ, ਪਰ ਕੇਵਲ ਇਸ ਇਕ ਗੁਨਾਹ ਬਦਲੇ ਜੋ ਪਿਤਾ ਖ਼ਾਲਸਾ ਰਾਜ ਵਿਦੇਸ਼ੀਆਂ ਨੂੰ ਸੌਂਪਣਾ ਚਾਹੁੰਦਾ ਹੈ, ਮੈਂ ਉਸਦੇ ਮੱਥੇ ਨਹੀਂ ਲੱਗਣਾ ਚਾਹੁੰਦਾ।'[1]

ਇਹ ਵੀ ਕਿਹਾ ਜਾਂਦਾ ਸੀ ਕਿ ਕਈ ਵਾਰੀ ਸ਼ਹਿਜ਼ਾਦੇ ਦਾ ਦਿਲ ਆਪਣੇ ਪਿਤਾ ਵਲੋਂ ਕੁਝ ਨਰਮ ਵੀ ਹੋ ਜਾਂਦਾ ਸੀ, ਪਰ ਵੈਰੀਆਂ ਨੂੰ ਜਦ ਇਸ ਨਰਮੀ ਦਾ ਪਤਾ ਲਗਦਾ ਤਾਂ ਉਹ ਕਿਸੇ ਨਾ ਕਿਸੇ ਵਸੀਲੇ ਨਾਲ ਇਕ ਨਵਾਂ ਫਰਜ਼ੀ ਸੁਨੇਹਾ ਮਹਾਰਾਜਾ ਖੜਕ ਸਿੰਘ ਵੱਲੋਂ ਸ਼ਹਿਜ਼ਾਦੇ ਤਕ ਪਹੁੰਚਾ ਦੇਂਦੇ ਕਿ ਅੱਜ ਮਹਾਰਾਜਾ ਆਪ ਨੂੰ ਕੁਬਚਨ ਬੋਲਦਾ ਸੀ ਤੇ ਕਹਿੰਦਾ ਸੀ ਕਿ ਮੈਂ ਸਿੱਖ ਰਾਜ ਗੋਰਿਆਂ ਦੇ ਹੱਥ ਸੌਂਪ ਕੇ ਸ਼ਹਿਜ਼ਾਦੇ ਨੂੰ ਭੀਖ ਮੰਗਦਾ ਦੇਖਾਂ ਤਾਂ ਮੈਨੂੰ ਠੰਢ ਪਏਗੀ' ਆਦਿ।

ਪਿਤਾ ਪੁੱਤਰ ਦੇ ਵਿਚਾਲੇ ਇਹ ਹਿਰਦੇ ਵੇਧਕ ਪਾਟੋ ਧਾੜ ਦੇਖ ਕੇ ਮੇਜਰ ਸਮਾਇਥ ਲਿਖਦਾ ਹੈ : "ਧਿਆਨ ਸਿੰਘ ਦੇ ਪਾਪ ਭਰੇ ਅਨੇਕ ਕੁਕਰਮਾਂ ਵਿਚੋਂ ਇਹ ਬੜਾ ਹੀ ਬੇ-ਹਯਾਈ ਦਾ ਕੰਮ ਸੀ ਜਿਹੜਾ ਉਸ ਨੇ ਇਸ ਸਮੇਂ ਪਿਆਰੇ ਖੜਕ ਸਿੰਘ ਤੋਂ ਲਾਡਲੇ ਪੁੱਤਰ (ਨੌਨਿਹਾਲ ਸਿੰਘ) ਨੂੰ ਵਿਛੋੜ ਕੇ ਦੋਹੀਂ ਪਾਸੀਂ ਉਨ੍ਹਾਂ ਦੇ ਦਿਲਾਂ ਵਿਚ ਵੈਰ ਤੇ ਘ੍ਰਿਣਾ ਦੀ ਅੱਗ ਦੇ ਭਾਂਬੜ ਬਾਲ ਦਿੱਤੇ[2]।

ਇਸ ਬਾਰੇ ਦੇਵੀ ਪ੍ਰਸ਼ਾਦ ਲਿਖਦਾ ਹੈ :

"ਇਸ ਤਰ੍ਹਾਂ ਪਰ ਨੌਨਿਹਾਲ ਸਿੰਘ ਕੇ ਦਿਲ (ਕੋ) ਕਮਬਖ਼ਤ ਧਿਆਨ ਸਿੰਘ ਵਰਗਲਾਨਾ ਔਰ ਉਸਕੇ ਪਾਸ ਬਾਪ ਕੋ ਨ ਜਾਨੇ ਦੀਯਾ। ਔਰ ਉਧਰ ਖੜਕ ਸਿੰਘ ਅਪਨੇ ਬੇਟੇ ਕੀ ਯਾਦ ਮੇਂ ਤਰਸਤੇ ਹੂਆ ਮਰ ਗਿਆ।"[3]

1. ਇਹ ਖ਼ਿਆਲ ਕਿ ਮਹਾਰਾਜਾ ਖੜਕ ਸਿੰਘ ਖ਼ਾਲਸਾ ਰਾਜ ਨੂੰ ਅੰਗਰੇਜ਼ਾਂ ਦੇ ਹੱਥ ਦੇਣਾ ਚਾਹੁੰਦਾ ਸੀ, ਉੱਕਾ ਬੇ-ਬੁਨਿਆਦ ਸੀ, ਜੋ ਕੇਵਲ ਡੋਗਰੇ ਭਰਾਵਾਂ ਨੇ ਆਪਣੀ ਖ਼ੁਦ-ਗ਼ਰਜ਼ੀ ਲਈ ਮਹਾਰਾਜਾ ਨੌਨਿਹਾਲ ਸਿੰਘ ਦੇ ਦਿਲ ਵਿਚ ਬਿਠਾ ਦਿੱਤਾ ਸੀ।
   ਮੇਜਰ ਸਮਾਇਥ—ਰੇਨਿੰਗ ਫ਼ੈਮਲੀ ਔਫ਼ ਲਾਹੌਰ।
2. ਰੇਨਿੰਗ ਫ਼ੈਮਲੀ ਔਫ਼ ਲਾਹੌਰ-ਮੇਜਰ ਸਮਾਇਥ, ਸਫ਼ਾ ੩੨।
3. ਤਾਰੀਖ਼ ਪੰਜਾਬ-ਪੰਡਤ ਦੇਵੀ ਪ੍ਰਸ਼ਾਦ, ਪੰਨਾ ੪੪।

ਦਿਨ ਇਸ ਤਰ੍ਹਾਂ ਬੀਤ ਰਹੇ ਸਨ। ਛੇਕੜ ੪ ਨਵੰਬਰ ਸੰਨ ੧੮੪੦ ਦਾ ਜ਼ਿਕਰ ਹੈ ਕਿ ਸ਼ਹਿਜ਼ਾਦਾ ਨੌਨਿਹਾਲ ਸਿੰਘ ਆਪਣਾ ਮਨ ਪੱਕਾ ਕਰਕੇ ਸ਼ਾਮ ਦੇ ਹਨੇਰੇ ਵਿਚ ਮਹਾਰਾਜਾ ਖੜਕ ਸਿੰਘ ਨੂੰ ਦੇਖਣ ਲਈ ਉਸ ਦੀ ਹਵੇਲੀ ਵਿਚ ਜਾ ਹੀ ਵੜਿਆ। ਮਹਾਰਾਜਾ ਦਾ ਬੜੀ ਮੁੱਦਤ ਦਾ ਖ਼ਿਆਲ ਸੀ ਕਿ ਇਕ ਵਾਰੀ ਸ਼ਹਿਜ਼ਾਦਾ ਮੇਰੇ ਸਾਹਮਣੇ ਆਵੇ ਤਾਂ ਮੈਂ ਆਪਣੀ ਸਫ਼ਾਈ ਵਿਚ ਆਪਣਾ ਦਿਲ ਚੀਰ ਕੇ ਉਸਦੇ ਅੱਗੇ ਰੱਖ ਦੇਵਾਂ ਤੇ ਦਿਲ ਦੇ ਅਰਮਾਨ ਕੱਢਾਂ, ਪਰ ਅਫ਼ਸੋਸ! ਉਸ ਸਮੇਂ ਕੁਝ ਵੀ ਨਾ ਹੋ ਸਕਿਆ। ਜਦ ਮਹਾਰਾਜਾ ਨੇ ਆਪਣੇ ਪੁੱਤਰ ਨੂੰ ਆਉਂਦਾ ਡਿੱਠਾ ਤਾਂ ਉਹਦੇ ਪਿਆਰ ਵਿਚ ਪਲੰਘ ਤੋਂ ਉਠਣਾ ਚਾਹਿਆ ਅਤੇ ਤਰਸਯੋਗ ਮਹਾਰਾਜਾ ਨੇ ਦੋ ਵਾਰੀ ਆਪਣਾ ਸਿਰ ਸਿਰਹਾਣੇ ਤੋਂ ਚੁੱਕਣ ਦਾ ਯਤਨ ਕੀਤਾ, ਪਰ ਅਤਿ ਕਮਜ਼ੋਰੀ ਦੇ ਕਾਰਣ ਉੱਠ ਨਾ ਸਕਿਆ। ਹੁਣ ਪਤਾ ਨਹੀਂ ਕਿ ਉਸ ਦੇ ਮਨ ਵਿਚ ਕਿਹੜੇ ਮਾਣ ਦੇ ਜਜ਼ਬਾਤ ਨੇ ਐਸਾ ਛੁਲਕਾ ਮਾਰਿਆ ਕਿ ਹੰਝੂਆਂ ਦੇ ਕੜ੍ਹ ਪਾਟ ਪਏ ਅਰ ਅੱਖਾਂ ਦੇ ਰਸਤੇ ਫਰਨ-ਫਰਨ ਸਾਵਣ ਦੀ ਝੜੀ ਲਾ ਦਿੱਤੀ ਅਤੇ ਉੱਚੇ-ਉੱਚੇ ਡਸਕਾਰੇ ਮਾਰ ਕੇ ਰੋਣ ਲੱਗ ਪਿਆ। ਇਸ ਸਮੇਂ ਕੁਝ ਐਸਾ ਅਚਰਜ ਛਾ ਗਿਆ ਕਿ 'ਮਨ ਕੀ ਮਨਹੀ ਮਾਹਿ ਰਹੀ' ਦਾ ਸਮਾਂ ਬੱਝ ਗਿਆ ਪਰ ਜ਼ਬਾਨ ਤੋਂ ਕੁਝ ਵੀ ਨਾ ਆਖ ਸਕਿਆ। ਦੂਜੇ ਪਾਸੇ ਸ਼ਹਿਜ਼ਾਦੇ ਦੇ ਮਨ ਦਾ ਵੀ ਲਗਪਗ ਇਹੋ ਹਾਲ ਸੀ। ਇਸ ਅਤਿ ਕਰੁਣਾ ਰਸ ਦੇ ਪ੍ਰਭਾਓ ਵਿਚ ਛੇਕੜ ਉਸ ਸਮੇਂ ਜੋ ਕੋਈ ਗੱਲ ਮਹਾਰਾਜਾ ਸਾਹਿਬ ਦੇ ਮੂੰਹ ਤੋਂ ਨਿਕਲੀ ਹੋਈ ਸੁਣੀ ਜਾ ਸਕੀ ਤਾਂ ਉਹ ਕੇਵਲ ਇਹ ਸੀ ਕਿ ਆਪ ਨੇ ਤਿੰਨ ਵਾਰੀ ਦੁਹਰਾਕੇ ਆਖਿਆ : "ਮੈਂ ਬਖ਼ਸ਼ਿਆ ! ਬਖ਼ਸ਼ਿਆ !! ਬਖ਼ਸ਼ਿਆ !!!' ਤੀਜੀ ਵਾਰੀ 'ਬਖ਼ਸ਼ਿਆ' ਪੂਰੀ ਤਰ੍ਹਾਂ ਮੂੰਹ ਤੋਂ ਨਿਕਲਿਆ ਵੀ ਨਹੀਂ ਸੀ ਕਿ ਮਹਾਰਾਜਾ ਤੇ ਗਸ਼ੀ ਛਾ ਗਈ ਅਰ ਬੇ-ਸੁਧ ਹੋ ਗਿਆ। ਮਹਾਰਾਜੇ ਦਾ 'ਬਖ਼ਸ਼ਿਆ' ਕਹਿਣ ਦਾ ਭਾਵ ਜੋ ਸਮਝਿਆ ਜਾ ਸਕੀਦਾ ਹੈ ਉਹ ਇਹੀ ਹੋ ਸਕਦਾ ਹੈ ਕਿ ਨੌਨਿਹਾਲ ਸਿੰਘ ਨੂੰ ਸੰਬੋਧਨ ਕਰਕੇ ਮਹਾਰਾਜੇ ਨੇ ਕਿਹਾ ਕਿ ਭਾਵੇਂ ਮੈਂ ਬੇ-ਦੋਸ਼ੇ 'ਤੇ ਅਨਹੋਣੇ ਦੂਸ਼ਨ ਲਾ ਕੇ ਭਾਰੀਆਂ ਵਧੀਕੀਆਂ ਕੀਤੀਆਂ ਹਨ, ਪਰ ਆਪ ਅਪ-ਸਵਾਰਥੀਆਂ ਦੇ ਧੋਖੇ ਪੈ ਕੇ ਸਭ ਕੁਝ ਕਰਦੇ ਰਹੇ, ਇਸ ਲਈ ਮੈਂ ਆਪ ਨੂੰ ਬਖ਼ਸ਼ਦਾ ਹਾਂ।

ਸ਼ਹਿਜ਼ਾਦੇ ਨੇ ਉਸੀ ਵਕਤ ਹਕੀਮ ਨੂਰ ਦੀਨ ਤੇ ਹੋਰ ਵੈਦਾਂ ਨੂੰ ਬੁਲਾਇਆ; ਨੁਸਖੇ ਤਜਵੀਜ਼ ਹੋਏ; ਦਵਾਈਆਂ ਤਿਆਰ ਕਰਕੇ ਦਿੱਤੀਆਂ ਗਈਆਂ ਪਰ ਮਹਾਰਾਜਾ ਐਸੀ ਅਭਾਗੀ ਘੜੀ ਬੇਹੋਸ਼ ਹੋਇਆ ਕਿ ਅਨੇਕ ਜਤਨਾਂ ਦੇ ਹੁੰਦੇ ਵੀ ਮੁੜ ਹੋਸ਼ ਵਿਚ ਨਹੀਂ ਆ ਸਕਿਆ। ਸ਼ਹਿਜ਼ਾਦਾ ਕੁਝ ਦੇਰ ਬੈਠ ਕੇ ਚਲਾ ਗਿਆ ਤੇ ਸੇਵਾ ਲੱਗੇ ਹੋਏ ਸੇਵਾਦਾਰ ਨੂੰ ਹੁਕਮ ਦੇ ਗਿਆ ਕਿ ਮਹਾਰਾਜਾ ਦੇ ਆਰਾਮ ਦਾ ਪੂਰਾ-ਪੂਰਾ ਧਿਆਨ ਰੱਖਣਾ।

ਅਗਲੀ ਭਲਕ ਨੂੰ ਸ਼ਾਹਜ਼ਾਦਾ ਦਿਲ ਪਰਚਾਵੇ ਲਈ ਲਾਹੌਰ ਦੇ ਲਾਗੇ ਸ਼ਾਹ ਬਿਲਾਵਲ ਸੈਰ ਲਈ ਚਲਾ ਗਿਆ ਅਤੇ ਉਸੀ ਦਿਨ ਅਰਥਾਤ ੫ ਨਵੰਬਰ ੧੮੪੦ ਨੂੰ ਮੁਤਾਬਕ ੨੨ ਕਤਕ ੧੮੯੭ ਸੰਮਤ ਬਿਕ੍ਰਮੀ ਨੂੰ ਪੰਜ ਵਜੇ ਸਵੇਰੇ ਵੀਰਵਾਰ ਦੇ ਦਿਨ ਮਹਾਰਾਜਾ ਖੜਕ ਸਿੰਘ ਪੰਜਾਬ ਦਾ ਦੂਜਾ ਮਹਾਰਾਜਾ, ੩੮ ਸਾਲ ਦੀ ਜਵਾਨ ਉਮਰ ਵਿਚ ਬੜੇ ਹਸਰਤ ਭਰੇ ਦੁੱਖੀ ਦਿਲ ਨਾਲ ਸੰਸਾਰ ਤੋਂ ਕੂਚ ਕਰ ਗਿਆ।[1]

---

1. ਰੋਜ਼ਨਾਮਚਾ ਮੌਲਵੀ ਅਹਿਮਦ ਬਖ਼ਸ਼ ਚਿਸ਼ਤੀ।
'ਯਕਦਿਲ' ਜਰਨਲ ਔਫ਼ ਦੀ ਪੰਜਾਬ ਹਿਸਟਰੀਕਲ ਸੁਸਾਇਟੀ, ਜਿਲਦ ੬, ਨੰ: ੨, ਸੰਨ ੧੯੧੭, ਪੰਨਾ ੮੫।

ਨੌਨਿਹਾਲ ਸਿੰਘ ਦਾ ਤਾਜਪੋਸ਼ੀ ਦੇ ਦਿਨ ਮਾਰਿਆ ਜਾਣਾ

ਉਸੀ ਦਿਨ ਅਰਥਾਤ ੫ ਨਵੰਬਰ ੧੮੪੦ ਨੂੰ ਪੂਰਨ ਸ਼ਾਹਾਨਾ ਧੂਮ ਧਾਮ ਨਾਲ ਮਹਾਰਾਜਾ ਖੜਕ ਸਿੰਘ ਦੇ ਅੰਤਮ ਸੰਸਕਾਰ ਦਾ ਭਾਰੀ ਜਲੂਸ ਕਢਿਆ ਗਿਆ, ਜਿਸ ਵਿਚ ਕੁਲ ਦਰਬਾਰੀ ਤੇ ਸਮੂਹ ਸਰਦਾਰ ਸ਼ਾਮਲ ਸਨ। ਮਹਾਰਾਜੇ ਦਾ ਬਿਬਾਨ ਬਹੁ-ਮੁਲੀ ਕੀਮ-ਖੁਵਾਬ ਅਤੇ ਕੀਮਤੀ ਜ਼ਰੀਬਾਖਤਾ ਨਾਲ ਮੜ੍ਹਿਆ ਗਿਆ ਸੀ, ਜਿਸ ਉਪਰੋਂ ਹਜ਼ਾਰਾਂ ਮੋਹਰਾਂ ਉਡਾਈਆਂ ਗਈਆਂ। ਸ਼ਹਿਜ਼ਾਦਾ ਨੌਨਿਹਾਲ ਸਿੰਘ ਨੇ ਇਸ ਸਮੇਂ ਸੁਫੈਦ ਪੋਸ਼ਾਕ ਪਹਿਨੀ ਹੋਈ ਸੀ। ਰਾਗੀਆਂ ਦੇ ਕਈ ਜੱਥੇ ਸਮੇਂ ਅਨੁਸਾਰ ਵੈਰਾਗਮਈ ਕੀਰਤਨ ਕਰ ਰਹੇ ਸਨ। ਗੁਲਾਬ ਤੇ ਕੇਵੜਾ ਖੁਲ੍ਹੇ ਛੜਕਾਏ ਜਾ ਰਹੇ ਸਨ। ਸ਼ਾਹੀ ਬੈਂਡ ਤੇ ਨਿਕਾਰਚੀ ਆਪੋ-ਆਪਣੇ ਤਰੀਕੇ ਅਨੁਸਾਰ ਅਸਚਰਜ ਉਦਾਸੀ ਦਾ ਨਕਸ਼ਾ ਦਿਲਾਂ 'ਤੇ ਜਮਾ ਰਹੇ ਸਨ। ਹੁਣ ਇਹ ਬਿਬਾਨ ਠੀਕ ਉਸ ਥਾਂ 'ਤੇ ਪਹੁੰਚਿਆ ਜਿੱਥੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਸੰਸਕਾਰ ਕੀਤਾ ਗਿਆ ਸੀ। ਵੱਡੇ ਮਹਾਰਾਜਾ ਦੇ ਲਾਗੇ ਹੀ ਪਿਛਲੇ ਪਾਸੇ ਕੋਈ ਦਸ ਗਜ਼ ਦੀ ਵਿਥ 'ਤੇ ਚਿਖਾ ਤਿਆਰ ਕੀਤੀ ਗਈ ਤੇ ਮਹਾਰਾਜਾ ਦੀ ਅਰਥੀ ਉਸ ਉੱਪਰ ਰੱਖੀ ਗਈ। ਇਸ ਸਮੇਂ ਕਿਲ੍ਹੇ ਤੋਂ ਤੋਪਖ਼ਾਨੇ ਨੇ ਅਖ਼ੀਰੀ ਸਲਾਮੀ ਉਤਾਰੀ। ਫਿਰ ਅਰਦਾਸ ਸੋਧਣ ਦੇ ਬਾਅਦ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੇ ਆਪਣੇ ਹੱਥ ਨਾਲ ਆਪਣੇ ਪਿਤਾ ਦੀ ਚਿਤਾ ਨੂੰ ਲੰਬੂ ਲਾਇਆ, ਇਸੇ ਤਰ੍ਹਾਂ ਹੋਰਨਾਂ ਦਰਬਾਰੀਆਂ ਕੀਤਾ। ਇਸ ਸਮੇਂ ਇਕ ਬੜਾ ਦਿਲਾਂ ਨੂੰ ਕੰਬਾ ਦੇਣ ਵਾਲਾ ਵਾਕਿਆ ਦੇਖਣ ਵਿਚ ਆਇਆ ਜੋ ਇਸ ਤਰ੍ਹਾਂ ਹੈ ਕਿ ਜਦ ਮਹਾਰਾਜਾ ਖੜਕ ਸਿੰਘ ਦੀ ਚਿਤਾ ਪੂਰੀ ਤਰ੍ਹਾਂ ਬਲ ਉਠੀ, ਉਸ ਵਕਤ ਮਹਾਰਾਜਾ ਸਾਹਿਬ ਦੀ ਛੋਟੀ ਮਹਾਰਾਣੀ;

ਮਹਾਰਾਣੀ ਈਸ਼ਰ ਕੌਰ, ਸ: ਮੰਗਲ ਸਿੰਘ ਦੀ ਭੈਣ ਦੇ ਦਿਲ ਨੇ ਆਪਣੇ ਪਤੀ ਪਿਆਰ ਵਿਚ ਇੰਨਾ ਹੁਲਾਰਾ ਖਾਧਾ ਕਿ ਇਕਾਇਕ ਮਹਾਰਾਜਾ ਦੀ ਚਿਤਾ ਵਿਚ ਛਾਲ ਮਾਰ ਦਿੱਤੀ। ਇਸ ਤਰ੍ਹਾਂ ਮਹਾਰਾਣੀ ਦੀਆਂ ਤਿੰਨਾਂ ਦਾਸੀਆਂ ਨੇ ਵੀ ਆਪਣੇ ਆਪ ਨੂੰ ਅਗਨੀ ਦੀ ਭੇਟਾ ਕਰ ਦਿੱਤਾ[1] ਜਿਸ ਨਾਲ ਹਰ ਪਾਸੇ ਉਦਾਸੀ ਹੀ ਉਦਾਸੀ ਛਾ ਗਈ।

1 ਗੁਰੂ ਘਰ ਵਿਚ ਇਸ ਤਰ੍ਹਾਂ ਆਤਮਘਾਤ ਕਰਨਾ ਅਯੋਗ ਦੱਸਿਆ ਗਿਆ ਹੈ।

ਬਜਰ ਪਾਪ ਤੇ ਭਿਆਨਕ ਨਜ਼ਾਰਾ

ਮਹਾਰਾਜਾ ਖੜਕ ਸਿੰਘ ਦਾ ਸੰਸਕਾਰ ਹੋ ਚੁੱਕਾ ਸੀ ਕਿ ਇੰਨੇ ਨੂੰ ਮੀਆਂ ਊਧਮ ਸਿੰਘ[1] ਆਇਆ ਅਤੇ ਮਹਾਰਾਜਾ ਨੌਨਿਹਾਲ ਸਿੰਘ ਦੇ ਕੰਨ ਵਿਚ ਆਕੇ ਆਖਿਆ ਕਿ ਤਾਜਪੋਸ਼ੀ ਦਾ ਪ੍ਰਬੰਧ ਤਿਆਰ ਹੈ।[2] ਹੁਣ ਮਹਾਰਾਜਾ ਸਣੇ ਕੁਝ ਦਰਬਾਰੀਆਂ ਦੇ ਕਿਲ੍ਹੇ ਵਲ ਪੈਦਲ ਵਾਪਸ ਜਾਣ ਲੱਗਾ। ਇਹ ਰਸਤਾ ਕਿਲ੍ਹੇ ਦੇ ਸਾਹਮਣੇ ਵਾਲੇ ਬਾਗ ਵਿਚੋਂ ਹਜ਼ੂਰੀ ਦਰਵਾਜ਼ੇ[3] ਥਾਣੀ ਕਿਲ੍ਹੇ ਵਿਚ ਜਾਂਦਾ ਸੀ। ਇਸ ਸਮੇਂ ਮੀਆਂ ਊਧਮ ਸਿੰਘ ਸ਼ਹਿਜ਼ਾਦੇ ਦੇ ਨਾਲ ਜਾ ਰਿਹਾ ਸੀ। ਇਨ੍ਹਾਂ ਦੇ ਪਿੱਛੇ ਕੁਝ ਕਦਮਾਂ ਦੀ ਵਿਥ 'ਤੇ ਧਿਆਨ ਸਿੰਘ ਸਣੇ ਕੁਝ ਡੋਗਰਿਆਂ ਦੇ ਅਤੇ ਕੁਝ ਕਦਮ ਹੋਰ ਪਿੱਛੇ ਸਰਦਾਰ ਲਹਿਣਾ ਸਿੰਘ ਆਦਿ ਜਾ ਰਹੇ ਸਨ। ਊਧਮ ਸਿੰਘ ਸ਼ਹਿਜ਼ਾਦੇ ਨਾਲ ਹੋਣ

1. ਊਧਮ ਸਿੰਘ, ਰਾਜਾ ਗੁਲਾਬ ਸਿੰਘ ਦਾ ਪੁੱਤਰ ਸੀ।
2. ਇਸੇ ਦਿਨ ੫ ਨਵੰਬਰ ਨੂੰ ਲੌਢੇ ਪਹਿਰ ਸ਼ਹਿਜ਼ਾਦਾ ਨੌਨਿਹਾਲ ਸਿੰਘ ਦੀ ਤਾਜਪੋਸ਼ੀ, ਰਸਮਈ ਤੌਰ ਪਰ ਬੜੇ ਸਾਦੇ ਤਰੀਕੇ ਨਾਲ ਹੋਣੀ ਸੀ ਅਤੇ ਪੂਰੀ ਧੂਮ-ਧਾਮ ਨਾਲ ਇਹ ਮਰਯਾਦਾ ਪੂਰੀ ਕਰਨ ਲਈ ਮੁੜ ਕੋਈ ਦਿਨ ਨੀਯਤ ਹੋਣਾ ਸੀ। ਇਸ ਸਮੇਂ ਲਈ ਤਿਆਰੀ ਦੇ ਪ੍ਰਬੰਧਕ ਸਰਦਾਰ ਲਹਿਣਾ ਸਿੰਘ ਮਜੀਠੀਆ ਤੇ ਮੀਆਂ ਊਧਮ ਸਿੰਘ ਨੀਯਤ ਕੀਤੇ ਗਏ ਸਨ, ਜਿਨ੍ਹਾਂ ਨੇ ਬੜੇ ਥੋੜ੍ਹੇ ਜਿਹੇ ਸਮੇਂ ਵਿਚ ਤਖ਼ਤਗਾਹ ਦੀਵਾਨ ਆਮ ਵਿਚ ਇਸ ਰਸਮ ਦੇ ਕਰਨ ਦਾ ਪ੍ਰਬੰਧ ਕਰ ਲਿਆ ਸੀ।
3. ਹਜ਼ੂਰੀ ਦਰਵਾਜ਼ਾ ਉਸ ਦਰਵਾਜ਼ੇ ਦਾ ਨਾਂ ਹੈ ਜੋ ਹਜ਼ੂਰੀ ਬਾਗ਼ ਦੀ ਸੰਗਮਰਮਰ ਦੀ ਬਾਰਾਂਦਰੀ ਦੇ ਸਾਹਮਣੇ ਚੜ੍ਹਦੇ ਵਲ ਹੈ ਜੋ ਅੱਜਕਲ ਅੰਦਰੋਂ ਬੰਦ ਹੈ। ਮਹਾਰਾਜੇ ਸਦਾ ਇਸ ਦਰਵਾਜ਼ੇ ਵਲੋਂ ਕਿਲ੍ਹੇ ਦੇ ਅੰਦਰ ਜਾਂਦੇ ਹੁੰਦੇ ਸਨ।

ਵਾਲੇ ਦਰਬਾਰ ਸਬੰਧੀ ਵਿਚਾਰ ਕਰ ਰਿਹਾ ਸੀ ਕਿ ਇਹ ਹੁਣ ਹਜ਼ੂਰੀ ਬਾਗ ਦੇ ਉੱਤਰੀ ਦਰਵਾਜ਼ੇ ਕੋਲ ਪਹੁੰਚੇ, ਜਿਸ ਨੂੰ ਪੁਰਾਣਾ ਅਕਬਰੀ ਦਰਵਾਜ਼ਾ ਕਿਹਾ ਜਾਂਦਾ ਸੀ। ਇਹ ਦਰਵਾਜ਼ੇ ਦੀ ਮਹਿਰਾਬ (ਡਾਟ) ਵਿਚੋਂ ਨਿਕਲ ਹੀ ਰਹੇ ਸਨ ਕਿ ਇਸ ਦਰਵਾਜ਼ੇ ਦੇ ਉਪਰਲੀ ਫਸੀਲ ਜੋ ਪਰਦੇ ਦੀ ਸ਼ਕਲ ਦੀ ਗਜ਼-ਗਜ਼ ਉੱਚੀ ਦਰਵਾਜ਼ੇ ਦੇ ਚੁਤਰਫੀ ਬਣੀ ਹੋਈ ਸੀ ਸ਼ਹਿਜ਼ਾਦੇ ਦੇ ਉਪਰ ਇਕਾ-ਇਕ ਆ ਪਈ। ਚੂੰਕਿ ਸ਼ਹਿਜ਼ਾਦਾ ਨੌਨਿਹਾਲ ਸਿੰਘ ਊਧਮ ਸਿੰਘ ਤੋਂ ਇਕ ਫ਼ੁਟ ਦੇ ਕਰੀਬ ਅੱਗੇ ਸੀ, ਊਧਮ ਸਿੰਘ ਤਾਂ ਸਾਰੇ ਦਾ ਸਾਰਾ ਹੀ ਇੱਟਾਂ ਥੱਲੇ ਦੱਬਿਆ ਗਿਆ ਅਤੇ ਕੱਢਣ ਤੋਂ ਮਲੂਮ ਹੋਇਆ ਜੋ ਉਸਦੀ ਗਰਦਨ ਟੁੱਟ ਗਈ ਸੀ ਤੇ ਮਰ ਚੁੱਕਾ ਸੀ। ਸ਼ਹਿਜ਼ਾਦੇ ਨੂੰ ਵੀ ਸੱਟ ਲੱਗੀ, ਜਿਸ ਨਾਲ ਉਹ ਜ਼ਮੀਨ 'ਤੇ ਡਿੱਗ ਪਿਆ। ਹੁਣ ਧਿਆਨ ਸਿੰਘ ਅੱਗੇ ਵਧਿਆ ਅਤੇ ਸ਼ਹਿਜ਼ਾਦੇ ਨੌਨਿਹਾਲ ਨੂੰ ਜ਼ਮੀਨ ਤੋਂ ਉਠਾ ਕੇ ਡਿੱਠਾ ਤਾਂ ਉਸ ਦੀ ਖੱਬੀ ਬਾਂਹ ਟੁੱਟ ਗਈ ਸੀ ਤੇ ਸਿਰ 'ਤੇ ਕੁਝ ਖ਼ਰਾਸ਼ ਜਿਹਾ ਆਇਆ ਸੀ। ਧਿਆਨ ਸਿੰਘ ਨੇ ਉਸੀ ਵਕਤ ਪਾਲਕੀ ਹਾਜ਼ਰ ਕਰਨ ਦੀ ਆਵਾਜ਼ ਦਿੱਤੀ। ਪਾਲਕੀ ਉਸੀ ਵੇਲੇ ਹਾਜ਼ਰ ਕੀਤੀ ਗਈ, ਜੋ ਕੁਝ ਚਿਰ ਪਹਿਲੇ ਹੀ ਨਾ-ਮਲੂਮ ਕਿਸ ਗ਼ਰਜ ਲਈ ਉਥੇ ਲਾਗੇ ਹੀ ਮੌਜੂਦ ਧਰੀ ਹੋਈ ਸੀ ਤੇ ਡੋਲੀ ਵਾਲੇ ਉਸ ਦੀ ਆਵਾਜ਼ ਦੀ ਉਡੀਕ ਕਰ ਰਹੇ ਸਨ[1]। ਧਿਆਨ ਸਿੰਘ ਝੱਟ ਪੱਟ ਸ਼ਹਿਜ਼ਾਦੇ ਨੂੰ ਉਸ ਪਾਲਕੀ ਵਿਚ ਪੁਆ ਕੇ ਕਿਲ੍ਹੇ ਦੇ ਅੰਦਰ ਲੈ ਗਿਆ[2] ਅਤੇ ਉਸੇ ਵਕਤ ਕਿਲ੍ਹੇ ਦੇ ਸਾਰੇ ਦਰਵਾਜ਼ੇ ਬੰਦ ਕਰਵਾ ਕੇ ਅੰਦਰੋਂ ਜੰਦਰੇ ਲਵਾ ਦਿੱਤੇ[3]। ਤੇ ਚਾਬੀਆਂ ਪਹਿਰੇਦਾਰਾਂ ਤੋਂ ਲੈ ਕੇ ਆਪਣੇ ਪਾਸ ਰੱਖੀਆਂ। ਸ਼ਹਿਜ਼ਾਦਾ ਦੀ ਪਾਲਕੀ ਨਾਲ ਸਰਦਾਰ ਲਹਿਣਾ ਸਿੰਘ ਜੀ ਮਜੀਠੀਏ ਤੇ ਕੁਝ ਹੋਰਨਾਂ ਸਰਦਾਰਾਂ ਨੇ ਕਿਲ੍ਹੇ ਦੇ ਅੰਦਰ ਜਾਣ ਦੀ ਕੋਸ਼ਿਸ਼ ਕੀਤੀ, ਪਰ ਧਿਆਨ ਸਿੰਘ ਨੇ ਸਭ ਨੂੰ ਅੰਦਰ ਜਾਣ ਤੋਂ ਹੋੜ ਦਿੱਤਾ।[4]

1. ਪੰਡਤ ਦੇਵੀ ਪ੍ਰਸ਼ਾਦ—ਤਾਰੀਖ਼ ਪੰਜਾਬ, ਪੰਨਾ ੪੪।
2. ਪੰਡਤ ਦੇਵੀ ਪ੍ਰਸ਼ਾਦ—ਤਾਰੀਖ਼ ਪੰਜਾਬ, ਪੰਨਾ ੪੪।
3. ਰੋਨਿੰਗ ਫ਼ੈਮਲੀ ਔਫ਼ ਲਾਹੌਰ—ਮੇਜਰ ਸਮਾਇਥ, ਪੰਨਾ ੩੫।
4. ਸੱਯਦ ਮੁਹੰਮਦ ਲਤੀਫ਼—ਪੰਨਾ ੫੦੦।

ਉਧਰ ਜਿਸ ਵਕਤ ਮਹਾਰਾਜਾ ਖੜਕ ਸਿੰਘ ਦੀ ਚਿਤਾ ਨੂੰ ਅਗਨੀ ਲਾਈ ਗਈ ਸੀ ਤਾਂ ਮਹਾਰਾਣੀ ਚੰਦ ਕੌਰ ਤੇ ਮਹਾਰਾਣੀ ਨਾਨਕੀ ਜੀ[1] ਸ਼ਹਿਰ ਦੀ ਹਵੇਲੀ ਵਲ ਪਰਤ ਆਈਆਂ ਸਨ। ਇਹ ਦੋਵੇਂ ਅਜੇ ਹਵੇਲੀ ਵਿਚ ਪਹੁੰਚੀਆਂ ਹੀ ਸਨ ਕਿ ਠੀਕ ਇਸੇ ਘੜੀ ਇਕ ਟਹਿਲੀਆ ਡਾਢਾ ਘਬਰਾਇਆ ਹੋਇਆ ਭਜਿਆ ਆਇਆ ਤੇ ਢਾਹੀਂ ਮਾਰ ਕੇ ਰੋਂਦੇ ਹੋਏ ਨੇ ਆਖਿਆ : ਸਰਕਾਰ ਤੇ ਮਹਾਰਾਣੀ ਜੀ ਹਜ਼ੂਰ ਐਥੇ ਹੀ ਬੈਠੀਆਂ ਹੋ, ਆਪ ਦੀਆਂ ਅੱਖਾਂ ਦਾ ਚਾਨਣ ਸਾਹਿਬ ਬਾਗ਼ ਦੇ ਦਰਵਾਜ਼ੇ ਹੇਠ ਕੁਚਲਿਆ ਗਿਆ ਹੈ। ਇਸ ਹੌਲਨਾਕ ਖ਼ਬਰ ਦਾ ਅਸਰ ਜੋ ਕੁਝ ਕਿਸੇ ਅਤਿ ਪਿਆਰੀ ਮਾਤਾ 'ਤੇ ਉਸ ਦੇ ਇਕਲੌਤੇ ਪੁੱਤਰ ਦੀ ਮੌਤ ਦੀ ਖ਼ਬਰ ਸੁਣ ਕੇ ਹੋ ਸਕਦਾ ਹੈ ਉਸਦਾ ਅੰਦਾਜ਼ਾ ਲਾਉਣਾ ਔਖਾ ਨਹੀਂ, ਇਹ ਦੋਵੇਂ ਨੂੰਹ ਸਸ ਵਾਹੋ ਧਾਈ ਭੱਜੀਆਂ ਅਤੇ ਸਿੱਧੀਆਂ ਹਜ਼ੂਰੀ ਬਾਗ਼ ਵਿਚ ਪਹੁੰਚੀਆਂ ! ਇਥੋਂ ਪਤਾ ਲੱਗਾ ਜੋ ਸ਼ਹਿਜ਼ਾਦੇ ਨੂੰ ਧਿਆਨ ਸਿੰਘ ਕਿਲ੍ਹੇ ਵਿਚ ਲੈ ਗਿਆ ਹੈ, ਇਹ ਉੱਧਰ ਨੱਠੀਆਂ, ਪਰ ਅੱਗੋ ਦਰਵਾਜ਼ੇ ਬੰਦ ਪਾਏ। ਦਰਵਾਜ਼ਿਆਂ ਦੇ ਖੁਲ੍ਹਣ ਲਈ ਜੋ ਕੀਰਨੇ ਮਾਤਾ ਚੰਦ ਕੌਰ ਜੀ ਨੇ ਕੱਢੇ, ਅਤੇ ਆਪਣੇ ਸਿਰਤਾਜ ਦੇ ਅੰਤਲੇ ਦਰਸ਼ਨ ਲਈ ਜੋ ਦੁਹਾਈਆਂ ਤੇ ਵਾਸਤੇ ਮਹਾਰਾਣੀ ਨਾਨਕੀ ਨੇ ਪਾਏ ਉਹ ਇੰਨੇ ਦਿਲ ਚੀਰਵੇਂ ਸਨ ਜੋ ਸੁਣ ਕੇ ਪੱਥਰ ਵੀ ਮੋਮ ਹੋ ਰਹੇ ਸਨ, 'ਤੇ ਅਫ਼ਸੋਸ ਕਿ ਧਿਆਨ ਸਿੰਘ ਦੇ ਪੱਥਰ ਤੋਂ ਵੀ ਵਧ ਪੱਕੇ ਦਿਲ 'ਤੇ ਇਸਦਾ ਕੱਖ ਜਿੰਨਾ ਵੀ ਅਸਰ ਨਾ ਹੋਇਆ ਤੇ ਕਿਲ੍ਹੇ ਦਾ ਦਰਵਾਜ਼ਾ ਇਨ੍ਹਾਂ ਨੂੰ ਨਹੀਂ ਖੋਲ੍ਹਿਆ ਗਿਆ। ਹੁਣ ਜਦ ਕੀਰਨਿਆਂ ਤੇ ਵਾਸਤਿਆਂ ਨਾਲ ਦਰਵਾਜ਼ਾ ਨਾ ਖੁਲ੍ਹਿਆ ਤਾਂ ਇਨ੍ਹਾਂ ਮਮਤਾ ਦੀਆਂ ਮਾਰੀਆਂ ਨੇ ਆਪਣੇ ਕੋਮਲ ਹੱਥ ਕਿਲ੍ਹੇ ਦੇ ਹਜ਼ੂਰੀ ਦਰਵਾਜ਼ੇ 'ਤੇ ਜ਼ੋਰ-ਜ਼ੋਰ ਨਾਲ ਮਾਰਨੇ ਆਰੰਭ ਦਿੱਤੇ[2]। ਦਰਵਾਜ਼ੇ 'ਤੇ ਲੋਹੇ ਦੀਆਂ ਮੋਟੀਆਂ ਮੇਖਾਂ ਜੜੀਆਂ ਹੋਈਆਂ ਸਨ।[3] ਜਿਨ੍ਹਾਂ ਪਰ ਹੱਥ ਵੱਜਣ ਨਾਲ ਪਲੋ ਪਲੀ ਵਿਚ ਇਨ੍ਹਾਂ ਤੋਂ ਲਹੂ ਵਗ

1. ਕਰਨਲ ਅਲੈਗਜ਼ਾਂਡਰ ਗਾਡਨਰ—ਪੰਨਾ ੨੨੫।
2. ਸ਼ਹਿਜ਼ਾਦਾ ਨੌਨਿਹਾਲ ਸਿੰਘ ਦੀ ਮਹਾਰਾਣੀ ਤੇ ਸ: ਸ਼ਾਮ ਸਿੰਘ ਅਟਾਰੀ ਵਾਲੇ ਦੀ ਸਪੁਤਰੀ ਦਾ ਨਾਂ ਹੈ।
3. ਸਮਾਇਥ, ਰੋਨਿੰਗ ਫ਼ੈਮਲੀ ਆਫ਼ ਲਾਹੌਰ—ਸਫ਼ਾ ੩੫।

ਤੁਰਿਆ, ਹੱਥਾਂ ਤੋਂ ਚਮੜੀ ਉਡ ਕੇ ਮਾਸ ਦਾ ਲੋਥੜਾ ਹੋ ਗਏ[1] ਪਰ ਦਰਵਾਜ਼ੇ ਕਿਸੇ ਵੀ ਨਾ ਖੋਹਲੇ। ਹੁਣ ਮਾਤਾ ਚੰਦ ਕੌਰ ਜਦ ਦਰਵਾਜ਼ੇ ਖੁਲ੍ਹਣ ਤੋਂ ਉੱਕੀ ਨਿਰਾਸ ਹੋ ਗਈ ਤੇ ਇਸ ਨੂੰ ਯਕੀਨ ਹੋ ਗਿਆ ਕਿ ਮੈਨੂੰ ਨਿਰਦਈ ਆਪਣੇ ਲਾਡਲੇ ਪੁੱਤਰ ਦੇ ਅੰਤਲੇ ਦਰਸ਼ਨ ਵੀ ਨਹੀਂ ਕਰਨ ਦੇਣਗੇ ਤਾਂ ਉਸਦੇ ਬਿਰਾਹ ਨੇ ਐਸਾ ਹੁਲਾਰਾ ਖਾਧਾ ਕਿ ਬੇ-ਵਸੀ ਵਿਚ ਪਿਛੇ ਹਟੀ ਤੇ ਜ਼ੋਰ ਨਾਲ ਭੱਜਕੇ ਆਪਣਾ ਸਿਰ ਕਿਲ੍ਹੇ ਦੇ ਦਰਵਾਜ਼ੇ ਉੱਤੇ ਧਰਿ ਮਾਰਿਆ, ਜਿਸ ਨਾਲ ਉਹ ਬੇ-ਸੁੱਧ ਹੋ ਕੇ ਡਿਗ ਪਈ ਤੇ ਤੜਫਣ ਲੱਗੀ। ਇਸ ਨੂੰ ਇਸੇ ਹਾਲ ਵਿਚ ਡੋਲੀ ਵਿਚ ਪਾ ਕੇ ਨੌਕਰ ਟਹਿਲੀਏ ਮੁੜ ਸ਼ਹਿਰ ਵਾਲੀ ਹਵੇਲੀ ਵਿਚ ਲੈ ਆਏ, ਪਰ ਕਿਲ੍ਹੇ ਦੇ ਦਰਵਾਜ਼ੇ ਉਸੇ ਤਰ੍ਹਾਂ ਬੰਦ ਰਹੇ। ਇਥੇ ਇਹ ਗੱਲ ਲਿਖਣੀ ਅਤਿ ਜ਼ਰੂਰੀ ਹੈ ਕਿ ਧਿਆਨ ਸਿੰਘ ਜਦ ਫੱਟੜ ਸ਼ਹਿਜ਼ਾਦੇ ਨੂੰ ਕਿਲ੍ਹੇ ਵਿਚ ਲੈ ਗਿਆ ਤੇ ਦਰਵਾਜ਼ੇ ਅੰਦਰੋਂ ਬੰਦ ਕਰਾ ਦਿੱਤੇ ਤਾਂ ਉਸ ਸਮੇਂ ਉਸ ਦੇ ਨਾਲ ਕਿਲ੍ਹੇ ਵਿਚ ਕੇਵਲ ਦੋ ਇਸ ਦੇ ਆਪਣੇ ਡੋਗਰੇ ਨੌਕਰ ਸਨ, ਕੋਈ ਜ਼ਿੰਮੇਂਵਾਰ ਸਿੱਖ ਅੰਦਰ ਮੌਜੂਦ ਨਹੀਂ ਸੀ।[2]

ਬਸ ਠੀਕ ਇਹੀ ਸਮਾਂ ਨੌਨਿਹਾਲ ਸਿੰਘ ਦੇ ਜੀਵਨ ਲਈ ਅਤਿਅੰਤ ਭਿਆਨਕ ਸੀ ਅਰਥਾਤ ਇਸ ਸਮੇਂ ਸ਼ਹਿਜ਼ਾਦਾ ਨੌਨਿਹਾਲ ਸਿੰਘ ਦੇ ਜੀਵਨ ਦਾ ਖ਼ਾਤਮਾ ਕੀਤਾ ਗਿਆ[3]। ਇਸ ਦੀ ਤਾਈਦ ਵਿਚ ਕਰਨਲ ਗਾਡਨਰ ਦੀ ਰਜਮੰਟ ਦੇ ਚਾਰ ਡੋਲੀ ਬਰਦਾਰਾਂ ਦੀ ਅੱਖੀਂ ਡਿਠੀ ਸ਼ਹਾਦਤ ਨਾਲ ਸਾਰੀ ਅਪ੍ਰਗਟ ਗੱਲ ਆਪਣੇ ਆਪ ਪੂਰੀ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ। ਇਨ੍ਹਾਂ ਡੋਲੀ ਵਾਲਿਆਂ ਨੇ ਹੀ ਧਿਆਨ ਸਿੰਘ ਦੇ ਹੁਕਮ ਨਾਲ ਫੱਟੜ ਸ਼ਹਿਜ਼ਾਦੇ ਨੂੰ ਆਪਣੀ ਡੋਲੀ ਵਿਚ ਪਾ ਕੇ ਕਿਲ੍ਹੇ ਦੇ ਅੰਦਰ ਪਹੁੰਚਾਇਆ ਸੀ। ਇਨ੍ਹਾਂ ਬਾਹਰ ਆਕੇ ਦੱਸਿਆ ਕਿ ਕੌਰ ਸਾਹਿਬ ਨੂੰ ਕਿਲ੍ਹੇ ਅੰਦਰ ਪਹੁੰਚਾਣ ਸਮੇਂ ਉਸ ਦੇ ਸਿਰ ਦੇ ਫ਼ਟ ਤੋਂ ਕੇਵਲ ਨਾਨਕ ਸ਼ਾਹੀ ਰੁਪਏ ਦੇ

1. ਇਹ ਦਰਵਾਜ਼ਾ ਇਸ ਵਕਤ ਤਕ ਮੌਜੂਦ ਹੈ ਜਿਸ ਨੂੰ ਲੇਖਕ ਨੇ ਆਪ ਦੇਖਿਆ ਹੈ, ਇਸ ਪਰ ਹੇਠ ਲੋਹੇ ਦੀ ਚਾਦਰ ਤੇ ਉਪਰ ਮੇਖ਼ਾਂ ਸਾਫ਼ ਦਿਸ ਰਹੀਆਂ ਹਨ।
2. ਕਰਨਲ ਗਾਰਡਨਰ—ਪੰਨਾ ੨੨੫।
3. ਰੇਨਿੰਗ ਫ਼ੈਮਲੀ ਆਫ਼ ਲਾਹੌਰ, ਸਮਾਇਥ—ਸਫ਼ਾ ੩੬।

ਸਿਰ ਥੱਲੇ ਧਰੇ ਸਿਰਹਾਣੇ ਨੂੰ ਦਾਗ ਲੱਗਾ ਸੀ ਪਰ ਜਦ ਰਾਜਾ ਧਿਆਨ ਸਿੰਘ ਨੇ ਡੋਲੀ ਕਿਲ੍ਹੇ ਦੀ ਇਕ ਕੋਠੜੀ ਵਿਚ ਰੱਖਵਾਈ ਅਤੇ ਫੇਰ ਆਪਣੇ ਨਾਲ ਦੇ ਡੋਗਰੇ ਨੌਕਰਾਂ ਨੂੰ ਕਮਰੇ ਦੇ ਅੰਦਰ ਵਾੜ ਕੇ ਇਸ ਕੋਠੜੀ ਦਾ ਦਰਵਾਜ਼ਾ ਅੰਦਰੋਂ ਬੰਦ ਕਰ ਦਿੱਤਾ ਅਤੇ ਮੁੜ ਕੁਝ ਸਮੇਂ ਦੇ ਉਪਰੰਤ ਇਹ ਦਰਵਾਜ਼ਾ ਅੰਦਰੋਂ ਖੋਲ੍ਹਿਆ ਅਤੇ ਅਸਾਨੂੰ ਹੁਕਮ ਦਿੱਤਾ ਕਿ ਸ਼ਹਿਜ਼ਾਦੇ ਨੂੰ ਇਥੋਂ ਚੁੱਕ ਕੇ ਦੂਜੇ ਕਮਰੇ ਵਿਚ ਪਹੁੰਚਾਇਆ ਜਾਏ। ਇਸ ਸਮੇਂ ਅਸਾਡੀ ਹੈਰਾਨਗੀ ਦੀ ਕੋਈ ਹਦ ਨਾ ਰਹੀ ਜਦ ਅਸਾਂ ਇਸ ਕੋਠੜੀ ਦੇ ਫ਼ਰਸ਼ ਨੂੰ ਸ਼ਹਿਜ਼ਾਦੇ ਦੇ ਲਹੂ ਨਾਲ ਲਾਲੋ ਲਾਲ ਡਿੱਠਾ[1]। ਕੇਵਲ ਇਸੇ ਗੱਲ ਦੇ ਬਾਹਰ ਦੱਸਣ ਦੇ ਅਪਰਾਧ ਬਦਲੇ ਇਨ੍ਹਾਂ ਵਿਚੋਂ ਦੋ ਡੋਲੀ ਬਰਦਾਰਾਂ ਨੂੰ ਰਾਜਾ ਧਿਆਨ ਸਿੰਘ ਨੇ ਕਤਲ ਕਰਵਾ ਦਿੱਤਾ ਅਤੇ ਬਾਕੀ ਦੇ ਦੋ ਆਪਣੀਆਂ ਜਾਨਾਂ ਬਚਾ ਕੇ ਹਿੰਦੁਸਤਾਨ ਵਲ ਭਜ ਗਏ[2]।

1. ਪਰੰਪਰਾ ਦਸਦੀ ਹੈ ਕਿ ਉਸ ਸਮੇਂ ਆਮ ਲੋਕਾਂ ਵਿਚ ਇਹ ਗੱਲ ਆਮ ਪ੍ਰਚਲਤ ਸੀ ਕਿ ਉਪਰੋਕਤ ਦਸੇ ਸਮੇਂ ਕੋਠੜੀ ਵਿਚ ਡੋਗਰਿਆਂ ਨੇ ਕੌਰ ਨੌਨਿਹਾਲ ਸਿੰਘ ਦੇ ਸਿਰ ਵਿਚ ਤੇਜ਼ ਗੁਪਤੀ ਚੋਭ ਕੇ ਮੁਕਾ ਦਿੱਤਾ ਸੀ।
2. ਕਰਨਲ ਗਾਰਡਨਰ—ਪੰਨਾ ੨੨੫।

ਮਹਾਰਾਜਾ ਨੌਨਿਹਾਲ ਸਿੰਘ ਦੀ ਮੌਤ ਤੇ ਅੱਖੀਂ ਡਿੱਠੇ ਹਾਲ

ਮਹਾਰਾਜ ਨੌਨਿਹਾਲ ਸਿੰਘ ਦੀ ਮੌਤ ਸੰਬੰਧੀ ਅਨੇਕ ਇਤਿਹਾਸਕਾਰਾਂ ਨੇ ਹਾਲਾਤ ਲਿਖੇ ਹਨ, ਪਰ ਸਭ ਤੋਂ ਵਿਸਥਾਰ ਸਹਿਤ ਅਤੇ ਪਰਮਾਣੀਕ ਹਾਲ ਜੋ ਕਰਨਲ ਗਾਡਨਰ ਨੇ ਲਿਖੇ ਉਹ ਇਤਿਹਾਸਕ ਨੁਕਤੇ ਤੋਂ ਬਹੁਮੁੱਲੀ ਲਿਖਤ ਹੈ, ਕਿਉਂਕਿ ਇਸ ਨੇ ਜਿੰਨੇ ਕੁ ਹਾਲ ਅੱਖੀਂ ਡਿਠੇ ਸਨ, ਉਤਨੇ ਹੀ ਲਿਖੇ ਹਨ, ਸੁਣੀਆਂ ਸੁਣਾਈਆਂ ਗੱਲਾਂ ਬਹੁਤ ਘੱਟ ਲਿਖੀਆਂ ਹਨ। ਇਸ ਘਟਨਾ ਸੰਬੰਧੀ ਆਪ ਲਿਖਦੇ ਹਨ :

"ਮੈਂ ਖ਼ੁਦ ਮਹਾਰਾਜਾ ਖੜਕ ਸਿੰਘ ਦੇ ਅੰਤਮ ਸੰਸਕਾਰ ਸਮੇਂ ਹਾਜ਼ਰ ਸਾਂ। ਜਿਸ ਸਮੇਂ ਮਹਾਰਾਜਾ ਦੀ ਚਿਖਾ ਨੂੰ ਅੱਗ ਲਗਾਈ ਗਈ ਮੈਂ ਐਨ ਧਿਆਨ ਸਿੰਘ ਦੇ ਨਾਲ ਹੀ ਖੜ੍ਹਾ ਸੀ। ਨਵਾਂ ਮਹਾਰਾਜਾ (ਨੌਨਿਹਾਲ ਸਿੰਘ) ਚਿਖਾ ਦੇ ਲਾਗੇ ਹੀ ਖੜ੍ਹਾ ਸੀ। ਇਸ ਸਮੇਂ ਧਿਆਨ ਸਿੰਘ ਨੇ ਮੇਰੇ ਕੰਨ ਵਿਚ ਆਖਿਆ ਕਿ ਛੇਤੀ ਜਾ ਕੇ ਆਪਣੇ ਤੋਪਖ਼ਾਨੇ ਦੇ ਚਾਲੀ ਜਵਾਨ ਬਿਨਾਂ ਵਰਦੀ ਖੁਲ੍ਹੇ ਕਪੜਿਆਂ ਵਿਚ ਲੈ ਕੇ ਇਥੇ ਪਹੁੰਚ ਜਾਓ। ਉਸ ਘੜੀ ਨਾ ਤਾਂ ਮੈਨੂੰ ਇਹ ਦੱਸਿਆ ਗਿਆ ਕਿ ਆਦਮੀ ਕਿਸ ਮਤਲਬ ਲਈ ਬੁਲਾਏ ਗਏ ਹਨ ਅਤੇ ਨਾ ਹੀ ਮੈਂ ਖ਼ੁਦ ਇਸ ਬੁਝਾਰਤ ਨੂੰ ਉਸ ਵਕਤ ਤਕ ਸਮਝ ਸਕਿਆ ਜਦ ਤਕ ਇਹ ਘਟਨਾ ਪੇਸ਼ ਨਾ ਆਈ। ਮੈਂ ਛੇਤੀ-ਛੇਤੀ ਆਪਣੇ ਆਦਮੀ ਲੈ ਕੇ ਇਥੇ ਅਜੇ ਪੁੱਜਿਆ ਹੀ ਸਾਂ ਕਿ ਕੀ ਦੇਖਦਾ ਹਾਂ ਕਿ ਉਸੇ ਵਕਤ ਹੀ ਇਹ ਘਟਨਾ ਹੋਈ ਸੀ। ਮਹਾਰਾਜਾ ਨੌਨਿਹਾਲ ਸਿੰਘ ਸਮਾਧ ਵਲੋਂ ਕਿਲ੍ਹੇ ਨੂੰ ਆ ਰਿਹਾ ਸੀ ਤੇ ਰਸਤੇ ਵਿਚ ਇਕ ਮਹਿਰਾਬ (ਡਾਟ) ਵਿਚੋਂ ਗੁਜ਼ਰ ਕੇ ਇਧਰ ਆਉਣਾ ਪੈਂਦਾ ਸੀ। ਇਹ (ਮਹਾਰਾਜਾ) ਇਸ ਡਾਟ ਵਿਚੋਂ ਨਿਕਲ ਹੀ ਰਿਹਾ ਸੀ ਕਿ ਉੱਪਰੋਂ ਇਕ ਆਵਾਜ਼ ਸੁਣੀ ਗਈ, ਜਿਸ ਦੇ

ਨਾਲ ਹੀ ਦਰਵਾਜ਼ੇ ਦੇ ਉਪਰਲੇ ਹਿੱਸੇ ਦੀਆਂ ਇੱਟਾਂ ਪੱਥਰ ਆਦਿ ਇਸ ਪਰ ਆ ਪਏ ਜਿਸ ਦੀ ਸੱਟ ਨਾਲ ਮਹਾਰਾਜਾ ਤੇ ਊਧਮ ਸਿੰਘ ਜ਼ਮੀਨ ਉੱਪਰ ਡਿਗ ਪਏ। ਊਧਮ ਸਿੰਘ ਤਾਂ ਉਸੇ ਥਾਂ ਮਰ ਗਿਆ ਤੇ ਮਹਾਰਾਜਾ ਨੌਨਿਹਾਲ ਸਿੰਘ ਨੇ ਸੱਟ ਦੇ ਬਾਅਦ ਆਪਣੇ ਆਪ ਉੱਠਣ ਦੀ ਹਿੰਮਤ ਕੀਤੀ ਅਤੇ ਨਾਲ ਦੇ ਸਾਥੀਆਂ ਨੂੰ ਆਵਾਜ਼ ਦਿੱਤੀ ਤੇ ਆਖਿਆ, ਮੈਨੂੰ ਪਾਣੀ ਦਿਓ। ਇਸ ਸਮੇਂ ਵਜ਼ੀਰ ਧਿਆਨ ਸਿੰਘ ਅੱਗੇ ਵਧਿਆ ਤੇ ਮਹਾਰਾਜੇ ਨੂੰ ਪਾਲਕੀ ਵਿਚ ਪੁਆਕੇ ਮਹੱਲ (ਕਿਲ੍ਹੇ) ਵਿਚ ਲੈ ਗਿਆ ਤੇ ਅੰਦਰੋਂ ਕਿਲ੍ਹੇ ਦੇ ਦਰਵਾਜ਼ੇ ਬੰਦ ਕਰਵਾ ਦਿੱਤੇ। ਪਹਿਰੇਦਾਰਾਂ ਨੂੰ ਹੁਕਮ ਦੇ ਦਿੱਤਾ ਕਿ ਕਿਸੇ ਨੂੰ ਵੀ ਕਿਲ੍ਹੇ ਅੰਦਰ ਨਾ ਆਉਣ ਦੇਵੋ। ਕਈ ਜ਼ਿੰਮੇਂਦਾਰ ਸਿੱਖ ਸਰਦਾਰਾਂ ਨੇ ਮਹਾਰਾਜਾ ਨੌਨਿਹਾਲ ਸਿੰਘ ਨੂੰ ਦੇਖਣਾ ਚਾਹਿਆ, ਜਿਨ੍ਹਾਂ ਵਿਚੋਂ ਮਹਾਰਾਜਾ ਦੇ ਨਜ਼ਦੀਕੀ ਰਿਸ਼ਤੇਦਾਰ ਸੰਧਾਵਾਲੀਏ ਸਰਦਾਰ ਵੀ ਸਨ, ਪਰ ਧਿਆਨ ਸਿੰਘ ਨੇ ਕਿਸੇ ਨੂੰ ਵੀ ਕਿਲ੍ਹੇ ਵਿਚ ਵੜਨ ਨਾ ਦਿੱਤਾ। ਹੁਣ ਜਦ ਇਹ ਸੁੱਧ ਭੁਲਾ ਦੇਣ ਵਾਲੀ ਖ਼ਬਰ ਮਹਾਰਾਣੀ ਚੰਦ ਕੌਰ ਨੇ ਸੁਣੀ ਤਾਂ ਉਹ ਆਪਣੇ ਲਾਡਲੇ ਤੇ ਇਕਲੌਤੇ ਪੁੱਤਰ ਦੇ ਪਿਆਰ ਵਿਚ ਬੇ-ਸੁੱਧ ਹੋਈ ਡਾਢੀ ਤੇਜ਼ੀ ਨਾਲ ਭੱਜਦੀ ਹੋਈ ਆਈ, ਪਰ ਅੱਗੇ ਦਰਵਾਜ਼ੇ ਬੰਦ ਸਨ। ਉਨ੍ਹਾਂ ਦੇ ਖੁਲ੍ਹਾਣ ਲਈ ਉਸ ਨੇ ਬੜੇ ਹੀ ਤਰਲੇ ਪਾਏ ਅਤੇ ਆਪਣੇ ਨਾਜ਼ੁਕ ਹੱਥਾਂ ਨਾਲ ਦੇਰੀ ਤੱਕ ਕਿਲ੍ਹੇ ਦੇ ਦਰਵਾਜ਼ੇ ਕੁੱਟਦੀ ਰਹੀ, ਜਿਸ ਨਾਲ ਇਸ ਦੇ ਹੱਥ ਲਹੂ ਲੁਹਾਨ ਹੋ ਗਏ, ਪਰ ਸ਼ੋਕ ਕਿ ਇਸ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ। ਨਾ ਕੇਵਲ ਉਸ ਦੀ ਪਿਆਰੀ ਮਾਂ ਨੂੰ ਆਪਣੇ ਪੁੱਤਰ ਦੇ ਛੇਕੜ ਵਾਰੀ ਮੂੰਹ ਦੇਖਣ ਤੋਂ ਵਾਂਜਿਆ ਰੱਖਿਆ ਗਿਆ, ਸਗੋਂ ਉਸ ਦੀਆਂ ਰਾਣੀਆਂ ਨੂੰ ਵੀ ਅੰਤਮ ਦਰਸ਼ਨ ਨਾ ਕਰਨ ਦਿੱਤੇ। ਕਿਲ੍ਹੇ ਦੇ ਅੰਦਰ ਸ਼ਾਹੀ ਮਹੱਲ ਦੇ ਦਰਵਾਜ਼ੇ ਇਸ ਤੋਂ ਵੀ ਵਧ ਕਰੜਾਈਆਂ ਨਾਲ ਬੰਦ ਰੱਖੇ ਗਏ ਸਨ, ਜਿਨ੍ਹਾਂ ਦੇ ਨਜ਼ਦੀਕ ਕੋਈ ਵੀ ਨਹੀਂ ਸੀ ਫਟਕ ਸਕਦਾ। ਫ਼ਸੀਲ ਦੇ ਡਿੱਗਣ ਦੇ ਪਿਛੋਂ ਕਹਾਰਾਂ ਨੇ ਮਹਾਰਾਜਾ ਨੌਨਿਹਾਲ ਸਿੰਘ ਦੀ ਪਾਲਕੀ ਚੁੱਕ ਕੇ ਕਿਲ੍ਹੇ ਦੇ ਅੰਦਰ ਪਹੁੰਚਾਈ। ਉਹ ਮੇਰੇ ਤੋਪਖਾਨੇ ਦੇ ਉਹੀ ਜਵਾਨ ਸਨ ਜਿਨ੍ਹਾਂ ਨੂੰ ਮੈਂ ਧਿਆਨ ਸਿੰਘ ਦੇ ਹੁਕਮ ਨਾਲ ਓਥੇ ਆਉਂਦਾ ਸੀ। ਪਾਲਕੀ ਨਾਲ ਪੰਜ ਜਵਾਨ ਕਿਲ੍ਹੇ ਵਿਚ ਗਏ ਸਨ, ਜਿਨ੍ਹਾਂ ਵਿਚੋਂ ਦੋ ਤਾਂ ਬਹੁਤ ਛੇਤੀ ਕਤਲ ਕਰਵਾ ਦਿੱਤੇ ਗਏ

ਅਤੇ ਦੋ ਹੋਰ ਆਪਣੇ ਆਪ ਨੂੰ ਖ਼ਤਰੇ ਵਿਚ ਦੇਖ ਕੇ ਹਿੰਦੁਸਤਾਨ ਵਲ ਰਾਤੋ-ਰਾਤ ਨੱਸ ਗਏ ਅਤੇ ਪੰਜਵੇਂ ਦਾ ਮੈਨੂੰ ਕੁਝ ਪਤਾ ਨਾ ਲੱਗ ਸਕਿਆ ਕਿ ਉਸ ਨਾਲ ਕੀਕੁਣ ਬੀਤੀ।

ਕਹਾਰਾਂ ਦੇ ਕਤਲ ਕਰਾਣ ਦਾ ਸਬੱਬ ਇਹ ਸੀ ਕਿ ਉਨ੍ਹਾਂ ਵਿਚੋਂ ਇਕ ਨੇ ਇਸ ਰਾਜ਼ਦਾਰੀ ਦਾ ਇਕਬਾਲ ਕੀਤਾ ਸੀ ਤੇ ਦਸਿਆ ਸੀ ਕਿ ਜਦ ਧਿਆਨ ਸਿੰਘ ਨੇ ਮਹਾਰਾਜਾ ਨੂੰ ਜ਼ਮੀਨ ਤੋਂ ਚੁੱਕ ਕੇ ਪਾਲਕੀ ਵਿਚ ਪਾਇਆ ਤਾਂ ਉਸ ਨੇ (ਕਹਾਰ) ਡਿੱਠਾ ਸੀ ਕਿ ਮਹਾਰਾਜਾ ਦੇ ਸੱਜੇ ਕੰਨ ਤੋਂ ਥੋੜ੍ਹਾ ਉਤਾਂਹ ਇਕ ਮਾਮੂਲੀ ਜਿਹਾ ਫੱਟ ਸੀ; ਜਿਸ ਤੋਂ ਬਹੁਤ ਥੋੜ੍ਹਾ ਖ਼ੂਨ ਸਿਮ ਰਿਹਾ ਸੀ, ਅਰਥਾਤ ਜੋ ਸਿਰਹਾਣਾ ਉਸ ਸਮੇਂ ਮਹਾਰਾਜੇ ਦੇ ਸਿਰ ਹੇਠ ਰੱਖਿਆ ਗਿਆ ਸੀ ਉਸ ਪਰ ਕੇਵਲ ਨਾਨਕ ਸ਼ਾਹੀ ਰੁਪਏ ਦੀ ਗੋਲਾਈ ਜਿੰਨਾ ਲਹੂ ਦਾ ਨਿਸ਼ਾਨ ਲੱਗਾ ਸੀ, ਪਰ ਇਹ ਗੱਲ ਬੜੀ ਹੈਰਾਨ ਕਰ ਦੇਣ ਵਾਲੀ ਸੀ ਕਿ ਜਦ ਕੁਝ ਦੇਰੀ ਦੇ ਬਾਅਦ ਉਸ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਗਿਆ, ਜਿਸ ਵਿਚ ਧਿਆਨ ਸਿੰਘ ਨੇ ਪਹਿਲਾਂ ਮਹਾਰਾਜੇ ਦੀ ਪਾਲਕੀ ਰਖਵਾਈ ਸੀ ਤਾਂ ਅਸੀਂ ਕੀ ਵੇਖਦੇ ਹਾਂ ਕਿ ਉਸ ਕਮਰੇ ਵਿਚ ਲਹੂ ਦੇ ਤਲਾਅ ਲੱਗੇ ਹੋਏ ਹਨ ਅਤੇ ਬੜੇ ਜ਼ੋਰ ਨਾਲ ਧਾਰਾਂ ਮਾਰ ਕੇ ਮਹਾਰਾਜਾ ਦੇ ਪੱਟ ਤੋਂ ਖ਼ੂਨ ਵਗ ਰਿਹਾ ਸੀ[1]। ਧਿਆਨ ਸਿੰਘ ਦੇ ਹੁਕਮ ਨਾਲ ਮਹਾਰਾਜਾ ਨੂੰ ਇਸ ਕਮਰੇ ਤੋਂ ਚੁੱਕ ਕੇ ਦੂਜੇ ਕਮਰੇ ਵਿਚ ਪਹੁੰਚਾ ਦਿੱਤਾ ਗਿਆ ਤੇ ਇਸ ਦਾ ਦਰਵਾਜ਼ਾ ਵੀ ਬੰਦ ਕਰ ਦਿੱਤਾ ਗਿਆ। ਉਸ ਤੋਂ ਵਧ ਹੈਰਾਨਗੀ ਦੀ ਗੱਲ ਇਹ ਸੀ ਕਿ ਜਦ ਸੰਧਾਵਾਲੀਆਂ ਸਰਦਾਰਾਂ ਨੇ ਛੇਕੜ ਮਹਾਰਾਜੇ ਦੇ ਕਮਰੇ ਦਾ ਦਰਵਾਜ਼ਾ ਖੁਲ੍ਹਾਇਆ ਤਾਂ ਉਹ (ਮਹਾਰਾਜਾ) ਮੁਰਦਾ ਪਿਆ ਸੀ[2]।

ਮਹਾਰਾਜਾ ਨੌਨਿਹਾਲ ਸਿੰਘ ਦੀ ਮੌਤ ਸੰਬੰਧੀ ਕਰਨਲ ਗਾਡਨਰ ਦੇ ਅੱਖੀਂ ਡਿਠੇ ਹਾਲਾਤ ਨੂੰ ਵਿਚਾਰਨ ਤੇ ਇਸ ਘਟਨਾ ਬਾਰੇ ਹੋਰ ਇਤਿਪਤਨ

1. ਉਸ ਕਮਰੇ ਦੇ ਅੰਦਰ ਜਿਸ ਵਿਚ ਮਹਾਰਾਜੇ ਦੀ ਪਾਲਕੀ ਪਹਿਲ ਰੱਖੀ ਗਈ ਸੀ, ਕੇਵਲ ਧਿਆਨ ਸਿੰਘ ਤੇ ਉਸ ਦੇ ਦੋ ਪਹਾੜੀ ਨੌਕਰ ਉਸਦੇ ਨਾਲ ਸਨ।
   ਮੇਜਰ ਸਮਾਇਥ—ਰੇਨਿੰਗ ਫ਼ੈਮਲੀ ਆਫ਼ ਲਾਹੌਰ, ਪੰਨਾ ੩੯।
2. ਪੀਅਰਸ, ਕਰਨਲ ਗਾਰਡਨਰ—ਪੰਨਾ ੨੨੩-੨੨੫।

ਦੇ ਬਾਅਦ ਇੰਨੇ ਕੁ ਵਾਕਿਆਤ ਅੱਖਾਂ ਅੱਗੇ ਆ ਖਲੋਂਦੇ ਹਨ :

੧. ਧਿਆਨ ਸਿੰਘ ਦਾ ਕਰਨਲ ਗਾਡਨਰ ਦੀ ਰਾਹੀਂ ਚਾਲ੍ਹੀ ਆਦਮੀ ਮੰਗਵਾ ਕੇ ਦਰਵਾਜ਼ੇ ਦੇ ਲਾਗੇ ਮਹਾਰਾਜਾ ਨੌਨਿਹਾਲ ਸਿੰਘ ਪੁਰ ਦੀਵਾਰ ਡਿਗਣ ਵਾਲੀ ਘਟਨਾ ਤੋਂ ਪਹਿਲਾਂ ਉਸੇ ਥਾਂ ਹਾਜ਼ਰ ਰੱਖਣਾ।
੨. ਦਰਵਾਜ਼ੇ ਦੀ ਫ਼ਸੀਲ ਡਿੱਗਣ ਤੋਂ ਪਹਿਲਾਂ ਕਿਸੇ ਨਾ-ਮਲੂਮ ਕੰਮ ਲਈ ਧਿਆਨ ਸਿੰਘ ਦਾ ਉਥੇ ਪਾਲਕੀ ਦਾ ਮੌਜੂਦ ਰੱਖਣਾ।
੩. ਮਹਾਰਾਜਾ ਨੌਨਿਹਾਲ ਸਿੰਘ ਨੂੰ ਧਿਆਨ ਸਿੰਘ ਦਾ ਚੁਕਵਾ ਕੇ ਕਿਲ੍ਹੇ ਵਿਚ ਲੈ ਜਾਣਾ ਤੇ ਕਿਲ੍ਹੇ ਦੇ ਸਭ ਦਰਵਾਜ਼ੇ ਬੰਦ ਕਰਵਾ ਕੇ ਅੰਦਰ ਕਿਸੇ ਸਿੱਖ ਸਰਦਾਰ ਨੂੰ ਨਾ ਜਾਣ ਦੇਣਾ।
੪. ਮਹਾਰਾਣੀ ਚੰਦ ਕੌਰ ਅਤੇ ਨਾਨਕੀ ਜੀ ਦੇ ਦਰਵਾਜ਼ੇ ਖੁਲ੍ਹਾਣ ਲਈ ਆਪਣੇ ਹੱਥ ਦਰਵਾਜ਼ੇ 'ਤੇ ਮਾਰ-ਮਾਰ ਲਹੂ-ਲੁਹਾਨ ਕਰ ਲੈਣਾ, ਪਰ ਧਿਆਨ ਸਿਘ ਦਾ ਇਨ੍ਹਾਂ ਨੂੰ ਮਹਾਰਾਜਾ ਦੇ ਨੇੜੇ ਨਾ ਜਾਣ ਦੇਣਾ।
੫. ਮਹਾਰਾਜਾ ਦੀ ਪਾਲਕੀ ਚੁੱਕਣ ਵਾਲੇ ਕਹਾਰਾਂ ਨੂੰ ਧਿਆਨ ਸਿੰਘ ਦੀ ਕਿਲ੍ਹੇ ਦੇ ਅੰਦਰ ਕੀਤੀ ਕਰਤੂਤ ਦਾ ਪਤਾ ਹੋਣਾ ਜਿਸ ਦੇ ਬਦਲੇ ਧਿਆਨ ਸਿੰਘ ਦਾ ਉਨ੍ਹਾਂ ਨੂੰ ਕਤਲ ਕਰਵਾਉਣਾ।
੬. ਸਰ ਲੈਪਲ ਗ੍ਰਿਫ਼ਨ ਲਿਖਦਾ ਹੈ ਕਿ ਇਸ ਗੱਲ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਉਸ ਸਮੇਂ ਐਸੇ ਬਹੁਤ ਸਾਰੇ ਆਦਮੀ ਮੌਜੂਦ ਸਨ ਜੋ ਬੜੇ ਹੀ ਬਾ-ਖ਼ਬਰ ਅਤੇ ਮੰਨੇ ਪ੍ਰਮੰਨੇ ਲਾਇਕ ਪ੍ਰਸਿੱਧ ਸਨ, ਜਿਨ੍ਹਾਂ ਨੂੰ ਅਜਿਹੀਆਂ ਸਾਜ਼ਸ਼ਾਂ ਦੀ ਅੰਦਰੂਨੀ ਹਾਲਤ ਦੀ ਵਾਕਫ਼ੀ ਸੀ। ਉਹ ਖੁਲ੍ਹਮ-ਖੁਲ੍ਹਾ ਧਿਆਨ ਸਿੰਘ ਨੂੰ ਮਹਾਰਾਜਾ ਨੌਨਿਹਾਲ ਸਿੰਘ ਦੇ ਕਤਲ ਦਾ ਦੋਸ਼ੀ ਠਹਿਰਾਉਂਦੇ ਸਨ।
੭. ਉਹ ਇਹ ਗੱਲ ਦਾਅਵੇ ਨਾਲ ਸਾਬਤ ਕਰਦੇ ਸਨ ਕਿ ਮਹਾਰਾਜੇ ਪੁਰ ਧਿਆਨ ਸਿੰਘ ਦੇ ਹੁਕਮ ਨਾਲ ਦਰਵਾਜ਼ੇ ਦੀ ਫ਼ਸੀਲ ਡੇਗੀ ਗਈ ਸੀ।
੮. ਉਹ ਇਹ ਵੀ ਕਹਿੰਦੇ ਸਨ ਕਿ ਮਹਾਰਾਜੇ ਦੇ ਨਾਲ ਊਧਮ ਸਿੰਘ

ਆਪਣੇ ਭਤੀਜੇ ਨੂੰ ਕੁਰਬਾਨ ਕਰ ਦੇਣ ਨਾਲ ਧਿਆਨ ਸਿੰਘ ਲਈ ਇਸ ਕਤਲ ਪਰ ਪਰਦਾ ਪਾਉਣਾ ਬਹੁਤ ਸੌਖਾ ਸੀ।

੯. ਉਨ੍ਹਾਂ ਦੀ ਇਹ ਵੀ ਖ਼ਬਰ ਸੀ ਕਿ ਜਸ ਵਕਤ ਸ: ਨੌਨਿਹਾਲ ਸਿੰਘ ਹਜ਼ੂਰੀ ਬਾਗ ਦੇ ਉੱਤਰੀ ਦਰਵਾਜ਼ੇ ਵਿਚ ਵੜਿਆ ਤਾਂ ਹੀਰਾ ਸਿੰਘ ਧਿਆਨ ਸਿੰਘ ਦਾ ਪੁੱਤਰ ਸਾਹਮਣੇ ਵਾਲੀ ਬਾਰਾਂਦਰੀ ਦੀ ਉਪਰਲੀ ਛੱਤ ਪਰ ਬੈਠਾ ਦੇਖ ਰਿਹਾ ਸੀ। ਜਿਸ ਵਕਤ ਮਹਾਰਾਜਾ ਨਿਸ਼ਾਨੇ (ਡਾਟ) ਹੇਠ ਆਇਆ ਤਾਂ ਉਸ ਵੇਲੇ (ਹੀਰਾ ਸਿੰਘ ਦੇ) ਰੁਮਾਲ ਦਾ ਇਸ਼ਾਰਾ ਦੇਣ ਨਾਲ ਇਕਾਇਕ ਉਪਰਲੀ ਦੀਵਾਰ ਗਿਰਾਈ ਗਈ।

੧੦. ਇਹ ਵੀ ਕਿਹਾ ਜਾਂਦਾ ਸੀ ਕਿ ਦੀਵਾਰ ਦੇ ਡਿੱਗਣ ਨਾਲ ਮਹਾਰਾਜਾ ਬਹੁਤ ਮਾਮੂਲੀ ਫਟੜ ਹੋਇਆ ਸੀ ਅਤੇ ਉਸ ਦੇ ਮੂੰਹ ਤੋਂ ਪਾਣੀ ਦਾ ਮੰਗਣਾ ਕਈਆਂ ਨੇ ਸੁਣਿਆ, ਪਰ ਜਦ ਧਿਆਨ ਸਿੰਘ ਉਸ ਨੂੰ ਛੇਤੀ ਨਾਲ ਕਿਲ੍ਹੇ ਵਿਚ ਲੈ ਗਿਆ ਤਾਂ ਇਕ ਬੰਦ ਕਮਰੇ ਵਿੱਚ ਇਸ ਨੂੰ ਮਾਰ ਦਿੱਤਾ ਗਿਆ।

੧੧. ਕਰਨਲ ਸਟਿਨਬਾਚ ਜੋ ਕਈ ਸਾਲ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਕਰਨੈਲੀ ਦੇ ਔਹਦੇ ਪਰ ਨੌਕਰੀ ਕਰ ਚੁੱਕਾ ਸੀ, ਲਿਖਦਾ ਹੈ : "ਕੌਰ ਨੌਨਿਹਾਲ ਸਿੰਘ ਦੀ ਮੌਤ ਬਾਰੇ ਆਮ ਜਨਤਾ ਵਿਚ ਇਹ ਗੱਲ ਮਸ਼ਹੂਰ ਹੋਈ ਹੈ ਕਿ ਇਹ ਘਟਨਾ ਕਿਸੇ ਡੂੰਘੀ ਸਾਜ਼ਸ਼ ਦਾ ਨਤੀਜਾ ਹੈ। ਇਹ ਇਤਫ਼ਾਕੀ ਹਾਦਸਾ ਨਹੀਂ।"[1]

੧੨. ਇਸੇ ਤਰ੍ਹਾਂ ਮੇਜਰ ਸਮਾਇਥ, ਕਰਨਲ ਗਾਰਡਨਰ ਵੀ ਮਹਾਰਾਜਾ ਨੌਨਿਹਾਲ ਸਿੰਘ ਦੇ ਕਤਲ ਬਾਰੇ ਤਾਈਦ ਕਰਦਾ ਹੋਇਆ ਇਸ ਵਿਚ ਇਕ ਹੋਰ ਵਾਧਾ ਕਰਦਾ ਹੈ ਕਿ ਇਸ ਦੀ ਤਸਦੀਕ ਉਸ ਨੇ ਲਾਹੌਰ ਦਰਬਾਰ ਦੇ ਇਕ ਜਵਾਹਰੀ ਦੀ ਜ਼ਬਾਨੀ ਵੀ ਸੁਣੀ ਜਿਸ ਨੂੰ ਸ਼ਾਹੀ ਘਰਾਣੇ ਨਾਲ ਸੰਬੰਧ ਹੋਣ ਦੇ ਕਾਰਨ ਬਹੁਤ ਕੁਝ ਪਤਾ ਸੀ[2]।

੧੩. ਇਸ ਬਾਰੇ ਪੰਡਤ ਦੇਵੀ ਪ੍ਰਸ਼ਾਦ ਜਿਸ ਨੇ ਆਪਣੀ ਤਵਾਰੀਖ ਪੰਜਾਬ ਇਸ ਸਮੇਂ ਦੇ ਨੇੜੇ ਲਿਖੀ ਸੀ, ਇਸ ਤਰ੍ਹਾਂ ਲਿਖਦਾ ਹੈ : "ਧਿਆਨ

1. ਕਰਨਲ ਸਟਿਨਬਾਚ, ਦੀ ਪੰਜਾਬ, ਪੰਨਾ ੨੧।
2. ਮੇਜਰ ਸਮਾਇਥ, ਰੇਨਿੰਗ ਫ਼ੈਮਲੀ ਆਫ਼ ਲਾਹੌਰ—ਪੰਨਾ ੩੫।

ਸਿੰਘ ਨੇ ਕੌਰ ਸਾਹਿਬ ਕੋ ਅਪਨੀ ਗੋਦ ਮੇਂ ਲੇ ਕਰ ਉਨਕੋ ਪਾਲਕੀ ਮੇਂ ਜੋ ਕਿ ਨਾ-ਮਲੂਮ ਕਿਸ ਵਾਸਤੇ ਵਹਾਂ ਪੇਸ਼ਤਰ ਸੇ ਉਸ ਵਕਤ ਮੌਜੂਦ ਥੀ, ਡਾਲ ਕਰ ਕਿਲ੍ਹੇ ਕੇ ਅੰਦਰ ਲੇ ਗਿਆ। ਔਰ ਕਿਲ੍ਹੇ ਕੇ ਦਰਵਾਜ਼ੇ ਬੰਦ ਕਰ ਦੀਏ। ਹਰ ਚੰਦ ਉਸ ਵਕਤ ਲਹਿਨਾ ਸਿੰਘ ਮਜੀਠੀਆ ਔਰ ਦੀਗਰ ਸਰਦਾਰਾਨ ਨੇ ਹਮਰਾਹ ਪਾਲਕੀ ਕੇ ਅੰਦਰ ਜਾਨੇ ਕਾ ਕਸ਼ਟ ਕੀਆ। ਲੇਕਿਨ ਕਿਸੀ ਕੋ ਧਿਆਨ ਸਿੰਘ ਨੇ ਇਜਾਜ਼ਤ ਨਾ ਦੀ। ਬਾਸਮਾਹ ਇਸ ਖ਼ਬਰ ਵਹਿਸ਼ਤ ਅਸਰ ਕੇ ਜਮੀਂ ਸਰਦਾਰਾਨ ਵਾਸਤੇ ਦਰਿਆਫ਼ਤ ਹਾਲ ਤਬੀਅਤ ਕੌਰ ਸਾਹਿਬ ਕੇ ਆਏ ਲੇਕਿਨ ਕਿਸੀ ਕੋ ਇਜਾਜ਼ਤ ਅੰਦਰ ਆਨੇ ਕੀ ਨਾ ਮਿਲੀ। "ਹਰ ਚੰਦ ਉਨਕੀ ਵਾਲਦਾ ਔਰ ਉਨਕੀ ਬੀਵੀਓਂ ਨੇ ਚਾਹਾ ਕਿਸੀ ਤਰ੍ਹਾਂ ਸੇ ਉਨਕੋ ਦੇਖੇਂ ਬਲਕਿ ਉਨ੍ਹੋਂ ਨੇ ਦਰਵਾਜ਼ੇ ਕਿਲ੍ਹੇ ਪਰ ਆ ਕਰ ਬਾਅਦ ਰੋਨੇ ਔਰ ਚਿਲਾਨੇ ਕੇ ਦਸਤਕ ਦੀ ਲੇਕਿਨ ਉਨ ਮੇਂ ਸੇ ਕਿਸੀ ਕੋ ਭੀ ਅੰਦਰ ਆਨੇ ਕਾ ਹੁਕਮ ਨ ਹੂਆ, ਔਰ ਸਵਾਏ ਵਜ਼ੀਰ ਔਰ ਦੋ ਪਹਾੜੀ ਨੌਕਰੋਂ ਕੇ ਔਰ ਕੋਈ ਸਖ਼ਸ਼ ਪਾਸ ਕੌਰ ਸਾਹਿਬ ਕੇ ਨਾ ਰਹਾ। ਗਰਜ਼ ਕਿ ਥੋੜੇ ਅਰਸੇ ਤਕ ਕਿਲ੍ਹੇ ਮੇਂ ਸੁਨਸਾਨ ਰਹਾ।[1]

੧੪. ਇਸ ਤੋਂ ਵੀ ਵਧ ਜਰਨਲ ਮੈਕਮੋਨ ਲਿਖਦਾ ਹੈ :—
"ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਦੇ ਬਾਅਦ ਸ਼ਹਿਜ਼ਾਦਾ ਨੌਨਿਹਾਲ ਸਿੰਘ ਜੇ ਜੀਉਂਦਾ ਰਹਿੰਦਾ ਤਾਂ ਉਹ ਆਪਣੇ ਲਾਇਕ ਦਾਦਾ ਦੀ ਤਰ੍ਹਾਂ ਸਿੱਖ ਰਾਜ ਨੂੰ ਬਹੁਤ ਵਧਾ ਦੇਂਦਾ। "ਨੌਨਿਹਾਲ ਸਿੰਘ ਦੇ ਮਾਰੇ ਜਾਣ ਬਾਬਤ ਉਸ ਸਮੇਂ ਆਮ ਜਨਤਾ ਦੀ ਰਾਇ ਇਹ ਸੀ ਕਿ ਇਸ ਨੂੰ ਜੰਮੂ ਦੇ ਰਾਜਿਆਂ ਨੇ ਮਰਵਾਇਆ ਸੀ, ਕਿਉਂਕਿ ਡੋਗਰੇ ਰਾਜੇ ਇਸ ਨੂੰ ਆਪਣਾ ਵੈਰੀ ਸਮਝਦੇ ਸਨ। ਉਸਦੇ ਮਰ ਜਾਣ ਨਾਲ ਉਨ੍ਹਾਂ ਨੂੰ ਖੁਲ੍ਹ ਮਿਲ ਗਈ। ਊਧਮ ਸਿੰਘ ਦਾ ਮਰਨਾ ਇਕ ਇਤਫ਼ਾਕੀਆ ਗੱਲ ਸੀ[2]।

੧੫. ਅਖ਼ੀਰ ਪੁਰ ਕੈਪਟਨ ਕਨਿੰਘਮ ਦੀ ਲਿਖਤ ਪੇਸ਼ ਕਰਦੇ ਹਾਂ ਜਿਸ ਨਾਲ ਸਾਰੀ ਬੁਝਾਰਤ ਸਪੱਸ਼ਟ ਹੋ ਜਾਂਦੀ ਹੈ। ਇਹ ਲਿਖਤ ਆਪਣੇ

1. ਤਾਰੀਖ ਪੰਜਾਬ—ਪੰਡਤ ਦੇਵੀ ਪ੍ਰਸ਼ਾਦ, ਪੰਨਾ ੪੪।
2. ਜਰਨਲ ਮੈਕਮੋਨ, ਦੀ ਲੋਰ ਆਫ਼ ਦੀ ਇੰਡਸ—ਪੰਨਾ ੧੪੫—੧੪੬।

ਅੰਦਰ ਬਹੁਤ ਵੱਡਾ ਤੋਲ ਰੱਖਦੀ ਹੈ। ਕਨਿੰਘਮ ਕਈ ਸਾਲ ਲੁਧਿਆਣੇ ਤੇ ਫ਼ੀਰੋਜ਼ਪੁਰ ਵਿਚ ਕੰਪਨੀ ਵਲੋਂ ਪੁਲੀਟੀਕਲ ਕਰਮਚਾਰੀ ਰਹਿ ਚੁੱਕਾ ਸੀ। ਇਸ ਨੂੰ ਖ਼ਾਲਸਾ ਦਰਬਾਰ ਦੇ ਮਾਮਲਿਆਂ ਦੀ ਖ਼ਾਸ ਵਾਕਫ਼ੀਅਤ ਸੀ। ਇਹ ਲਿਖਦਾ ਹੈ :

"ਨੌਨਿਹਾਲ ਸਿੰਘ ਦੀ ਮੌਤ ਦੇ ਦੂਸ਼ਨ ਤੋਂ ਧਿਆਨ ਸਿੰਘ ਨੂੰ ਬੇਦੋਸ਼ਾ ਸਾਬਤ ਕਰਨਾ ਅਤੀ ਕਠਨ ਹੈ। ਇਹ ਗੱਲ ਭਰੋਸੇ ਨਾਲ ਆਖੀ ਜਾ ਸਕਦੀ ਹੈ ਕਿ ਇਸ ਕਤਲ ਦੇ ਕਰਨ ਦੀ ਸਮਰੱਥਾ ਉਸ ਵਿਚ ਮੌਜੂਦ ਸੀ।"[1]

ਉਪਰ ਲਿਖੇ ਇਨ੍ਹਾਂ ਸਾਰੇ ਵਾਕਿਆਤਾਂ ਨੂੰ ਦੀਰਘ ਦ੍ਰਿਸ਼ਟੀ ਨਾਲ ਵਿਚਾਰਿਆਂ ਆਪਣੇ ਆਪ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਮਹਾਰਾਜਾ ਨੌਨਿਹਾਲ ਸਿੰਘ ਦੀ ਮੌਤ ਵਿਚ ਧਿਆਨ ਸਿੰਘ ਦਾ ਕਿੰਨਾ ਕੁ ਹੱਥ ਸੀ।

1. ਕਨਿੰਘਮ, ਹਿਸਟਰੀ ਆਫ਼ ਦੀ ਸਿਖਜ਼—ਪੰਨਾ ੨੪੫।

ਮਹਾਰਾਜਾ ਨੌਨਿਹਾਲ ਸਿੰਘ ਤੇ ਧਿਆਨ ਸਿੰਘ ਦੇ ਤਅੱਲਕਾਤ

ਉਪਰ ਲਿਖੀ ਘਟਨਾ ਸੰਬੰਧੀ ਲਿਖਤ ਦੇ ਬੰਦ ਕਰਨ ਤੋਂ ਪਹਿਲਾਂ ਇਹ ਅਤਿ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਇਤਿਹਾਸਾਂ ਵਿਚੋਂ ਲਿਖਤੀ ਤੇ ਪ੍ਰਮਾਣੀਕ ਸਬਤ ਢੂੰਡਿਆ ਜਾਏ ਕਿ ਮਹਾਰਾਜਾ ਨੌਨਿਹਾਲ ਸਿੰਘ ਦੇ ਫਟੜ ਹੋਣ ਸਮੇਂ ਜਦ ਧਿਆਨ ਸਿੰਘ ਨੇ ਇਸ ਨੂੰ ਆਪਣੀ ਸੌਂਪਣੀ ਵਿਚ ਲਿਆ ਸੀ ਉਸ ਸਮੇਂ ਇਨ੍ਹਾਂ ਦੇ ਆਪਸ ਵਿਚ ਪਰਸਪਰ ਸੰਬੰਧ ਕਿਹੋ ਜਿਹੇ ਸਨ? ਜੇ ਇਤਿਹਾਸ ਇਹ ਗਵਾਹੀ ਦੇਵੇ ਕਿ ਧਿਆਨ ਸਿੰਘ ਤੇ ਮਹਾਰਾਜੇ ਦਾ ਸੰਬੰਧ ਪਰਸਪਰ ਮਿੱਤਰਤਾ ਤੇ ਭਰੋਸੇ ਵਾਲਾ ਸੀ ਤਦ ਤਾਂ ਧਿਆਨ ਸਿੰਘ ਤੇ ਮਹਾਰਾਜੇ ਦੀ ਮੌਤ ਦਾ ਦੂਸ਼ਨ ਕੁਝ ਸ਼ੱਕੀ ਜਿਹਾ ਹੋ ਜਾਂਦਾ ਹੈ, ਪਰ ਜੇ ਕਦੇ ਇਹ ਸਾਬਤ ਹੋ ਜਾਏ ਕਿ ਉਨ੍ਹੀਂ ਦਿਨੀਂ ਧਿਆਨ ਸਿੰਘ ਨੌਨਿਹਾਲ ਸਿੰਘ ਨੂੰ ਆਪਣੀ ਜ਼ਾਤੀ ਸਫ਼ਲਤਾ ਤੇ ਉੱਨਤੀ ਦੇ ਰਾਹ ਵਿਚ ਇਕ ਭਾਰੀ ਰੁਕਾਵਟ ਸਮਝਦਾ ਸੀ ਤੇ ਆਪਸ ਦੇ ਸੰਬੰਧ ਵੀ ਵੈਰਗਣ ਵਾਲੇ ਸਨ ਤਦ ਦੂਸ਼ਨ ਵਧੇਰਾ ਵਜ਼ਨਦਾਰ ਹੋ ਜਾਂਦਾ ਹੈ। ਇਸ ਨੁਕਤੇ ਦੀ ਖੋਜ ਲਈ ਆਓ ਅਸੀਂ ਇਤਿਹਾਸਾਂ ਤੋਂ ਸਹਾਇਤਾ ਲਈਏ :

੧. 'ਇਲਨ ਦੀ ਹਿਸਟਰੀ ਔਫ਼ ਦੀ ਪੰਜਾਬ' ਵਿਚ ਲਿਖਤ ਮਿਲਦੀ ਹੈ ਜੋ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ ਕਿ ਮਹਾਰਾਜਾ ਨੌਨਿਹਾਲ ਸਿੰਘ ਨੇ ਹਕੂਮਤ ਹੱਥ ਵਿਚ ਲੈਂਦੇ ਹੀ ਇਕ ਕੌਂਸਲ ਕਾਇਮ ਕੀਤੀ, ਜਿਸਦੀ ਰਾਇ ਨਾਲ ਸਾਰੇ ਰਾਜ ਪ੍ਰਬੰਧ ਦੇ ਕੰਮ ਚੱਲਣ ਲੱਗੇ। ਇਸ ਤਰੀਕੇ ਨਾਲ ਨਾ ਕੇਵਲ ਰਾਜਸੀ ਮਾਮਲਿਆਂ ਦੀ ਵਾਗ ਡੋਰ ਵਜ਼ੀਰ (ਧਿਆਨ ਸਿੰਘਾਂ) ਦੇ ਹੱਥੋਂ ਨਿਕਲ ਗਈ ਬਲਕਿ ਉਹ ਆਪਣੀ ਜ਼ਾਤੀ ਤਰੱਕੀ ਲਈ ਵੀ ਇਸ ਤਰੀਕੇ ਨੂੰ ਬੜਾ ਹਾਨੀਕਾਰਕ ਸਮਝਣ

ਲੱਗਾ। ਇਨ੍ਹਾਂ ਦਿਨਾਂ ਵਿਚ ਹੀ ਮਹਾਰਾਜਾ ਖੜਕ ਸਿੰਘ ਦੀ ਬੀਮਾਰੀ ਬਹੁਤ ਵਧ ਗਈ ਅਤੇ ਉਹ ੫ ਨਵੰਬਰ ੧੮੫੦ ਨੂੰ ਕੂਚ ਕਰ ਗਿਆ।[1]

੨. ਲੈਪਲ ਗ੍ਰਿਫ਼ਨ ਲਿਖਦਾ ਹੈ ਕਿ 'ਸ਼ਹਿਜ਼ਾਦਾ ਨੌਨਿਹਾਲ ਸਿੰਘ ਦੇ ਤਾਕਤ ਫੜਦਿਆਂ ਹੀ ਧਿਆਨ ਸਿੰਘ ਨੂੰ ਆਪਣੇ ਲਈ ਇਕ ਨਵਾਂ ਖ਼ਤਰਾ ਮਹਿਸੂਸ ਹੋਣ ਲੱਗਾ, ਕਿਉਂਕਿ ਨੌਜਵਾਨ ਸ਼ਹਿਜ਼ਾਦਾ ਬੜੀ ਉੱਚੀ ਹਿੰਮਤ ਵਾਲਾ, ਦਲੇਰ ਤੇ ਬਹਾਦਰ ਜਵਾਨ ਸੀ। ਉਸ ਨੂੰ ਸਾਰੀ ਖ਼ਾਲਸਾ ਫ਼ੌਜ ਦਿਲੋਂ ਪਿਆਰ ਕਰਦੀ ਸੀ। ਉਸ ਵਿਚ ਸਾਰੇ ਆਪਣੇ ਦਾਦੇ (ਮਹਾਰਾਜਾ ਰਣਜੀਤ ਸਿੰਘ) ਵਾਲੇ ਉੱਚੇ ਗੁਣ ਪਾਏ ਜਾਂਦੇ ਸਨ। ਉਹ ਰਾਇ ਦਾ ਪੱਕਾ ਤੇ ਇਰਾਦੇ ਦਾ ਅਡੋਲ ਸ਼ਹਿਜ਼ਾਦਾ ਸੀ ਜਿਸ ਦੇ ਦਿਲ ਤੋਂ ਹੁਣ ਦਿਨੋ-ਦਿਨ ਧਿਆਨ ਸਿੰਘ ਦਾ ਅਸਰ ਘਟਦਾ ਚਲਾ ਜਾ ਰਿਹਾ ਸੀ। ਇਨ੍ਹਾਂ ਸਾਰੀਆਂ ਗੱਲਾਂ 'ਤੇ ਨਜ਼ਰ ਫੇਰਿਆਂ ਰਾਜਾ (ਧਿਆਨ ਸਿੰਘ) ਨੂੰ ਆਪਣੇ ਲਈ ਬੜਾ ਖ਼ਤਰਾ ਪੈਦਾ ਹੋ ਗਿਆ, ਕਿ ਆਰੰਭ ਵਿਚ ਹੀ ਇਸ (ਸ਼ਹਿਜ਼ਾਦੇ) ਦਾ ਇਹ ਹਾਲ ਹੈ ਤਾਂ ਜਦ ਇਹ ਪੰਜਾਬ ਦੇ ਤਖ਼ਤ ਪੁਰ ਬੈਠੇਗਾ ਤਦ ਇਹ ਜ਼ਰੂਰ ਆਪਣੇ ਲਈ ਕੋਈ ਨਵਾਂ ਵਜ਼ੀਰ ਚੁਣ ਲਵੇਗਾ, ਤਦ ਉਸ ਨ੍ਵੇਂ ਵਜ਼ੀਰ ਦਾ ਵਜ਼ਾਰਤ ਤੋਂ ਹਟਾਉਣਾ ਮੇਰੇ ਲਈ ਚੇਤ ਸਿੰਘ ਦੇ ਹਟਾਣ ਤੋਂ ਕਈ ਗੁਣਾ ਵਧੇਰਾ ਕਠਨ ਸ਼ਾਬਤ ਹੋਵੇਗਾ, ਇਸ ਲਈ ਇਸ ਦਾ ਜਲਦੀ ਹੀ ਉਪਾਓ ਕਰਨਾ ਚਾਹੀਦਾ ਹੈ। ਸਤੰਬਰ ਤੇ ਅਕਤੂਬਰ ਵਿਚ ਮਹਾਰਾਜਾ ਖੜਕ ਸਿੰਘ ਬੀਮਾਰੀ ਦੇ ਵੱਧ ਜਾਣ ਨਾਲ ਡਾਢਾ ਕਮਜ਼ੋਰ ਹੋ ਕੇ ਨਿਢਾਲ ਹੋ ਗਿਆ ਅਤੇ ਉਹ ੫ ਨਵੰਬਰ ੧੮੪੦ ਨੂੰ ਚਲਾਣਾ ਕਰ ਗਿਆ, ਜਿਸ ਦਾ ਕਾਰਨ ਆਮ ਜਨਤਾ ਵਿਚ ਇਹ ਪ੍ਰਸਿੱਧ ਸੀ ਕਿ ਮਹਾਰਾਜਾ ਨੂੰ ਧਿਆਨ ਸਿੰਘ ਦੇ ਹੁਕਮ ਨਾਲ ਜ਼ਹਿਰ ਦਿੱਤੀ ਗਈ ਸੀ ਆਦਿ[2]।

੩. ਪ੍ਰੋਫੈਸਰ ਪੈਨ ਦੀ ਲਿਖਤ ਤੋਂ ਸਪੱਸ਼ਟ ਹੁੰਦਾ ਹੈ ਕਿ ਮਹਾਰਾਜਾ

1. ਇਲਨਜ਼ ਹਿਸਟਰੀ ਆਫ਼ ਦੀ ਪੰਜਾਬ—ਪੰਨਾ ੨੦੫।
2. ਸਰ ਲੈਪਲ ਗ੍ਰਿਫਨ, ਦੀ ਪੰਜਾਬ ਚੀਫਸ—ਜਿ: ੨, ਪੰਨਾ ੨੫।

ਨੌਨਿਹਾਲ ਸਿੰਘ ਦੇ ਬਹੁਤੇ ਲਾਇਕ, ਬਹਾਦਰ ਅਤੇ ਫ਼ੌਜਾਂ ਵਿਚ ਹਰਮਨ ਪਿਆਰੇ ਹੋਣ ਦੇ ਸ਼ੁਭ ਗੁਣਾਂ ਨੂੰ ਧਿਆਨ ਸਿੰਘ ਆਪਣੇ ਲਈ ਹੀ ਖ਼ਤਰਨਾਕ ਸਮਝਦਾ ਸੀ, ਜਿਸ ਕਰਕੇ ਉਹ ਦਿਲੋਂ ਮਹਾਰਾਜੇ ਦਾ ਵੈਰੀ ਬਣਿਆ ਹੋਇਆ ਸੀ। ਇਸ ਲੇਖਕ ਦੀ ਵਿਦਵਤਾ ਭਰੀ ਲਿਖਤ ਇਸ ਤਰ੍ਹਾਂ ਅਰੰਭ ਹੁੰਦੀ ਹੈ :

'ਸ਼ਹਿਜ਼ਾਦਾ ਨੌਨਿਹਾਲ ਸਿੰਘ ਆਮ ਜਨਤਾ ਵਿਚ ਬੜਾ ਹੀ ਹਰਮਨ ਪਿਆਰਾ ਸੀ, ਵਿਸ਼ੇਸ਼ ਕਰਕੇ ਫ਼ੌਜ਼ਾਂ ਵਿਚ ਤਾਂ ਉਹਦਾ ਹੱਦੋਂ ਪਰੇ ਸਤਿਕਾਰ ਕੀਤਾ ਜਾਂਦਾ ਸੀ। ਉਹ ਬੜੇ ਉੱਚੇ ਕੱਦ ਅਤੇ ਮਨ-ਮਨਮੋਹਣੇ ਸਰੂਪ ਵਾਲਾ ਸ਼ਹਿਜ਼ਾਦਾ ਸੀ। ਉਸਨੂੰ ਬਹੁਤ ਸਾਰੇ ਇਹ ਉੱਚ ਗੁਣ ਆਪਣੇ ਦਾਦਾ (ਸ਼ੇਰੇ-ਪੰਜਾਬ) ਤੋਂ ਵਿਰਸੇ ਵਿਚ ਮਿਲੇ ਸਨ। ਇਸ ਤੋਂ ਛੁੱਟ ਉਹ ਬੜਾ ਹੀ ਲਾਇਕ ਮੁੰਨਤਜ਼ਿਮ ਸੀ, ਉਸ ਨੇ ਆਪਣੀ ਹਕੂਮਤ ਸਮੇਂ ਸਲਤਨਤ ਦਾ ਪ੍ਰਬੰਧ ਬੜੀ ਯੋਗਤਾ ਤੇ ਨਿਰਭੈਤਾ ਨਾਲ ਆਰੰਭਿਆ। ਧਿਆਨ ਸਿੰਘ ਜੋ ਮੁੱਦਤ ਤੋਂ ਸਿਲਸਿਲੇ ਵਾਰ ਵਜ਼ਾਰਤ ਦੇ ਔਹਦੇ 'ਤੇ ਚਲਾ ਆਉਂਦਾ ਸੀ, ਹੁਣ ਉਹ ਆਪਣੇ ਨਵੇਂ ਮਾਲਕ ਦੇ ਇਨ੍ਹਾਂ ਉੱਚੇ ਗੁਣਾਂ ਉੱਪਰ ਮਾਣ ਕਰਨ ਦੀ ਥਾਂ ਉਲਟਾ ਆਪਣੇ ਲਈ ਖ਼ਤਰਾ ਮਹਿਸੂਸ ਕਰਨ ਲੱਗਾ ਅਤੇ ਇਸ ਮਹਾਰਾਜ ਦੇ ਤਹਿਤ ਰਹਿਣਾ ਉਸ (ਧਿਆਨ ਸਿੰਘ) ਨੇ ਆਪਣੀ ਬਰਬਾਦੀ ਲਈ ਹੋ ਬੀਤੇ ਸਾਰੇ ਨਾਜ਼ੁਕ ਸਮਿਆਂ ਤੋਂ ਵਧ ਖ਼ਤਰਨਾਕ ਸਮਝਿਆ। ਹੁਣ ਆਪਣੇ ਹੱਥੋਂ ਨਿਕਲੀ ਜਾ ਰਹੀ ਖ਼ੁਦਮੁਖ਼ਤਾਰ ਹਕੂਮਤ ਦੀ ਮੁੜ ਪ੍ਰਾਪਤੀ ਦਾ ਇਕੋ ਰਸਤਾ ਉਸਨੇ ਲੱਭਿਆ ਅਤੇ ਉਹ ਇਹ ਸੀ ਕਿ ਮਹਾਰਾਜੇ ਦੇ ਜ਼ਬਰਦਸਤ ਪੰਜੇ ਵਿਚੋਂ ਉਹ (ਧਿਆਨ ਸਿੰਘ) ਜਿਸ ਤਰੀਕੇ ਨਾਲ ਹੋ ਸਕੇ ਖਲਾਸੀ ਪਾਏ, ਤਾਂ ਹੋ ਸਕਦਾ ਹੈ ਕਿ ਸਮੇਂ ਦੀ ਲੰਬਾਈ ਮੁੜ ਚੰਗੇ ਦਿਨ ਪਰਤ ਲੈ ਆਏ। ਨਵੰਬਰ ਦੀ ੫ ਤਰੀਕ ਨੂੰ ਮਹਾਰਾਜਾ ਖੜਕ ਸਿੰਘ ਸੁਰਗਵਾਸ ਹੋਇਆ। ਸ਼ਹਿਜ਼ਾਦਾ ਨੌਨਿਹਾਲ ਸਿੰਘ ਆਪਣੇ ਪਿਤਾ ਦੇ ਅੰਤਮ ਸੰਸਕਾਰ ਵਿਚ ਸ਼ਾਮਲ ਹੁੰਦਾ ਹੈ ਅਤੇ ਠੀਕ ਉਸੇ ਦਿਨ ਜਦ ਕਿ ਉਸ ਨੇ ਪੰਜਾਬ ਦੇ ਰਾਜ ਦੇ ਤਖ਼ਤ 'ਤੇ ਬੈਠਣਾ ਸੀ, ਉਹੀ ਦਿਨ ਉਸ ਦੇ ਜੀਵਨ ਦਾ ਛੇਕੜਲਾ ਦਿਨ ਬਣਾ ਦਿੱਤਾ ਜਾਂਦਾ ਹੈ,

ਅਰਥਾਤ ਜਦ ਸੰਸਕਾਰ ਤੋਂ ਸ਼ਹਿਜ਼ਾਦਾ ਵਾਪਸ ਪਰਤ ਕੇ ਆ ਰਿਹਾ, ਸੀ, ਤਾਂ ਰਸਤੇ ਵਿਚ ਹੀ ਇਕ ਦਰਵਾਜ਼ੇ ਦੀ ਦੀਵਾਰ ਥਲੇ ਮਾਰ ਦਿੱਤਾ ਗਿਆ। ਇਸ ਘਟਨਾ ਬਾਬਤ ਕੋਈ ਕੁਝ ਆਖਦਾ ਹੈ ਤੇ ਕੋਈ ਕੁਝ ਭਾਵੇਂ ਸੱਚਾਈ ਕੁਝ ਵੀ ਹੋਵੇ; ਪਰ ਇਸ ਵਿਚ ਰੰਚਕ ਮਾਤਰ ਸੰਸਾ ਨਹੀਂ ਕਿ ਵਜ਼ੀਰ (ਧਿਆਨ ਸਿੰਘ) ਜਿਸ ਤਰ੍ਹਾਂ ਨੌਨਿਹਾਲ ਸਿੰਘ ਦੇ ਪੰਜੇ ਤੋਂ ਖਲਾਸੀ ਪ੍ਰਾਪਤ ਕਰਨਾ ਚਾਹੁੰਦਾ ਸੀ, ਉਹ ਇਸ ਤਰ੍ਹਾਂ ਕਰਨ ਨਾਲ ਹੀ ਪੂਰੀ ਹੋ ਸਕਦੀ ਸੀ।[1]

੪. ਬੇ-ਦੋਸੇ ਸਰਦਾਰ ਚੇਤ ਸਿੰਘ ਦੇ ਕਤਲ ਅਤੇ ਮਹਾਰਾਜਾ ਖੜਕ ਸਿੰਘ ਦੇ ਹੱਥੋਂ ਹਕੂਮਤ ਪੰਜਾਬ ਦੀ ਵਾਗਡੋਰ ਖੋਹ ਲੈਣ ਦੇ ਵਾਕਿਆਤ ਸ਼ੁਰੂ ਸ਼ੁਰੂ ਵਿਚ ਧਿਆਨ ਸਿੰਘ ਬੜਾ ਫ਼ਖ਼ਰ ਅਤੇ ਵਡਿਆਈ ਸਮਝ ਕੇ ਲੋਕਾਂ ਨੂੰ ਸੁਣਾਉਂਦਾ ਹੁੰਦਾ ਸੀ, ਜਿਸ ਵਿਚ ਉਹ ਆਪਣੇ ਆਪ ਨੂੰ ਕਾਮਯਾਬ ਦੱਸ ਕੇ ਹੋਰਨਾਂ ਨੂੰ ਡਰਾਉਂਦਾ ਤੇ ਉਨ੍ਹਾਂ 'ਤੇ ਆਪਣਾ ਰੋਅਬ ਬਿਠਾਉਂਦਾ ਸੀ, ਪਰ ਇਸ ਦਾ ਇਹ ਖ਼ਿਆਲ ਕੁਝ ਬਹੁਤ ਲੰਮੇ ਸਮੇਂ ਤਕ ਨਾ ਰਿਹਾ ਜਦ ਉਸ ਦੀ ਖੁਦਮੁਖ਼ਤਾਰੀ ਦੇ ਰਾਹ ਵਿਚ ਗ਼ੈਬੀ ਔਕੜਾਂ ਆ ਪਈਆਂ, ਜਿਨ੍ਹਾਂ ਦਾ ਫੁਰਨਾ ਤਕ ਇਸ ਦੇ ਦਿਲ ਵਿਚ ਕਦੇ ਨਹੀਂ ਸੀ ਫੁਰਿਆ ਅਰਥਾਤ ਹੁਣ ਜਿਸ ਨੂੰ ਸਾਫ ਮਾਲੂਮ ਹੋ ਗਿਆ ਕਿ ਮਹਾਰਾਜਾ ਖੜਕ ਸਿੰਘ ਨਾਲ ਤਾਂ ਕਿਸੇ ਨਾ ਕਿਸੇ ਤਰ੍ਹਾਂ ਤਜਾਰਤ ਦਾ ਕੰਮ ਨਿਬਾਹ ਲੈਣਾ ਸੰਭਵ ਸੀ, ਪਰ ਨਵੇਂ ਮਹਾਰਾਜਾ (ਨੌਨਿਹਾਲ ਸਿੰਘ) ਦੇ ਸਾਹਮਣੇ ਤਾਂ ਖ਼ੁਦਮੁਖ਼ਤਾਰੀ ਤੇ ਖ਼ੁਦ-ਅਖ਼ਤਿਆਰੀ, ਦੇ ਵਰਤਣੇ ਦੀ ਆਸ ਰੁਪਏ ਵਿਚ ਇਕ ਆਨੇ ਦੀ ਵੀ ਕੋਈ ਨਹੀਂ। ਹੁਣ ਇਸ ਨੂੰ ਇਨ੍ਹਾਂ ਮੁਸ਼ਕਲਾਂ ਦੇ ਹੱਲ ਕਰਨ ਲਈ ਨਵੀਆਂ ਘਾੜਤਾਂ ਘੜਨੀਆਂ ਪਈਆਂ, ਜਿਨ੍ਹਾਂ ਦੀ ਉਸ ਦੇ ਕੋਲ ਕੋਈ ਕਮੀ ਨਹੀਂ ਸੀ। ਇਸ ਪਰ ਕਰਨਲ ਸਟਿਨ ਬਾਚ ਲਿਖਦਾ ਹੈ ਕਿ 'ਧਿਆਨ ਸਿੰਘ ਨੂੰ ਬਹੁਤ ਛੇਤੀ ਮਾਲੂਮ ਹੋ ਗਿਆ ਕਿ ਮਹਾਰਾਜਾ ਨੌਨਿਹਾਲ ਸਿੰਘ ਨੂੰ ਆਪਣੇ ਕਾਬੂ ਵਿਚ ਰੱਖਣਾ ਉਸ ਦੇ ਵਸ ਤੋਂ ਬਾਹਰ ਹੈ, ਕਿਉਂਕਿ ਸ਼ਹਿਜ਼ਾਦੇ ਦੇ ਆਪਣੇ ਹਰਮਨ ਪਿਆਰੇ

1. ਪੇਨਜ਼, ਸ਼ਾਰਟ ਹਿਸਟਰੀ ਆਫ਼ ਸਿਖਜ਼-ਪੰਨਾ ੧੪੦-੧੪੧

ਤੇ ਖਾਸ ਸਲਾਹਕਾਰ ਹੋਰ ਮੌਜੂਦ ਸਨ, ਜੋ ਰਾਜਾ ਧਿਆਨ ਸਿੰਘ ਨੂੰ ਦਿਲੋਂ ਨਹੀਂ ਸਨ ਚਾਹੁੰਦੇ। ਹੁਣ ਉਨ੍ਹਾਂ ਦੇ ਹੌਂਸਲੇ ਹੋਰ ਭੀ ਵਧ ਗਏ, ਜਦ ਉਨ੍ਹਾਂ ਨੇ ਆਪਣੀ ਪਿੱਠ 'ਤੇ ਸ਼ਹਿਜ਼ਾਦੇ ਦੀ ਤਾਕਤ ਅਤੇ ਕ੍ਰਿਪਾ ਦਾ ਹੱਥ ਡਿੱਠਾ। ਇਸ ਦਾ ਨਤੀਜਾ ਇਹ ਹੋਇਆ ਕਿ ਧਿਆਨ ਸਿੰਘ ਦਾ ਰੋਅਬ ਤੇ ਰਸੂਖ਼ ਇੰਨਾ ਘਟ ਗਿਆ ਕਿ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਘਟਿਆ। ਹੁਣ ਇਥੋਂ ਤਕ ਨੌਬਤ ਪਹੁੰਚੀ ਕਿ ਉਸ ਨੂੰ ਬਹੁਤ ਘੱਟ ਸ਼ਾਹੀ ਦਰਬਾਰਾਂ ਵਿਚ ਸਦਿਆ ਜਾਂਦਾ ਸੀ ਅਤੇ ਬਹੁਤ ਘਟ ਸਲਾਹ ਮਸ਼ਵਰਾ ਉਸ ਤੋਂ ਲਿਆ ਜਾਂਦਾ ਸੀ। ਕਿਸੇ ਖ਼ੁਦਮੁਖ਼ਤਾਰ ਵਜ਼ੀਰ ਲਈ ਜਿਸ ਨੂੰ ਮੁੱਦਤਾਂ ਤੋਂ ਲੋਕਾਂ 'ਤੇ ਹਕੂਮਤ ਕਰਨ ਦਾ ਮਿੱਠਾ ਚਸਕਾ ਪੈ ਚੁੱਕਾ ਹੋਵੇ, ਇਸ ਤਰ੍ਹਾਂ ਦੀ ਹਾਲਤ ਅਸਹਿ ਹੋ ਜਾਂਦੀ ਹੈ।[1]

੫. ਮਹਾਰਾਜਾ ਨੌਨਿਹਾਲ ਸਿੰਘ ਨੂੰ ਪੰਜਾਬ ਦੀ ਹਕੂਮਤ ਆਪਣੇ ਹੱਥ ਲਿਆਂ ਅਜੇ ਬਹੁਤਾ ਸਮਾਂ ਨਹੀਂ ਸੀ ਬੀਤਿਆ ਕਿ ਵੈਰੀਆਂ ਵਲੋਂ ਇਕ ਬੜੀ ਖ਼ਤਰਨਾਕ ਚਾਲ ਚਲੀ ਗਈ। ਨੌਜਵਾਨ ਮਹਾਰਾਜਾ ਸੁਤੰਤਰ ਸੁਭਾਵ ਤੇ ਸਾਫ-ਗੋ ਹੁਕਮਰਾਨ ਸੀ। ਇਸ ਅਜ਼ਾਦ ਖ਼ਿਆਲੀ ਨੂੰ ਅਪ-ਸਵਾਰਥੀ, ਅੰਗਰੇਜ਼ ਖ਼ਬਰ ਨਵੀਸਾਂ ਤੋਂ ਬਗ਼ਾਵਤ ਦੇ ਭਾਵ ਵਾਲੀਆਂ ਝੂਠੀਆਂ ਰਪੋਰਟਾਂ ਲਿਖਵਾ ਲਿਖਵਾ ਕੇ ਬ੍ਰਿਟਿਸ਼ ਹਕੂਮਤ ਨੂੰ ਮਹਾਰਾਜਾ ਵਲੋਂ ਸ਼ੱਕੀ ਕੀਤਾ ਜਾਂਦਾ ਸੀ ਕਿ ਇਹ (ਨੌਨਿਹਾਲ ਸਿੰਘ) ਅੰਗਰੇਜ਼ਾਂ ਦਾ ਸ਼ੁਭਚਿੰਤਕ ਨਹੀਂ ਅਤੇ ਜਦ ਹੀ ਇਸ ਨੂੰ ਯੋਗ ਸਮਾਂ ਮਿਲਿਆ ਇਹ ਅੰਗਰੇਜ਼ਾਂ ਦੇ ਵਿਰੁਧ ਝੰਡਾ ਖੜ੍ਹਾ ਕਰੇਗਾ। ਇਥੇ ਹੀ ਬਸ ਨਹੀਂ ਕੀਤਾ ਸਗੋਂ ਮਹਾਰਾਜਾ ਨੌਨਿਹਾਲ ਸਿੰਘ ਵਲੋਂ ਜਾਅਲੀ ਹਸਤ-ਅੱਖਰਾਂ ਦੇ ਹੇਠ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਪੱਤਰ ਲਿਖੇ ਗਏ ਜਿਨ੍ਹਾਂ ਵਿਚ ਲਿਖਿਆ ਸੀ ਕਿ ਜੇ ਕਦੇ ਉਹ (ਦੋਸਤ ਮੁਹੰਮਦ ਖ਼ਾਨ) ਅੰਗਰੇਜ਼ਾਂ ਦੇ ਵਿਰੁੱਧ ਜੰਗ ਸ਼ੁਰੂ ਕਰੇ ਤਾਂ ਖਾਲਸਾ ਫ਼ੌਜ ਅਤੇ ਸਾਮਾਨਿ ਜੰਗ ਨਾਲ ਉਸ ਦੀ ਪੂਰੀ-ਪੂਰੀ ਸਹਾਇਤਾ ਕੀਤੀ ਜਾਏਗੀ। ਇਹ ਖ਼ਤ ਨੌਨਿਹਾਲ ਸਿੰਘ ਦੇ ਵੈਰੀਆਂ

1. ਕਰਨਲ ਸਟਿਨਬਾਚ, ਹਿਸਟਰੀ ਆਫ਼ ਦੀ ਪੰਜਾਬ, ਪੰਨਾ ੨੩।

ਨੇ ਕਿਸੇ ਨਾ ਕਿਸੇ ਤਰ੍ਹਾਂ ਬ੍ਰਿਟਿਸ਼ ਗਵਰਮੈਂਟ ਨੂੰ ਭਿਜਵਾ ਦਿੱਤੇ, ਜਿਨ੍ਹਾਂ ਦੇ ਪਹੁੰਚਣ ਨਾਲ ਪਹਿਲਾਂ ਪਹਿਲ ਤਾਂ ਬੜੀ ਹਫੜਾ ਤਫੜੀ ਖਿਲਰ ਗਈ ਅਤੇ ਕਈ ਵੱਡੇ ਅੰਗਰੇਜ਼ ਅਫ਼ਸਰਾਂ ਦਾ ਇਹ ਖ਼ਿਆਲ ਹੋ ਗਿਆ ਕਿ ਮਹਾਰਾਜਾ ਨੌਨਿਹਾਲ ਸਿੰਘ ਅੰਗਰੇਜ਼ਾਂ ਦਾ ਵੈਰੀ ਹੈ। ਦੋਹਾਂ ਧਿਰਾਂ ਦੇ ਚੰਗੇ ਭਾਗਾਂ ਨੂੰ ਉਸ ਸਮੇਂ ਦਾ ਪੁਲੀਟੀਕਲ ਏਜੰਟ ਮਿਸਟਰ ਕਲਾਰਕ ਇਕ ਬੜਾ ਨੇਕ ਦਿਲ ਅਤੇ ਚਾਤਰ ਅੰਗਰੇਜ਼ ਸੀ, ਜਿਸ ਨੂੰ ਇਹ ਖ਼ਤ ਹੂ-ਬਹੂ ਗਵਰਨਮੈਂਟ ਵੱਲੋਂ ਭੇਜੇ ਗਏ। ਆਪ ਨੇ ਇਨ੍ਹਾਂ ਖ਼ਤਾਂ ਦੀ ਬੜੀ ਯੋਗਤਾ ਤੇ ਕੋਸ਼ਿਸ਼ ਨਾਲ ਖੋਜ ਪੜਤਾਲ ਕੀਤੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਇਹ ਖ਼ਤ ਸਾਫ਼ ਬਨਾਵਟੀ ਤੇ ਜਾਅਲੀ ਸਾਬਤ ਹੋਏ।[1] ਇਸ ਦੇ ਪਿਛੋਂ ਮਹਾਰਾਜਾ ਨੇ ਸਾਫ਼ ਦ੍ਰਿੜ੍ਹ ਕਰ ਲਿਆ ਕਿ ਜਿਸ ਤਰ੍ਹਾਂ ਹੋ ਸਕੇ ਧਿਆਨ ਸਿੰਘ ਦੇ ਪੰਜੇ ਤੋਂ ਆਪਣੇ ਆਪ ਨੂੰ ਸੁਤੰਤਰ ਕਰ ਲਿਆ ਜਾਏ। ਇਸ ਉਪਰ ਲਿਖੀ ਘਟਨਾ ਦਾ ਜ਼ਿਕਰ ਘਨੱਯਾ ਲਾਲ ਇਸ ਤਰ੍ਹਾਂ ਲਿਖਦਾ ਹੈ ਕਿ 'ਇਨ੍ਹਾਂ ਖ਼ਤਾਂ ਦੇ ਜਾਅਲੀ ਸਾਬਤ ਹੋ ਜਾਣ ਦੇ ਬਾਅਦ ਮਹਾਰਾਜਾ ਨੌਨਿਹਾਲ ਸਿੰਘ ਇਸ ਇਰਾਦੇ 'ਤੇ ਦ੍ਰਿੜ੍ਹ ਹੋ ਗਿਆ ਕਿ ਕਿਸੇ ਤਰ੍ਹਾਂ ਧਿਆਨ ਸਿੰਘ ਦੇ ਅਖ਼ਤਿਆਰਾਤ ਖ਼ਾਲਸਾ ਸਲਤਨਤ ਵਿਚੋਂ ਘਟਾ ਦਿੱਤੇ ਜਾਣ ਅਤੇ ਬਿਨਾਂ ਉਸ ਦੇ ਦਖ਼ਲ ਦੇ ਰਾਜ ਪ੍ਰਬੰਧ ਨੂੰ ਉਹ (ਮਹਾਰਾਜਾ) ਆਪ ਚਲਾਏ।[2]

੬. ਇਸ ਘਟਨਾ 'ਤੇ ਜਰਨੈਲ ਗਫ ਆਪਣੀ ਲਿਖਤ ਪੁਸਤਕ ਵਿਚ ਲਿਖਦਾ ਹੈ ਕਿ ਚੇਤ ਸਿੰਘ ਦੇ ਕਤਲ ਦੇ ਬਾਅਦ ਨੌਨਿਹਾਲ ਸਿੰਘ ਪੰਜਾਬ ਦਾ ਮਹਾਰਾਜਾ ਤੇ ਧਿਆਨ ਸਿੰਘ ਵਜ਼ੀਰ ਬਣਿਆ, ਪਰ ਥੋੜ੍ਹੇ ਸਮੇਂ ਦੇ ਵਰਤਾਵੇ ਤੋਂ ਹੀ ਧਿਆਨ ਸਿੰਘ ਨੂੰ ਮਾਲੂਮ ਹੋ ਗਿਆ ਕਿ (ਧਿਆਨ ਸਿੰਘ) ਦੀ ਇਹ ਤਜਵੀਜ਼ ਉਸ ਲਈ ਲਾਭਦਾਇਕ ਨਹੀਂ ਹੋ ਸਕਦੀ। ਕਿਉਂਕਿ ਨੌਨਿਹਾਲ ਸਿੰਘ ਨੇ ਇਸ ਗੱਲ ਨੂੰ ਪੂਰੀ

1. ਦੇਖੋ ਗੌਰਮਿੰਟ ਪੰਜਾਬ ਰੀਕਾਰਡਜ਼, ਮਿ: ਕਲਾਰਕ ਰੀਪੋਰਟ, ਤਾਰੀਖ਼ ੯ ਦਸੰਬਰ, ੧੮੪੦।
2. ਤਾਰੀਖ਼ ਪੰਜਾਬ-ਘਨੱਯਾ ਲਾਲ, ਪੰਨਾ ੩੮੬।

ਤਰ੍ਹਾਂ ਸਮਝ ਲਿਆ ਸੀ ਕਿ ਜੰਮੂ ਦਿਆਂ ਡੋਗਰਿਆਂ ਦੇ ਅਧਿਕਾਰ ਬੇਹੱਦ ਵਧੇ ਹੋਏ ਸਨ। ਹੁਣ ਉਸ ਨੇ ਇਨ੍ਹਾਂ ਦੀ ਤਾਕਤ ਨੂੰ ਤੋੜਨ ਦਾ ਪੱਕਾ ਇਰਾਦਾ ਕਰ ਲਿਆ। ਇਨ੍ਹਾਂ ਦਿਨਾਂ ਵਿਚ ਮਹਾਰਾਜਾ ਖੜਕ ਸਿੰਘ ਚਲਾਣਾ ਕਰ ਗਿਆ ਅਤੇ ਮਹਾਰਾਜਾ ਨੌਨਿਹਾਲ ਸਿੰਘ ਦੀ ਉਸੇ ਰੋਜ਼ ਰਸਮੀਆ ਤਖ਼ਤ ਨਸ਼ੀਨੀ ਹੋਣੀ ਸੀ; ਪਰ ਠੀਕ ਤਾਜ-ਪੋਸ਼ੀ ਦੇ ਦਿਨ ਹੀ ਉਸ ਨੂੰ ਇਕ ਕਾਤਲਾਨਾ ਘਟਨਾ ਪੇਸ਼ ਆਈ ਜਿਸ ਦੇ ਕਰਤਾ ਧਰਤਾ ਜੰਮੂ ਦੇ ਡੋਗਰੇ ਭਾਈ ਹੀ ਪੱਕੀ ਤਰ੍ਹਾਂ ਖ਼ਿਆਲ ਕੀਤੇ ਜਾਂਦੇ ਸਨ।[1]

ਮਿਸਟਰ ਪਾਨੀਕਾਰ ਨੇ ਰਾਜਾ ਗੁਲਾਬ ਸਿੰਘ ਦੇ ਜੀਵਨ ਬ੍ਰਿਤਾਂਤ ਵਿਚ ਲਿਖਿਆ ਹੈ 'ਮਹਾਰਾਜਾ ਖੜਕ ਸਿੰਘ ਦਾ ਪੁੱਤਰ ਨੌਨਿਹਾਲ ਸਿੰਘ ਬੜਾ ਚਤੁਰ, ਸਿਆਣਾ ਅਤੇ ਉੱਚੀ ਮਤ ਵਾਲਾ ਨੌਜਵਾਨ ਸ਼ਹਿਜ਼ਾਦਾ ਸੀ। ਉਸਦਾ ਅਟਲ ਇਰਾਦਾ ਸੀ ਕਿ ਉਹ ਗੁਲਾਬ ਸਿੰਘ ਤੇ ਧਿਆਨ ਸਿੰਘ ਨੂੰ ਮੁਕਾ ਦੇਵੇ। ਇਸ ਗੱਲ ਦਾ ਉਸ ਨੇ ਪੂਰਾ ਫ਼ੈਸਲਾ ਕਰ ਲਿਆ ਸੀ ਕਿ ਜੰਮੂ 'ਤੇ ਚੜ੍ਹਾਈ ਕਰ ਕੇ ਉਨ੍ਹਾਂ ਦੀ ਤਾਕਤ ਨੂੰ ਤੋੜ ਦਿੱਤਾ ਜਾਏ ਅਤੇ ਉਨ੍ਹਾਂ ਦੇ ਇਜਾਰੇ ਮਨਸੂਖ਼ ਕੀਤੇ ਜਾਣ। ਡੋਗਰਿਆਂ ਦੀ ਕਈ ਸਾਲ ਪ੍ਰਾਪਤ ਕੀਤੀ ਹੋਈ ਤਾਕਤ ਦਾ ਤੋੜਨਾ ਕੋਈ ਸੌਖਾ ਕੰਮ ਨਹੀਂ ਸੀ। ਸ਼ਹਿਜ਼ਾਦੇ ਨੇ ਇਹ ਕੰਮ ਬੜੇ ਸਿਆਣਪ ਨਾਲ ਨਿਯਮਕ ਤਰੀਕੇ ਨਾਲ ਕਰਨਾ ਆਰੰਭਿਆ। ਇਸ ਸਿਲਸਿਲੇ ਵਿਚ ਉਸ ਨੇ ਪਹਿਲਾ ਕਦਮ ਚੁੱਕਿਆ ਕਿ (ਡੋਗਰਿਆਂ ਦੇ ਸੰਬੰਧੀ) ਰਾਜਾਂ ਮੰਡੀ ਦੀ ਰਿਆਸਤ ਫ਼ਤਹ ਕਰਕੇ ਇਸ ਦੇ ਪ੍ਰਸਿੱਧ ਕਿਲ੍ਹੇ 'ਕਮਲਾ ਗੜ੍ਹ' ਵਿਚ ਬਹੁਤ ਸਾਰੀ ਖ਼ਾਲਸਾ ਫ਼ੌਜ ਦਾ ਰੱਖਣਾ ਸੀ। ਇਸ ਦੇ ਬਾਅਦ ਸਿੱਧਾ ਜੰਮੂ 'ਤੇ ਚੜ੍ਹਾਈ ਕਰ ਦੇਣ ਦਾ ਫ਼ੈਸਲਾ ਕੀਤਾ ਸੀ। ਪਰ ਇਨ੍ਹਾਂ ਦਿਨਾਂ ਵਿਚ ਕਾਬਲ ਵਿਚ ਅੰਗਰੇਜ਼ਾਂ ਦੇ ਵਿਰੁੱਧ ਬਗ਼ਾਵਤ ਹੋ ਗਈ ਜਿਸ ਦੇ ਕਾਰਨ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੂੰ ਜੰਮੂ ਵੱਲੋਂ ਇਰਾਦਾ ਹਟਾ ਕੇ ਆਪਣਾ ਸਾਰਾ ਧਿਆਨ ਅਫ਼ਗ਼ਾਨਿਸਤਾਨ ਵੱਲ ਦੇਣਾ ਪਿਆ, ਜਿਸ ਕਰਕੇ ਜੰਮੂ ਦੀ ਸੁਧਾਈ ਕੁਝ ਸਮੇਂ ਲਈ ਰੁਕ ਗਈ।[2]

1. ਜਰਨਲ ਗਫ ਦੀ ਸਿਖਜ਼ ਐਂਡ ਦੀ ਸਿਖ ਵਾਰਜ਼, ਪੰਨਾ ੫੧।
2. 'ਗੁਲਾਬ ਸਿੰਘ'—ਰਚਿਤ ਪਾਨੀਕਰ, ਪੰਨਾ ੪੩।

ਸ਼ਹਿਜ਼ਾਦੇ ਦੇ ਇਨ੍ਹਾਂ ਸਾਰੇ ਇਰਾਦਿਆਂ ਤੋਂ ਰਾਜਾ ਧਿਆਨ ਸਿੰਘ ਚੰਗੀ ਤਰ੍ਹਾਂ ਜਾਣੂ ਸੀ। ਐਸੀ ਸੂਰਤ ਵਿਚ ਮਹਾਰਾਜਾ ਨੌਨਿਹਾਲ ਸਿੰਘ ਦੇ ਵਸ ਵਿਚ ਆ ਜਾਣ 'ਤੇ ਜਿਸ ਨਤੀਜੇ ਦੀ ਆਸ ਹੋ ਸਕਦੀ ਸੀ ਉਹ ਹੋ ਕੇ ਰਹੀ।

ਇਸ ਤਰ੍ਹਾਂ ਦੀਆਂ ਅਨੇਕਾਂ ਇਤਿਹਾਸਕ ਲਿਖਤਾਂ ਵਿਚੋਂ ਅਸਾਂ ਕੇਵਲ ਨਮੂਨੇ ਮਾਤਰ ਉਪਰ ਕੁਝ ਕੁ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤੀਆਂ ਹਨ, ਜਿਨ੍ਹਾਂ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਧਿਆਨ ਸਿੰਘ ਉਸ ਸਮੇਂ ਮਹਾਰਾਜਾ ਨੌਨਿਹਾਲ ਦੇ ਖ਼ੂਨ ਦਾ ਪਿਆਸਾ ਸੀ। ਇਨ੍ਹਾਂ ਲਿਖਤੀ ਸਬੂਤਾਂ ਨੂੰ ਪੇਸ਼ ਕਰਦੇ ਹੋਏ ਅਸੀਂ ਆਪਣੇ ਮਾਨ ਯੋਗ ਪਾਠਕਾਂ ਨੂੰ ਏਨੀ ਕੁ ਖੇਚਲ ਹੋਰ ਦੇਂਦੇ ਹਾਂ ਕਿ ਉਹ ਹੇਠ ਲਿਖੇ ਵਾਕਿਆਤਾਂ ਨੂੰ ਵਿਚਾਰ ਕੇ ਮਨ ਵਿਚ ਆਪ ਹੀ ਫ਼ੈਸਲਾ ਕਰਨ ਕਿ ਮਹਾਰਾਜਾ ਨੌਨਿਹਾਲ ਸਿੰਘ ਦੀ ਮੌਤ ਦੀ ਜ਼ਿੰਮੇਂਵਾਰੀ ਵਜ਼ੀਰ ਧਿਆਨ ਸਿੰਘ 'ਤੇ ਕਿੰਨੀ ਕੁ ਪੈਂਦੀ ਹੈ ? ਇਨ੍ਹਾਂ ਵਾਕਿਆਤ ਦਾ ਸੰਖੇਪ ਇਹ ਹੈ :—

੧. ਮਹਾਰਾਜਾ ਨੌਨਿਹਾਲ ਸਿੰਘ ਦੇ ਫਟੜ ਹੁੰਦਿਆਂ ਹੀ ਧਿਆਨ ਸਿੰਘ ਨੇ ਬਿਨਾਂ ਕਿਸੀ ਜ਼ਿੰਮੇਂਵਾਰ ਸਿੱਖ ਸਰਦਾਰ ਨੂੰ ਨਾਲ ਰਲਾਨ ਦੇ ਉਸ ਦੀ ਦੇਹ ਨੂੰ ਆਪਣੇ ਕਬਜ਼ੇ ਵਿਚ ਕਰ ਲੈਣਾ। ਇਸ ਸਮੇਂ ਇਸ ਦੇ ਪਾਸ ਕੇਵਲ ਦੋ ਡੋਗਰੇ ਉਸ ਦੇ ਭਰੋਸੇ ਵਾਲੇ ਨੌਕਰ ਸਨ, ਕੋਈ ਸਿੱਖ ਨਹੀਂ ਸੀ।

੨. ਉਸਦੇ ਲਾਗੇ ਉਸਦੇ ਕਿਸੇ ਖ਼ੈਰਖ਼ਵਾਹ ਨੂੰ ਨਾ ਪਹੁੰਚਣ ਦੇਣਾ।

੩. ਉਸਦੀ ਪਿਆਰੀ ਮਾਂ ਨੂੰ ਜੋ ਜ਼ਾਰੋਜ਼ਾਰ ਕੀਰਨੇ ਤੇ ਵਾਸਤੇ ਪਾ ਰਹੀ ਸੀ, ਪਰ ਧਿਆਨ ਸਿੰਘ ਦਾ ਉਸ ਨੂੰ ਪੁੱਤਰ ਕੋਲ ਨਾ ਜਾਣ ਦੇਣਾ।

੪. ਉਸਦੀ ਮਹਾਰਾਣੀ (ਨਾਨਕੀ ਜੀ) ਆਪਣੇ ਸਿਰਤਾਜ ਪਤੀ ਦੇ ਅੰਤਲੇ ਦਰਸ਼ਨਾਂ ਲਈ ਹਾੜੇ ਕੱਢਦੀ ਰਹੀ ਸੀ, ਪਰ ਇਸ ਨੂੰ ਧਿਆਨ ਸਿੰਘ ਉਸਦਾ ਮੂੰਹ ਤੱਕ ਨਹੀਂ ਦੱਸਦਾ।

੫. ਤੀਜੇ ਦਿਨ ਜਦ ਬਦੋ-ਬੱਦੀ ਸੰਧਾਵਾਲੀਆਂ ਸਰਦਾਰਾਂ ਨੇ ਕਿਲ੍ਹੇ ਦਾ ਦਰਵਾਜ਼ਾ ਖੁਲ੍ਹਾਇਆ ਤਾਂ ਅੱਗੇ ਮਹਾਰਾਜਾ ਨੂੰ ਤਿੰਨ ਦਿਨਾਂ ਦਾ ਮੁਰਦਾ ਪਿਆ ਡਿੱਠਾ।

ਇਨ੍ਹਾਂ ਵਾਕਿਆਤਾਂ ਨੂੰ ਵਿਚਾਰਿਆਂ ਇਕ ਮੋਟੀ ਸਮਝ ਦਾ ਆਦਮੀ ਵੀ ਇਸ ਨਤੀਜੇ ਪੁਰ ਪਹੁੰਚ ਸਕਦਾ ਹੈ ਕਿ ਮਹਾਰਾਜਾ ਨੌਨਿਹਾਲ ਸਿੰਘ ਦੀ ਮੌਤ ਦਾ ਕਰਤਾ ਧਰਤਾ ਕੌਣ ਸੀ? ਇਹ ਫ਼ੈਸਲਾ ਅਸੀਂ ਆਪਣੇ ਪਾਠਕਾਂ ਪੁਰ ਛੱਡਦੇ ਹਾਂ।

ਇਸ ਵਿਚ ਰੰਚਕ ਮਾਤਰ ਵੀ ਸੰਸੇ ਲਈ ਥਾਂ ਨਹੀਂ ਅਤੇ ਧਿਆਨ ਸਿੰਘ ਦੇ ਵਿਰੁੱਧ ਲਿਖਤੀ ਤੇ ਕਹਾਵਤੀ ਇਤਨਾ ਮੁਕੰਮਲ ਸਬੂਤ ਮੌਜੂਦ ਹੈ ਕਿ ਜਿਸ ਥੱਲੇ ਉਹ ਦੱਬਿਆ ਪਿਆ ਹੈ, ਪਰ ਜਿੱਥੇ ਅਸੀਂ ਧਿਆਨ ਸਿੰਘ ਨੂੰ ਇਸ ਮਹਾਂ ਅੱਤਿਆਚਾਰ ਦਾ ਭਾਗੀ ਗਿਣਦੇ ਹਾਂ ਉਥੇ ਉਸ ਸਮੇਂ ਦੇ ਸਿੱਖ ਸਰਦਾਰ ਵੀ ਕਿਸੇ ਤਰ੍ਹਾਂ ਘੱਟ ਜ਼ਿੰਮੇਂਵਾਰ ਨਹੀਂ ਹੋ ਸਕਦੇ। ਅਸਾਡੇ ਦਿਲ ਵਿਚ ਸਰਦਾਰ ਲਹਿਣਾ ਸਿੰਘ ਜੀ ਮਜੀਠੀਏ 'ਕੈਸੂਰਲ ਇਕਤਿਦਾਰ' ਹਿੱਸਾ-ਮਉਲਦੌਲਾ[1] ਦੇ ਸਤਿਕਾਰ ਲਈ ਡੂੰਘੀ ਥਾਂ ਹੈ। ਬੇਸ਼ੱਕ ਆਪ ਨੇ ਖ਼ਾਲਸਾ ਰਾਜ ਦੇ ਵਾਧੇ ਲਈ ਬੜੀਆਂ ਘਾਲਾਂ ਘਾਲੀਆਂ ਸਨ। ਜਿੱਥੇ ਆਪ ਬਹਾਦਰ ਜਰਨੈਲ ਸਨ ਉਥੇ ਨਾਲ ਹੀ ਅਦੁੱਤੀ ਇੰਜੀਨੀਅਰ ਤੇ ਰੋਸ਼ਨ ਦਿਮਾਗ਼ ਮੌਜੂਦ (ਕਾਢਾਂ ਕੱਢਣ ਵਾਲੇ) ਸਨ। ਆਪ ਦੀਆਂ ਬਣਾਈਆਂ ਹੋਈਆਂ ਤੋਪਾਂ 'ਸੂਰਜ ਮੁਖੀ', 'ਜੰਗਿ ਬਿਜਲੀ', 'ਅਜ਼ਦਹਾ' ਅਤੇ 'ਸਰਪਲਨ' ਪਾਟਵੇਂ ਗੋਲਿਆਂ ਦੀ ਬਨਾਵਟ ਨੇ ਉਸ ਸਮੇਂ ਦੇ ਜ਼ਿੰਮੇਂਵਾਰ ਅੰਗਰੇਜ਼ੀ ਅਫਸਰਾਂ ਨੂੰ ਹੈਰਾਨੀ ਵਿਚ ਪਾ ਦਿੱਤਾ ਸੀ। ਆਪ ਦੀ ਬਣਾਈ ਹੋਈ 'ਧਰਮ ਘੜੀ' ਨੂੰ ਦੇਖ ਕੇ ਸ਼ੇਰੇ ਪੰਜਾਬ ਐਨੇ ਗਦ-ਗਦ ਹੋਏ ਸਨ ਕਿ ਭਰੇ ਦਰਬਾਰ ਵਿਚੋਂ ਉਠ ਕੇ ਆਪ ਨੂੰ ਗਲੇ ਨਾਲ ਲਾਇਆ ਤੇ ਖ਼ਾਲਸਾ ਰਾਜ ਦਾ ਮਾਣਯੋਗ ਮਰਤਬਾ (ਖ਼ਿਤਾਬ) 'ਕੈਸੁਰਉਲ ਇਕਤਿਦਾਰ' ਆਪ ਨੂੰ ਬਖ਼ਸ਼ਿਆ[2] ਪਰ ਇਸ ਸਮੇਂ ਆਪਣੇ ਪਿਆਰੇ ਮਹਾਰਾਜਾ ਨੌਨਿਹਾਲ ਸਿੰਘ ਨੂੰ ਸਿੱਖ ਰਾਜ ਦੇ ਵੈਰੀ ਡੋਗਰਿਆਂ ਦੇ ਹੱਥ ਸੌਂਪ ਕੇ ਆਪ ਦਾ ਰੁੱਸ ਕੇ ਆਪਣੀ ਹਵੇਲੀ ਵਿਚ ਜਾ ਬੈਠਣਾ ਤੇ ਮਨ ਹੀ ਮਨ ਵਿਚ ਕਲਪਣਾ ਕੀ ਅਰਥ ਰੱਖਦਾ ਸੀ ? ਤੇ ਇਹ

1. ਸਰਦਾਰ ਲਹਿਣਾ ਸਿੰਘ ਨੂੰ ਇਹ ਦੋਵੇਂ ਖ਼ਿਤਾਬ ਮਹਾਰਾਜਾ ਰਣਜੀਤ ਸਿੰਘ ਵੱਲੋਂ ਮਿਲੇ ਹੋਏ ਸਨ।
2. ਮੇਰਾ ਰਚਿਤ ਜੀਵਨ ਬ੍ਰਿਤਾਂਤ ਮਹਾਰਾਜਾ ਰਣਜੀਤ ਸਿੰਘ, ਸਰ ਲੈਪਲ ਗ੍ਰਿਫ਼ਨ ਤੋਂ ਘੱਨਯਾ ਲਾਲ।

ਕਿੱਥੇ ਦੀ ਦੂਰ ਦ੍ਰਿਸ਼ਟੀ ਸੀ ? ਇਸ ਗੱਲ ਦਾ ਭਰੋਸੇ ਯੋਗ ਤਵਾਰੀਖੀ ਸਬੂਤ ਮੌਜੂਦ ਹੈ ਕਿ ਆਪ ਨੇ ਫੱਟੜ ਮਹਾਰਾਜਾ ਸਾਹਿਬ ਦੀ ਪਾਲਕੀ ਨਾਲ ਕਿਲ੍ਹੇ ਅੰਦਰ ਜਾਣਾ ਚਾਹਿਆ ਸੀ, ਪਰ ਧਿਆਨ ਸਿੰਘ ਦੇ ਮਨ੍ਹੇ ਕਰਨ ਪਰ ਆਪ ਦਾ ਉਥੇ ਹੀ ਰੁਕ ਜਾਣਾ, ਕੀ ਆਪ ਦੀ ਵੀਰਤਾ, ਅਣਖ ਤੇ ਮਰਾਤਬੇ ਦੇ ਅਨੁਕੂਲ ਸੀ ? ਆਪ ਨੇ ਉਸ ਵਕਤ ਇੰਨਾ ਵੀ ਨਾ ਸੋਚਿਆ ਕਿ ਆਪ ਮਹਾਰਾਜਾ ਨੌਨਿਹਾਲ ਸਿੰਘ ਦੀ ਕੀਮਤੀ ਜਾਨ ਉਸ ਮਿੱਤਰ ਧ੍ਰੋਹੀ ਦੇ ਹੱਥ ਸੌਂਪਣ ਲੱਗੇ ਹੋ ਜਿਸ ਦੇ ਸਰਦਾਰ ਚੇਤ ਸਿੰਘ[1] ਦੇ ਖ਼ੂਨ ਨਾਲ ਰੰਗੇ ਹੋਏ ਹੱਥ ਅਜੇ ਸੁਕੇ ਵੀ ਨਹੀਂ ਸਨ। ਹਾਏ ! ਖ਼ਾਲਸੇ ਦੇ ਪਿਆਰੇ ਮਹਾਰਾਜੇ ਦੀ ਜ਼ਿੰਦਗੀ ਦੀ ਡੋਰ ਉਨ੍ਹਾਂ ਦੇ ਹੱਥ ਫੜਾ ਚਲੇ ਹੋ ਜਿਨ੍ਹਾਂ ਦੇ ਮਸਤਕ ਪੁਰ ਧਰਮੀ ਤੇ ਬੇ-ਦੋਸ਼ੇ ਮਹਾਰਾਜਾ ਖੜਕ ਸਿੰਘ ਦੀ ਮੌਤ ਦਾ ਕਲੰਕੀ ਟਿੱਕਾ ਉਸੇ ਦਿਨ ਹੀ ਉਨ੍ਹਾਂ ਦੇ ਮਸਤਕ ਪੁਰ ਲਗਿਆ ਦਿਸਦਾ ਪਿਆ ਸੀ[2]। ਉਸ ਨਾਜ਼ੁਕ ਸਮੇਂ ਭਾਵੇਂ ਆਪ ਨੂੰ ਆਪਣੀ ਜਾਨ ਵੀ ਵਾਰਨੀ ਪੈਂਦੀ, ਆਪ ਨੇ ਆਪਣੇ ਮਹਾਰਾਜੇ ਦੀ ਪਾਲਕੀ ਨੂੰ ਆਪਣੀ ਹੱਥੀਂ ਜਮਦੂਤਾਂ ਦੇ ਹੱਥ ਨਹੀਂ ਸੀ ਸੌਂਪਣਾ ਚਾਹੀਦੀ। ਆਪ ਦੀ ਇਸ ਗ਼ਫ਼ਲਤ ਨੇ ਖ਼ਾਲਸੇ ਦੇ ਚਮਕਦੇ ਸੂਰਜ ਨੂੰ ਸਦਾ ਲਈ ਕਾਲੀਆਂ ਘਟਾਂ ਵਿਚ ਛੁਪਾ ਦਿੱਤਾ।

ਸੰਧਾਂਵਾਲੀਏ ਸਰਦਾਰੋ ! ਆਪ ਤਾਂ ਮਹਾਰਾਜਾ ਨੌਨਿਹਾਲ ਸਿੰਘ ਦੇ ਨਜ਼ਦੀਕੀ ਸੰਬੰਧੀ ਸਓ, ਤੇਜ ਅਤੇ ਪ੍ਰਤਾਪ ਵਾਲੇ ਲੋਕ ਮੰਨੇ ਜਾਂਦੇ ਸਓ, ਤੁਹਾਡਾ ਦਬਦਬਾ ਸਾਰੇ ਮੰਨਦੇ ਸਨ, ਆਪ ਨੇ ਜਿਸ ਨਿਡਰਤਾ ਨਾਲ ਕਿਲ੍ਹੇ ਦਾ ਦਰਵਾਜ਼ਾ ਤੀਜੇ ਦਿਨ ਜ਼ੋਰ ਨਾਲ ਧਿਆਨ ਸਿੰਘ ਤੋਂ ਖੁਲ੍ਹਵਾਇਆ ਸੀ,

---

1. ਸਰਦਾਰ ਚੇਤ ਸਿੰਘ ਦੀ ਖ਼ਾਲਸਾ ਸਲਤਨਤ ਦੀ ਪੰਥ ਖ਼ੁਆਹੀ ਦੇ ਸਬੂਤ ਲਈ ਇੰਨਾ ਹੀ ਕਾਫ਼ੀ ਹੈ ਕਿ ਉਹ ਡੋਗਰਿਆਂ ਨੂੰ ਸਿੱਖ ਰਾਜ ਲਈ ਵੱਡਾ ਹਾਨੀਕਾਰਕ ਸਮਝਦਾ ਸੀ, ਤੇ ਲਾਹੌਰ ਦਰਬਾਰ ਵਿਚੋਂ ਉਨ੍ਹਾਂ ਦੇ ਅਸਰ ਨੂੰ ਘਟਾਉਣ ਦੇ ਯਤਨ ਵਿਚ ਰਹਿੰਦਾ ਸੀ। ਉਸ ਦੇ ਉੱਚ ਜੀਵਨ ਦੀ ਇਹ ਜ਼ਿੰਦਾ ਮਿਸਾਲ ਹੈ ਕਿ ਜਦ ਉਹ ਮਹਾਰਾਜਾ ਖੜਕ ਸਿੰਘ ਦਾ ਅਤਾਲੀਕ, ਅਧਿਆਪਕ ਸੀ ਤਾਂ ਇਸ ਨੇ ਉਸਦੀ ਐਸੀ ਚੰਗੀ ਤਰਬੀਅਤ ਕੀਤੀ ਕਿ ਇਹ ਮਹਾਰਾਜਾ ਸ਼ਰਾਬ ਨੂੰ ਹੱਥ ਤਕ ਨਹੀਂ ਸੀ ਲਾਉਂਦਾ ਅਤੇ ਅੰਮ੍ਰਿਤ ਵੇਲੇ ਉਠਣ ਦਾ ਨੇਮੀ ਤੇ ਗੁਰਬਾਣੀ ਦਾ ਪ੍ਰੇਮੀ ਸੀ। (ਸ: ਮੁਹੰਮਦ ਲਤੀਫ਼)

(ਬਾਕੀ ਫੁਟਨੋਟ ਅਗਲੇ ਸਫ਼ੇ ਤੇ)

ਜੇ ਇਹੀ ਤਾਕਤ ਆਪ ਪਹਿਲੇ ਦਿਨ ਉਸ ਘੜੀ ਵਰਤਦੇ ਜਿਸ ਘੜੀ ਧਿਆਨ ਸਿੰਘ ਨੇ ਕਿਲ੍ਹੇ ਦੇ ਦਰਵਾਜ਼ੇ ਅੰਦਰੋਂ ਬੰਦ ਕਰਵਾਏ ਸਨ ਤਾਂ ਇਹ ਦੁਖਦਾਈ ਖ਼ਿਆਲ ਜੋ ਸਿੱਖ ਮਾਤਰ ਦੇ ਦਿਲ ਵਿਚ ਪੈਦਾ ਹੋ ਕੇ ਹਿਰਦਿਆਂ ਨੂੰ ਅਤਿਅੰਤ ਦੁਖੀ ਕਰ ਦੇਂਦਾ ਹੈ ਕਿ ੪੦ ਲੱਖ ਖਾਲਸੇ ਦਾ ਮਹਾਰਾਜਾ ਗੁਰ ਸਿੱਖਾਂ ਦੇ ਹੱਥ ਵਿਚ ਤੜਫ਼ ਕੇ ਪਾਣੀ ਦੀ ਇਕ ਬੂੰਦ ਲਈ ਤਰਸਦਾ ਹੋਇਆ ਆਪਣੀ ਅੰਤ ਸਮੇਂ ਸੁੱਕੀ ਜੀਭ ਨੂੰ ਤਰ ਕਰਨ ਤੋਂ ਬਿਨਾਂ ਹੀ ਮਰ ਗਿਆ। ਭਾਵੇਂ ਉਹ ਲੱਖਾਂ ਫੌਜਾਂ ਦਾ ਮਾਲਕ ਤੇ ਕਈ ਕਰੋੜ ਰਿਆਇਆ ਦਾ ਸਿਰਤਾਜ ਸੀ, ਪਰ ਅੰਤ ਸਮੇਂ ਉਸ ਦੇ ਲਾਗੇ ਇਕ ਗੁਰੂ ਦਾ ਸਿੱਖ ਵੀ ਹਾਜ਼ਰ ਨਹੀਂ ਸੀ, ਜੋ ਘਟੋ ਘਟ ਮੂਲ ਮੰਤਰ ਦਾ ਪਾਠ ਤਾਂ ਮਹਾਰਾਜੇ ਦੇ ਅੰਤ ਸਮੇਂ ਕਰਦਾ।

ਐ ਕਾਸ਼ ! ਅੱਜ ਅਟਾਰੀ ਵਾਲੇ ਬਹਾਦਰ ਸਰਦਾਰ ਸ਼ਾਮ ਸਿੰਘ ਜੀ! ਆਪ ਕਿਤੇ ਲਾਗੇ ਹੀ ਹੁੰਦੇ ਅਤੇ ਆਪਣੀ ਲਾਡਲੀ ਪੁੱਤਰੀ ਮਹਾਰਾਣੀ ਨਾਨਕੀ ਜੀ ਦੇ ਕੋਮਲ ਹੱਥ ਆ ਕੇ ਦੇਖਦੇ ਕਿ ਉਸ ਨੇ ਆਪਣੇ ਪ੍ਰਾਣ ਪਿਆਰੇ ਪਤੀ ਦੇ ਬ੍ਰਿਹਾ ਵਿਚ ਕਿਲ੍ਹੇ ਦੇ ਬੰਦ ਦਰਵਾਜ਼ੇ ਖੁਲ੍ਹਾਣ ਲਈ ਲਹੂ ਲੁਹਾਨ ਕਰ ਲਏ ਸਨ, ਤਾਂ ਆਪ ਦਾ ਨਿਡਰ ਦਿਲ ਝਲਕਾ ਖਾਂਦਾ, ਤੇ

(ਪਿਛਲੇ ਸਫ਼ੇ ਦਾ ਬਾਕੀ ਫ਼ੁਟਨੋਟ)

ਸਰਦਾਰ ਚੇਤ ਸਿੰਘ ਜੀ ਬਾਜਵਾ ਖ਼ਾਨਦਾਨ ਦਾ ਸਤਾਰਾ ਸੀ, ਇਸ ਦਾ ਵਿਆਹ ਮਹਾਰਾਣੀ ਈਸ਼ਰ ਕੌਰ ਅਤੇ ਸਰਦਾਰ ਮੰਗਲ ਸਿੰਘ ਜੀ ਮੋਰਾਂ ਵਾਲਾ (ਸਿਆਲਕੋਟ) ਦੀ ਭਤੀਜੀ ਨਾਲ ਹੋਇਆ ਸੀ। ਇਹ ਮਹਾਰਾਜਾ ਖੜਕ ਸਿੰਘ ਦਾ ਸਾਂਢੂ ਸੀ। ਪਰ ਮਹਾਰਾਜਾ ਇਸ ਨਾਲ ਕੇਵਲ ਸਾਕੇਦਾਰੀ ਨਹੀਂ ਸੀ ਚਾਹੁੰਦਾ, ਸਗੋਂ ਇਕ ਅੱਥਕ ਕੰਮ ਕਰਨ ਵਾਲਾ ਸ਼ਖਸ ਸੀ ਅਤੇ ਖ਼ਾਲਸਾ ਰਾਜ ਦਾ ਪੱਕਾ ਹਿਤਕਾਰੀ ਸੀ। ਇਹ ਮੁੱਦਤ ਤੱਕ ਮਹਾਰਾਜਾ ਖੜਕ ਸਿੰਘ ਦੀ ਜ਼ਾਤੀ ਜਾਗੀਰ ਦਾ ਪ੍ਰਬੰਧਕ ਤੇ ਮਹਾਰਾਜਾ ਦਾ ਅਤਾਲੀਕ (ਅਧਿਆਪਕ) ਰਹਿ ਚੁੱਕਾ ਸੀ, ਜੋ ਆਪਣੇ ਕੰਮ ਵਿਚ ਬੜਾ ਦਿਆਨਤਦਾਰ ਸਾਬਤ ਹੋਇਆ ਸੀ। ਇਸ ਲਈ ਮਹਾਰਾਜਾ ਖੜਕ ਸਿੰਘ ਇਸ ਨੂੰ ਚਾਹੁੰਦਾ ਸੀ।

2. ਇਹ ਗੱਲ ਪੂਰੀ ਤਰ੍ਹਾਂ ਇਤਿਹਾਸ ਤੋਂ ਸਾਬਤ ਹੈ ਕਿ ਮਹਾਰਾਜਾ ਖੜਕ ਸਿੰਘ ਨੂੰ ਧਿਆਨ ਸਿੰਘ ਨੇ ਜ਼ਹਿਰ ਦਿਵਾਈ ਸੀ।
(ਮੇਜਰ ਸਮਾਇਥ—ਰੇਨਿੰਗ ਫ਼ੈਮਲੀ ਆਫ਼ ਲਾਹੌਰ।)

ਭਾਵੇਂ ਕਿਲ੍ਹੇ ਦੇ ਦਰਵਾਜ਼ੇ ਅੱਗੇ ਆਪ ਨੂੰ ਤੋਪਾਂ ਹੀ ਕਿਉਂ ਨਾ ਬੀੜਨੀਆਂ ਪੈਂਦੀਆਂ, ਪਰ ਇਕ ਵਾਰੀ ਤਾਂ ਜ਼ਰੂਰੀ ਆਪਣੇ ਪਿਆਰੇ ਨੌਨਿਹਾਲ ਕੋਲ ਅੰਤਲੀ ਘੜੀ ਜਾ ਹੀ ਪਹੁੰਚਦੇ। ਹਾਏ ! ਕੋਈ ਉਡਕੇ ਜਾਓ ਓਏ!! ਤੇ ਬਹਾਦਰ ਸ਼ਾਮ ਸਿੰਘ ਨੂੰ ਖ਼ਬਰ ਦੇਵੋ[1] ਕਿ ਖਾਲਸੇ ਦਾ ਅਦੁੱਤੀ ਮਹਾਰਾਜਾ ਅਤੇ ਆਪਦੀ ਲਾਡਲੀ ਬੱਚੀ ਦਾ ਸਿਰਤਾਜ ਅਨਿਆਈ ਮੌਤੇ ਮਾਰਿਆ ਜਾ ਰਿਹਾ ਸੀ!!!

ਇਸ ਦੇ ਉਪਰੰਤ ਰਾਜਾ ਧਿਆਨ ਸਿੰਘ ਨੇ ਕੌਰ ਨੌਨਿਹਾਲ ਸਿੰਘ ਦੀ ਮੌਤ ਦੀ ਖ਼ਬਰ ਜਦ ਤੀਜੇ ਦਿਨ ਮਹਾਰਾਣੀ ਚੰਦ ਕੌਰ ਜੀ ਨੂੰ ਦੱਸੀ ਤਾਂ ਨਾਲ ਹੀ ਸਭ ਤੋਂ ਪਹਿਲੀ ਤਜਵੀਜ਼ ਇਹ ਪੇਸ਼ ਕੀਤੀ ਕਿ ਖ਼ਾਲਸਾ ਰਾਜ ਤਬਾਹੀ ਤੋਂ ਕੇਵਲ ਇਕ ਹੀ ਸੂਰਤ ਨਾਲ ਬਚ ਸਕਦਾ ਹੈ ਅਤੇ ਉਹ ਇਹ ਹੈ ਕਿ ਮਹਾਰਾਣੀ ਚੰਦ ਕੌਰ, ਇਸ ਦੇ ਪੁੱਤਰ ਹੀਰਾ ਸਿੰਘ ਨੂੰ ਮੁਤਬੰਨਾ ਬਣਾ ਕੇ ਆਪਣੀ ਝੋਲੀ ਪਾ ਲਏ, ਅਤੇ ਰਾਣੀ ਉਸ ਦੀ ਸਰਪ੍ਰਸਤ ਹੋਕੇ ਪੰਜਾਬ ਦਾ ਰਾਜ ਕਰੇ, ਪਰ ਭਲਾ ਹੋਵੇ ਭਾਈ ਗੁਰਮੁਖ ਸਿੰਘ ਜੀ ਤੇ ਮਿਸ਼ਰ ਬੇਲੀ ਰਾਮ ਜੀ ਦਾ ਜਿਨ੍ਹਾਂ ਨੇ ਇਸ ਸਮੇਂ ਧਿਆਨ ਸਿੰਘ ਦੀ ਇਸ ਤਜਵੀਜ਼ ਦੀ ਬੜੀ ਜ਼ੋਰਦਾਰ ਵਿਰੋਧਤਾ ਕੀਤੀ ਅਤੇ ਸਾਫ਼ ਆਖ ਦਿੱਤਾ ਕਿ ਸਾਡੇ ਜੀਊਂਦੇ ਜੀ ਮਹਾਰਾਜਾ ਰਣਜੀਤ ਸਿੰਘ ਦੇ ਤਖ਼ਤ ਦਾ ਵਾਰਸ, ਉਸ ਦੀ ਔਲਾਦ ਸ਼ਹਿਜ਼ਾਦਾ ਸ਼ੇਰ ਸਿੰਘ ਦੇ ਮੌਜੂਦ ਹੁੰਦਿਆਂ ਅਸੀਂ ਕਿਸੇ ਬਾਹਰ ਦੇ ਆਦਮੀ ਨੂੰ ਵਾਰਸ ਨਹੀਂ ਹੋਣ ਦਿਆਂਗੇ, ਜਿਸ ਕਰਕੇ ਉਸ ਸਮੇਂ ਇਹ ਚਾਲ ਨੇਪਰੇ ਨਾ ਚੜ੍ਹ ਸਕੀ ਤੇ ਖਾਲਸਾ ਰਾਜ ਗ਼ੈਰਾਂ ਦੇ ਹੱਥ ਜਾਣ ਤੋਂ ਬਚਾਇਆ। ਪਰ ਇਹ ਗੱਲ ਬੜੇ ਦੁਖਤ ਹਿਰਦੇ ਨਾਲ ਲਿਖਣੀ ਪੈਂਦੀ ਹੈ ਕਿ ਇਸ ਵਿਰੋਧਤਾ ਬਦਲੇ ਇਨ੍ਹਾਂ ਦੋਹਾਂ ਨੂੰ ਆਪਣੀਆਂ ਜਾਨਾਂ ਵਾਰਨੀਆਂ ਪਈਆਂ ਸਨ। ਇਸ ਬਾਰੇ ਸਰ ਲੈਪਲ ਗ੍ਰਿਫਨ ਲਿਖਦਾ ਹੈ : 'ਹੀਰਾ ਸਿੰਘ ਦੇ ਤਾਕਤ ਫੜਦਿਆਂ ਹੀ ਉਸ ਨੇ ਭਾਈ ਗੁਰਮੁਖ ਸਿੰਘ ਤੇ ਉਸ ਦੇ ਮਿੱਤਰ ਮਿਸ਼ਰ ਬੇਲੀ ਰਾਮ ਨੂੰ ਕੈਦ ਕਰ ਕੇ ਸ਼ੇਖ਼ ਇਮਾਮਦੀਨ ਦੀ ਰਾਹੀਂ ਇਨ੍ਹਾਂ ਨੂੰ ਕਤਲ ਕਰਵਾ ਦਿੱਤਾ।[2] ਅਫ਼ਸੋਸ ਹੈ ਕਿ ਇਮਾਮਦੀਨ ਨੇ ਇਨ੍ਹਾਂ ਨੂੰ ਆਪਣੀ ਹਵੇਲੀ ਦੇ ਅੰਦਰ ਐਸੀ ਬੇ-ਰਹਿਮੀ ਨਾਲ ਤਸੀਹੇ ਦੇ ਕੇ ਮਾਰਿਆ ਕਿ ਇਨ੍ਹਾਂ ਦੀਆਂ ਲਾਸ਼ਾਂ ਦਾ ਵੀ ਪਤਾ ਨਾ ਲੱਗ ਸਕਿਆ।

---

1. ਸਰਦਾਰ ਸ਼ਾਮ ਸਿੰਘ ਜੀ ਅਟਾਰੀ ਵਾਲੇ ਇਨ੍ਹੀਂ ਦਿਨੀਂ ਆਪਣੀ ਜਾਗੀਰ ਵਿਚ ਕਲਰਾਲੀ ਗਏ ਹੋਏ ਸਨ।
2. ਰਈਸਾਨੇ ਪੰਜਾਬ—ਪੰਨਾ ੧੭੩।

ਮਹਾਰਾਜਾ ਨੌਨਿਹਾਲ ਸਿੰਘ ਦੇ ਗੁਣ ਅਵਗੁਣਾਂ ਉੱਪਰ ਵਿਚਾਰ

ਮਹਾਰਾਜਾ ਨੌਨਿਹਾਲ ਸਿੰਘ ਚਿਹਰੇ ਮੋਹਰੇ ਵਿਚ ਆਪਣੇ ਜਗਤ ਪ੍ਰਸਿੱਧ, ਦਾਦਾ (ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ) ਨਾਲ ਮਿਲਦਾ ਜੁਲਦਾ ਸੀ। ਉਸ ਦੀ ਉਮਰ ਇਸ ਵਕਤ ਮੌਤ ਸਮੇਂ ੨੦ ਸਾਲ ੮ ਮਹੀਨੇ ੨੨ ਦਿਨ ਦੀ ਚੜ੍ਹਦੀ ਜਵਾਨੀ ਦੇ ਜੋਬਨ ਵਿਚ ਸੀ[1]। ਉਸਦਾ ਚਿਹਰਾ ਬੜਾ ਹੀ ਪੁਰ-ਰੋਹਬ ਸੀ, ਕਦ ਖ਼ਾਸਾ ਲੰਮਾ, ਅੱਖਾਂ ਬੜੀਆਂ ਮੋਟੀਆਂ ਤੇ ਖ਼ਾਸ ਕਸ਼ਸ਼ ਵਾਲੀਆਂ ਸਨ। ਚਿਹਰੇ ਦੀ ਨੁਹਾਰ ਇੰਨੀ ਮਨ-ਮੋਹਣੀ ਸੀ ਕਿ ਆਪ ਦੇ ਦਰਸ਼ਨ ਕੀਤਿਆਂ ਮਨ ਨੂੰ ਠੰਡ ਪੈਂਦੀ ਸੀ। ਆਪ ਜੀ ਦੀਆਂ ਮੁੱਛਾਂ ਡਾਢੀਆਂ ਸੋਹਣੀਆਂ ਅਤੇ ਨਵੀਆਂ ਨਵੀਆਂ ਹੀ ਫੁਟੀਆਂ ਸਨ। ਚਿਹਰੇ 'ਤੇ ਛੋਟਾ-ਛੋਟਾ ਭਰਵਾਂ ਦਾੜ੍ਹਾ ਅਜੇ ਉਤਰਿਆ ਹੀ ਸੀ, ਜਿਸ ਨਾਲ ਮੁਖੜਾ ਬੜਾ ਜਲਾਲੀ ਤੇ ਸ਼ਾਨਦਾਰ ਦਿਸਦਾ ਸੀ।

ਉਸ ਸਮੇਂ ਦੇ ਲਿਖੇ ਹੋਏ ਜਿਸ ਇਤਿਹਾਸ ਨੂੰ ਖੋਲ੍ਹ ਕੇ ਪੜ੍ਹੋ ਉਹ ਇਸ ਨੌਜਵਾਨ ਮਹਾਰਾਜੇ ਦੀ ਮਹਿਮਾ ਤੇ ਗੁਣਾਂ ਨਾਲ ਸੁਭਰ ਭਰੇ ਪਾਓਗੇ। ਆਪ ਜੀ ਹਰ ਇਕ ਤਬਕੇ ਵਿਚ ਸਤਿਕਾਰੇ ਤੇ ਪਿਆਰੇ ਜਾਂਦੇ ਸਨ। ਫ਼ੌਜੀ ਖ਼ਾਲਸਾ ਤਾਂ ਆਪ ਤੋਂ ਵਾਰਨੇ ਜਾਂਦਾ ਸੀ, ਸਰਦਾਰ ਸਨ ਕਿ ਆਪ ਲਈ ਪਸੀਨੇ ਦੀ ਥਾਂ ਆਪਣਾ ਲਹੂ ਡੋਹਲਣ ਲਈ ਹਰ ਵਕਤ ਤਤਪਰ ਰਹਿੰਦੇ ਸਨ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਆਪਣੀ ਛੋਕੜਲੀ ਉਮਰ

---

1. ਔਫ਼ੀਸ਼ਲ ਨੋਟੀਫ਼ੀਕੇਸ਼ਨ ਪੰਨਾ ੫੯ ਜੋ ਉਸ ਸਮੇਂ ਗਵਰਨਮੈਂਟ ਨੇ ਜਾਰੀ ਕੀਤਾ ਸੀ, ਉਸ ਵਿਚ ਮਹਾਰਾਜਾ ਨੌਨਿਹਾਲ ਸਿੰਘ ਦੀ ਉਮਰ ੨੨ ਸਾਲ ਦਸੀ ਸੀ ਜੋ ਠੀਕ ਨਹੀਂ, ਦੇਖੋ ਇਲਨ ਦੀ ਹਿਸਟਰੀ, ਪੰਨਾ ੨੧੭, ਸਰ ਲੈਪਲ ਗ੍ਰਿਫ਼ਨ, ਮੁਹੰਮਦ ਲਤੀਫ਼ ਤੇ ਘਨੱਈਆ ਲਾਲ।

ਵਿਚ ਇਹ ਗੱਲ ਭਰੇ ਦਰਬਾਰਾਂ ਵਿਚ ਬੜੇ ਫ਼ਖ਼ਰ ਨਾਲ ਕਹਿੰਦੇ ਹੁੰਦੇ ਸਨ, 'ਮੈਂ ਖ਼ਾਲਸੇ ਨੂੰ ਆਪਣਾ ਐਸਾ ਜਾਂ-ਨਸ਼ੀਨ (ਵਾਰਸ—ਨੌਨਿਹਾਲ ਸਿੰਘ) ਦੇ ਚਲਿਆ ਹਾਂ, ਜਿਸ ਨੂੰ ਖ਼ਾਲਸਾ ਹਰ ਪਹਿਲੂ ਤੋਂ ਇਸ ਵੱਡੀ ਸਲਤਨਤ ਦੇ ਵਾਧੇ ਤੇ ਰਾਖੀ ਲਈ ਮੁਕੰਮਲ ਪਾਏਗਾ।' ਡਾਕਟਰ ਮੈਕਗ੍ਰੀਗਰ ਦੀ ਹਿਸਟਰੀ ਪੜ੍ਹਿਆਂ ਮਹਾਰਾਜਾ ਨੌਨਿਹਾਲ ਸਿੰਘ ਦੀ ਸਮੂਹ ਗੁਣ-ਭੂਸ਼ਤ ਤਸਵੀਰ ਅੱਖਾਂ ਅਗੇ ਆ ਖਲੋਂਦੀ ਹੈ। ਇਹ ਡਾਕਟਰ ਲਿਖਦਾ ਹੈ ਕਿ 'ਮਹਾਰਾਜਾ ਰਣਜੀਤ ਸਿੰਘ ਜੀ ਦੇ ਚਲਾਣੇ ਪਿਛੋਂ ਸਭ ਦੀਆਂ ਅੱਖਾਂ ਉਸ ਦੇ ਲਾਇਕ ਪੋਤਰੇ ਅਤੇ ਖ਼ਾਲਸੇ ਦੇ ਹਰਮਨ ਪਿਆਰੇ ਸ਼ਹਿਜ਼ਾਦੇ ਨੌਨਿਹਾਲ ਸਿੰਘ ਵੱਲ ਲੱਗੀਆਂ ਹੋਈਆਂ ਸਨ। ਜਿਸ ਤਰ੍ਹਾਂ ਉਹ ਸ਼ਹਿਜ਼ਾਦਾ ਆਪਣੀ ਸੂਰਤ ਮੂਰਤ ਅਤੇ ਕਦ ਬੁੱਤ ਵਿਚ ਆਪਣੇ ਬਹਾਦਰ ਦਾਦੇ ਦਾ ਇਕ ਸਰੂਪ ਸੀ ਉਸੇ ਤਰ੍ਹਾਂ ਉਸ (ਮਹਾਰਾਜਾ ਰਣਜੀਤ ਸਿੰਘ) ਦੇ ਉੱਚ ਗੁਣਾਂ ਨਾਲ ਵੀ ਉਹ (ਸ਼ਹਿਜ਼ਾਦਾ) ਮਿਲਦਾ ਸੀ। ਉਹ ਫ਼ੌਜਾਂ ਵਿਚ ਅਤਿ ਪਿਆਰਿਆ ਤੇ ਸਤਿਕਾਰਿਆ ਜਾਂਦਾ ਸੀ, ਕਿਉਂਕਿ ਉਹ ਬਚਪਨ ਤੋਂ ਹੀ ਸਿਪਾਹੀ (ਜੋਧਾ) ਸੀ, ਜਿਥੇ ਉਹ ਨਿਡਰ ਸੂਰਮਾ ਸੀ ਉਥੇ ਉਹ ਅਮਿਟ ਜੋਸ਼ੀਲਾ ਨੌਜੁਆਨ ਸੀ। ਮਹਾਰਾਜਾ ਰਣਜੀਤ ਸਿੰਘ ਸ਼ਹਿਜ਼ਾਦਾ ਨੌਨਿਹਾਲ ਸਿੰਘ ਦੇ ਨਾਮ 'ਤੇ ਬੜਾ ਫ਼ਖ਼ਰ ਕਰਦਾ ਹੁੰਦਾ ਸੀ ਅਤੇ ਮੁਹੱਬਤ ਭਰੇ ਦਿਲ ਨਾਲ ਇਹ ਪੇਸ਼ਗੋਈ ਕਰਦਾ ਹੁੰਦਾ ਸੀ ਕਿ ਮੈਂ ਖ਼ਾਲਸੇ ਨੂੰ ਸਮੂਹ ਗੁਣ ਨਿਪੁੰਨ ਆਪਣਾ ਜਾਂ-ਨਸ਼ੀਨ ਦੇ ਚੌਲਿਆ ਹਾਂ, ਜੋ-ਜੋ ਕੰਮ ਮੇਰੇ ਜੀਵਨ ਵਿਚ ਮੇਰੇ ਤੋਂ ਅਧਵਾਟੇ ਬਾਕੀ ਰਹਿ ਗਏ ਹਨ, ਉਨ੍ਹਾਂ ਨੂੰ ਉਹ ਪੂਰਾ ਕਰੇਗਾ ਅਤੇ ਉਹ ਖ਼ਾਲਸਾ ਰਾਜ ਦਾ ਪੂਰਾ ਰਾਖਾ ਸਾਬਤ ਹੋਵੇਗਾ।' ਮੈਕਗਰੇਗਰ ਦੀ ਅਸਲ ਲਿਖਤ ਇਸ ਤਰ੍ਹਾਂ ਹੈ :

All eyes were now turned toward the favourite of the Sikhs, the grandson of their ruler, whom he resembled in features and disposition. He was popular with the army, for he had been a soldier from his boyhood, and was of a brave and indomitable spirit, united, at the same time to great caution, discreation and forethought Ranjit Singh was very proud of Nonehal and fondly anticipated that in him the Sikhs would find a successor worthy

of filling the throne of Lahore, and preserving his kingdom entire. But this fond hope was not destined to be realised.

History of the Sikhs,
W.T. McGregor, Vol. II, Pager 5 and 6

ਨਿੱਕੀ ਉਮਰ ਵਿਚ ਹੀ ਇਸ ਦੇ ਸਿਰ 'ਤੇ ਪੰਜਾਬ ਵਰਗੀ ਵੱਡੀ ਸਲਤਨਤ ਦੇ ਪ੍ਰਬੰਧ ਦੇ ਭਾਰ ਦਾ ਆ ਪੈਣਾ ਅਤੇ ਉਸ ਨੂੰ ਬੜੀ ਖੁਸ਼ੀ ਨਾਲ ਚਲਾਉਣਾ ਸਾਫ਼ ਸਾਬਤ ਕਰਦਾ ਸੀ ਕਿ ਉਹ ਰਾਜ ਪ੍ਰਬੰਧ ਵਿਚ ਇਕ ਅਦੁੱਤੀ ਚਮਕਦਾ ਸਤਾਰਾ ਹੋਵੇਗਾ। ਇਸ ਅਲਬੇਲੀ ਉਮਰ ਵਿਚ ਹੀ ਉਹ ਉੱਚੇ ਆਚਰਣ ਦਾ ਨਮੂਨਾ ਸੀ, ਹਾਲਾਂਕਿ ਉਸ ਦੇ ਆਲੇ ਦੁਆਲੇ ਹਰ ਵਕਤ ਐਸੇ ਗਿਰੇ ਹੋਏ ਆਚਰਣ ਦੇ ਅਨਮਤੀ ਅਹਿਲਕਾਰ ਰਹਿੰਦੇ ਸਨ ਜਿਨ੍ਹਾਂ ਦੇ ਹੁੰਦਿਆਂ ਨੇਕ ਚਲਣ ਰਹਿਣਾ ਇਸੇ ਸੂਰਮੇ ਦਾ ਹੀ ਕੰਮ ਸੀ। ਇਲਨਜ਼ ਦੀ ਹਿਸਟਰੀ ਵਿਚ ਲਿਖਤ ਆਉਂਦੀ ਹੈ ਕਿ 'ਨੌਨਿਹਾਲ ਸਿੰਘ, ਮਹਾਰਾਜਾ ਖੜਕ ਸਿੰਘ ਦਾ ਇਕਲੌਤਾ ਪੁੱਤਰ ਸੀ। ਉਸ ਦੀ ਉਮਰ ਵੀਹ ਸਾਲ ਤੋਂ ਵੱਧ ਨਹੀਂ ਸੀ, ਪਰ ਇਸ ਨੌਜਵਾਨ ਪੁਰ ਖ਼ਾਲਸੇ ਦੀਆਂ ਬੜੀਆਂ ਆਸਾਂ ਲੱਗੀਆਂ ਹੋਈਆਂ ਸਨ, ਕਿਉਂਕਿ ਉਹ ਬੜਾ ਹੀ ਦਲੇਰ, ਫੁਰਤੀਲਾ ਅਤੇ ਉੱਚ ਵਿਚਾਰਾਂ ਦਾ ਮਾਲਕ ਸੀ। ਉਹ ਬੜੇ ਉੱਚੇ ਚਾਲ ਚਲਣ ਦਾ ਮਹਾਰਾਜਾ ਸੀ। ਤੇਜ਼ ਮਿਜ਼ਾਜੀ ਤੋਂ ਛੁੱਟ ਬਾਕੀ ਸਾਰੇ ਗੁਣ ਲਗਪਗ ਉਸ ਨੂੰ ਆਪਣੇ ਦਾਦੇ ਤੋਂ ਪ੍ਰਾਪਤ ਸਨ। ਉਸ ਦੇ ਮੇਲ ਮਿਲਾਪ ਦਾ ਤਰੀਕਾ ਦੂਜਿਆਂ ਦੇ ਦਿਲਾਂ ਨੂੰ ਮੋਹਿਤ ਕਰ ਲੈਣ ਵਾਲਾ ਸੀ।'

ਆਪ ਦੇ ਚਾਲ ਚਲਣ ਬਾਬਤ ਕਰਨਲ ਗਾਰਡਨਰ ਲਿਖਦਾ ਹੈ ਕਿ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੂੰ ਕਰਤਾਰ ਦੀ ਬਖ਼ਸ਼ੀ ਹੋਈ ਯੋਗਤਾ ਅਤੇ ਉੱਚੇ ਆਚਰਣ ਦੇ ਕਾਰਨ ਵੱਡੀ ਨਾਮਵਰੀ ਪ੍ਰਾਪਤ ਸੀ[1]।

ਮਹਾਰਾਜਾ ਨੌਨਿਹਾਲ ਸਿੰਘ ਦਾ ਜ਼ਬਰਦਸਤ ਆਚਰਣ ਅਤੇ ਉੱਚ ਗੁਣਾਂ ਦਾ ਅਸਰ ਇੰਨਾ ਪ੍ਰਬਲ ਸੀ ਕਿ ਲੈਪਲ ਗ੍ਰਿਫ਼ਨ ਵਰਗਾ ਲੇਖਕ ਜੋ ਕਿਸੇ ਨਾਮਾਲੂਮ ਕਾਰਨ ਕਰਕੇ ਨੌਨਿਹਾਲ ਸਿੰਘ ਦੀਆਂ ਖ਼ੂਬੀਆਂ ਨੂੰ ਲਿਖਣ ਲੱਗਿਆਂ ਝਿਜਕਦਾ ਮਾਲੂਮ ਹੁੰਦਾ ਹੈ, ਇਥੇ ਪਹੁੰਚ ਕੇ ਮਜਬੂਰ ਜਿਹਾ ਹੋ

1. ਪੀਅਰਸ, ਕਰਨਲ ਗਾਰਡਨਰ—ਪੰਨਾ ੨੧੬।

ਜਾਂਦਾ ਹੈ ਤੇ ਲਿਖਦਾ ਹੈ ਕਿ 'ਇਸ ਵਿਚ ਸ਼ੱਕ ਨਹੀਂ ਕਿ ਨੌਜਵਾਨ ਨੌਨਿਹਾਲ ਸਿੰਘ ਬੜੇ ਹੀ ਉੱਚਿਆਂ ਇਰਾਦਿਆਂ ਦਾ ਮਾਲਕ ਤੇ ਡਾਢਾ ਨਿਡਰ ਅਣਖੀ ਜੋਧਾ ਸੀ। ਉਸ ਦੇ ਉੱਚੇ ਇਰਾਦੇ ਅਤੇ ਚਤੁਰਤਾ ਤੋਂ ਪੂਰੀ ਪੂਰੀ ਆਸ ਸੀ ਕਿ ਉਹ ਖ਼ਾਲਸਾ ਸਲਤਨਤ ਦੀ ਉਸ ਹੱਦਬੰਦੀ ਨੂੰ ਜੋ ਸ਼ੇਰੇ ਪੰਜਾਬ ਨੇ ਕਾਇਮ ਕੀਤੀ ਸੀ, ਹੋਰ ਅੱਗੇ ਵਧਾ ਦੇਵੇਗਾ ਅਤੇ ਇਸ ਗੱਲ ਦਾ ਫ਼ੈਸਲਾ ਉਸ ਨੇ ਕਰ ਭੀ ਲਿਆ ਸੀ। ਉਹਦੀ ਦਿਲੀ ਚਾਹਿਨਾ ਇਹ ਸੀ ਕਿ ਖ਼ਾਲਸਾ ਰਾਜ ਨੂੰ ਨਾ ਸਿਰਫ਼ ਸਿੰਧ ਅਫ਼ਗ਼ਾਨਿਸਤਾਨ ਤੱਕ ਵਧਾਇਆ ਜਾਏ ਬਲਕਿ ਖ਼ਾਲਸੇ ਦਾ ਬੰਨਾ ਹਿੰਦੂਕਸ਼ ਦੀਆਂ ਪਹਾੜੀਆਂ ਤੋਂ ਭੀ ਅੱਗੇ ਪਹੁੰਚਾਇਆ ਜਾਏ। ਉਹ ਸੰਸਾਰ ਨੂੰ ਇਸ ਗੱਲ ਦੇ ਦੱਸਣ ਦਾ ਚਾਹਵਾਨ ਸੀ ਕਿ ਮਹਿਮੂਦ ਗਜ਼ਨਵੀ ਤੇ ਤੈਮੂਰ ਦੇ ਹਮਲਿਆਂ ਦਾ ਬਦਲਾ ਲੈਣਾ ਉਸ ਲਈ ਕੋਈ ਔਖਾ ਕੰਮ ਨਹੀਂ। ਜੇ ਕਦੀ ਉਸ ਦੀ ਉਮਰ ਸਾਥ ਨਿਭਾਂਦੀ ਤਾਂ ਇਨ੍ਹਾਂ ਇਰਾਦਿਆਂ ਦੇ ਪੂਰਾ ਕਰਨ ਦੀਆਂ ਤਿਆਰੀਆਂ ਉਸਨੇ ਆਰੰਭ ਭੀ ਦਿੱਤੀਆਂ ਸਨ।

ਸਿੱਖ ਇਤਿਹਾਸ ਦਾ ਪ੍ਰਸਿੱਧ ਲੇਖਕ ਕਨਿੰਘਮ ਉਪਰਲੀ ਲਿਖਤ 'ਤੇ ਹੋਰ ਵੱਧ ਕੇ ਰੋਸ਼ਨੀ ਪਾਉਂਦਾ ਹੋਇਆ ਲਿਖਦਾ ਹੈ ਕਿ 'ਸ਼ਹਿਜ਼ਾਦਾ ਨੌਨਿਹਾਲ ਸਿੰਘ ਵੀਹ ਸਾਲਾਂ ਦੀ ਉਮਰ ਵਿਚ ਮਾਰ ਦਿੱਤਾ ਗਿਆ। ਉਹ ਲਾਇਕ ਤੇ ਜ਼ਬਰਦਸਤ ਬਾਦਸ਼ਾਹ ਸੀ, ਜੇ ਕਦੇ ਉਸ ਦੀ ਆਯੂ ਵਫ਼ਾ ਕਰਦੀ ਤਾਂ ਉਹ ਆਪਣੀ ਸਲਤਨਤ ਨੂੰ ਇਲਾਕਾ ਸਿੰਧ ਅਤੇ ਅਫ਼ਗਾਨਿਸਤਾਨ ਤੱਕ ਵਧਾਉਣ ਤੋਂ ਛੁੱਟ ਹਿੰਦੂਕਸ਼ ਦਿਆਂ ਪਹਾੜਾਂ ਤੋਂ ਭੀ ਅੱਗੇ ਪਹੁੰਚਾਣ ਦੇ ਉੱਚੇ ਇਰਾਦੇ ਰੱਖਦਾ ਸੀ, ਉਹ ਦਿਲੋਂ ਚਾਹੁੰਦਾ ਸੀ ਕਿ ਇਹ ਗੱਲ ਸਾਬਤ ਕਰ ਦਿੱਤੀ ਜਾਏ ਕਿ ਮਹਿਮੂਦ ਅਤੇ ਤੈਮੂਰ ਦੇ ਹਿੰਦ ਪਰ ਹਮਲਿਆਂ ਦਾ ਬਦਲਾ ਇਸ ਦੇਸ ਦੇ ਲੋਕ, ਕੈਸਾ ਚੰਗੀ ਤਰ੍ਹਾਂ ਲੈ ਸਕਦੇ ਹਨ।[1]'

ਠੀਕ ਇਸੇ ਭਾਵ ਦੀ ਪ੍ਰੋੜ੍ਹਤਾ ਇਕ ਮੁਸਲਮਾਨ ਇਤਿਹਾਸਕਾਰ ਭਾਈ ਦੀ ਲੇਖਣੀ ਤੋਂ ਹੁੰਦੀ ਦੇਖ ਕੇ ਅਸਾਨੂੰ ਬੜੀ ਖ਼ੁਸ਼ੀ ਹੁੰਦੀ ਹੈ, ਜਦ ਕਿ ਅਸੀਂ ਦੇਖਦੇ ਹਾਂ ਕਿ ਸਾਡਾ ਇਹੋ ਭਾਈ ਆਪਣੇ ਤਨ ਵਿਚ ਸਿੱਖਾਂ ਲਈ ਬੜਾ ਹੀ ਪੱਖਪਾਤੀ ਦਿਲ ਰੱਖਦਾ ਹੈ ਅਤੇ ਪੰਜਾਬ ਦਾ ਇਤਿਹਾਸ ਲਿਖਦਾ ਹੋਇਆ

1. ਕਨਿੰਘਮ, ਹਿਸਟਰੀ ਆਫ਼ ਦੀ ਸਿਖ਼ਜ਼—ਪੰਨਾ ੨੪੫।

ਕੋਈ ਮੌਕਾ ਹੱਥੋਂ ਨਹੀਂ ਘੁਸਣ ਦੇਂਦਾ, ਜਦਕਿ ਇਹ ਸਿੱਖਾਂ 'ਤੇ ਕੋਈ ਨ ਕੋਈ ਕਲਮੀ ਚੋਟ ਨਾ ਕਰਦਾ ਹੋਵੇ। ਸਾਡੀ ਮੁਰਾਦ ਸੱਯਦ ਮੁਹੰਮਦ ਲਤੀਫ਼ ਤੋਂ ਹੈ, ਪਰ ਵਾਰੇ ਜਾਈਏ ਸ਼ਹਿਜ਼ਾਦਾ ਨੌਨਿਹਾਲ ਸਿੰਘ ਦੇ ਬਾ-ਕਮਾਲ ਜੀਵਨ ਤੋਂ ਜਿਸ ਨੇ ਸ਼ਾਹ ਸਾਹਿਬ ਦੀ ਕਲਮ ਤੋਂ ਭੀ ਆਪਣੇ ਲਈ ਇਹ ਕੁਝ ਲਿਖਵਾਉਣ ਲਈ ਉਸਨੂੰ ਮਜਬੂਰ ਕਰ ਦਿੱਤਾ। ਸੱਯਦ ਮੁਹੰਮਦ ਲਤੀਫ਼ ਦੀ ਤਾਰੀਖ ਪੰਜਾਬ ਦੀ ਉਰਦੂ ਐਡੀਸ਼ਨ[1] ਜੋ ਸੰਨ ਸਤੰਬਰ ੧੮੮੮ ਵਿਚ ਛਪੀ ਸੀ, ਉਸਦੇ ਸਫਾ ੨੪੪ 'ਤੇ ਇਸ ਤਰ੍ਹਾਂ ਲਿਖਿਆ ਹੈ ਜਿਸ ਨੂੰ ਅਸੀਂ ਹੂਬਹੂ ਉਸਦੇ ਆਪਣੇ ਲਫ਼ਜ਼ਾਂ ਵਿਚ ਆਪਣੇ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰਦੇ ਹਾਂ।[1]

'ਨੌਨਿਹਾਲ ਸਿੰਘ ਨਿਹਾਇਤ ਲਾਇਕ ਔਰ ਹੋਨਹਾਰ ਜਵਾਨ ਥਾ ਔਰ ਬੜੀ ਬੜੀ ਉਮੰਗੇਂ ਦਿਲ ਮੇਂ ਰਖਤਾ ਥਾ। ਇਸ ਮੇਂ ਸ਼ੱਕ ਨਹੀਂ ਕਿ ਅਗਰ ਨੌਨਿਹਾਲ ਸਿੰਘ ਕੀ ਜ਼ਿੰਦਗੀ ਵਫ਼ਾ ਕਰਤੀ ਤੋ ਉਸ ਕੀ ਅਲੋਅਲਅਜ਼ਮੀ ਉਸਕੋ ਨਿਚਲਾ ਨਾ ਬੈਠਨੇ ਦੇਤੀ ਔਰ ਵੋਹ ਸਿੰਧ ਅਫ਼ਗਾਨਿਸਤਾਨ ਕਾ ਰੁਖ਼ ਕਰਤਾ ਔਰ ਹਿੰਦੂਕੁਸ਼ ਸੇ ਪਾਰ ਹੋ ਕਰ ਸਾਬਤ ਕਰਤਾ ਕਿ ਮਹਿਮੂਦ ਵ ਤੈਮੂਰ ਕੇ ਫ਼ਤੂਹਾਤ ਕਾ ਜਵਾਬ ਕਿਸ ਤਰ੍ਹੇ ਇਸ ਮੁਲਕ ਮੇਂ ਸੇ ਦੀਆ ਜਾ ਸਕਤਾ ਹੈ।[2]

ਚੁਨਾਂਚੇ ਉਸਨੇ ਆਪਣੇ ਇਨ੍ਹਾਂ ਉਚ ਇਰਾਦਿਆਂ ਨੂੰ ਅਮਲੀ ਸ਼ਕਲ ਵਿਚ ਲਿਆਉਣ ਲਈ ਪਹਿਲਾ ਕਦਮ ਇਹ ਚੁੱਕਿਆ ਕਿ ਆਪਣੇ ਜ਼ਬਰਦਸਤ ਪ੍ਰਬੰਧ ਹੇਠ ਖ਼ਾਲਸਾ ਫ਼ੌਜਾਂ ਭੇਜ ਕੇ ਪਹਾੜੀ ਰਿਆਸਤ ਮੰਡੀ ਸਕੇਤ ਨੂੰ ਸਿੱਖ ਰਾਜ ਨਾਲ ਮਿਲਾ ਦਿੱਤਾ। ਇਸੇ ਤਰ੍ਹਾਂ ਲੱਦਾਖ ਦਾ ਇਲਾਕਾ ਸਣੇ ਉਸਦੀ ਰਾਜਧਾਨੀ 'ਲੇਹੀ ਅਤੇ ਬਾਲਤਿਸਤਾਨ (Baltistan)' ਛੋਟੀ ਤਿੱਬਤ ਦਾ ਸਾਰਾ ਪਰਗਨਾ ਖ਼ਾਲਸਾ ਰਾਜ ਨਾਲ ਮਿਲਾ ਦਿੱਤਾ[3], ਇਸ ਦੇ ਨਾਲ ਲਾਗਵੇਂ ਇਲਾਕੇ ਦੀ ਫਤਹ ਦੀਆਂ ਤਿਆਰੀਆਂ ਹੋ ਰਹੀਆਂ ਸਨ ਕਿ 'ਵਾਹਿਗੁਰੂ' ਦਾ ਅਮਿਟ ਹੁਕਮ ਆ ਗਿਆ ਤੇ ਜਿੱਥੇ-ਜਿੱਥੇ ਜੋ ਕੁਛ ਹੋ ਰਿਹਾ

1. ਇਹ ਪੁਸਤਕ ਅਜ ਕਲ੍ਹ ਨਾਯਾਬ ਹੈ ਅਤੇ ਅੰਗਰੇਜ਼ੀ ਐਡੀਸ਼ਨ ਇਸੇ ਦਾ ਹੀ ਉਲਥਾ ਹੈ।
2. ਤਾਰੀਖ਼ ਪੰਜਾਬ—ਸ: ਮੁਹੰਮਦ ਲਤੀਫ਼—ਪੰਨਾ ੨੪੪।
3. ਪੈਨਜ਼, ਸ਼ਾਰਟ ਹਿਸਟਰੀ ਆਫ਼ ਸਿਖਜ਼—ਪੰਨਾ ੧੪੧।

ਸੀ, ਉਥੇ ਹੀ ਧਰਿਆ ਰਹਿ ਗਿਆ। ਗੱਲ ਕੀ, ਜਿਸ ਤਵਾਰੀਖ਼ ਨੂੰ ਭੀ ਉਠਾ ਕੇ ਪੜ੍ਹੋ ਮਹਾਰਾਜਾ ਨੌਨਿਹਾਲ ਸਿੰਘ ਦੇ ਗੁਣ ਗਾਂਵਦੀ ਦੇਖੋਗੇ। ਜਿਸ ਵਿਦਵਾਨ ਦੀ ਰਾਇ ਪੜ੍ਹੋ ਆਪ ਨੂੰ ਸਬੂਤ ਮਿਲੇਗਾ ਕਿ ਇਹ ਸ਼ਹਿਜ਼ਾਦਾ ਅਸਾਧਾਰਨ ਗੁਣਾਂ ਦਾ ਮਾਲਕ ਸੀ। ਜਰਨੈਲ ਗਫ ਦੀ ਰਾਇ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਾਰੇ ਘਰਾਣੇ ਵਿਚ ਜੇ ਕੋਈ ਸਿੱਖ ਰਾਜ ਨੂੰ ਸੰਭਾਲਣ ਦੀ ਯੋਗਤਾ ਰੱਖਦਾ ਸੀ ਤਾਂ ਉਹ ਨੌਜੁਆਨ ਨੌਨਿਹਾਲ ਸਿੰਘ ਸੀ। ਉਹ ਖ਼ਾਸ ਫ਼ਜ਼ੀਲਤ ਤੇ ਬੜੀ ਭਾਰੀ ਲਿਆਕਤ ਦਾ ਮਾਲਕ ਸੀ।[1]

ਮੁੱਕਦੀ ਗੱਲ ਇਹ, ਕਿ ਮਹਾਰਾਜਾ ਨੌਨਿਹਾਲ ਸਿੰਘ ਦੀ ਹਸਤੀ ਸੰਸਾਰ ਦੇ ਵੱਡੇ ਪੁਰਖਾਂ ਵਰਗੀ ਸੀ, ਪਰ ਅਫ਼ਸੋਸ ਕਿ ਉਹ ਖ਼ਾਲਸਾ ਰਾਜ ਦੇ ਵੈਰੀਆਂ ਦੀ ਖ਼ੁਦ-ਗ਼ਰਜ਼ੀ ਦਾ ਸ਼ਿਕਾਰ ਹੋ ਗਈ ਅਤੇ ਖ਼ਾਲਸਾ ਇਹ ਬਹੁਮੁੱਲਾ ਹੀਰਾ ਆਪਣੇ ਹੱਥੋਂ ਖੋਹ ਬੈਠਾ।

ਸਰ ਹੈਨਰੀ ਫ਼ੇਨ ਸੰਨ ੧੮੩੭ ਵਿਚ ਜਦ ਸ਼ਹਿਜ਼ਾਦਾ ਨੌਨਿਹਾਲ ਸਿੰਘ ਦੇ ਵਿਆਹ 'ਤੇ ਅੰਮ੍ਰਿਤਸਰ ਆਇਆ ਸੀ ਤਾਂ ਇਸ ਸ਼ਹਿਜ਼ਾਦੇ ਦੀ ਰਹਿਣੀ ਬਹਿਣੀ ਦੇਖ ਕੇ ਆਪ ਲਈ ਬੜੀ ਉੱਚੀ ਰਾਇ ਕਾਇਮ ਕੀਤੀ, ਆਪ ਆਪਣੀ ਪੁਸਤਕ ਵਿਚ ਲਿਖਦਾ ਹੈ ਕਿ ਨੌਨਿਹਾਲ ਸਿੰਘ ਬੜਾ ਹੀ ਸਿਆਣਾ ਅਤੇ ਉੱਚ ਆਚਰਨ ਦਾ ਨੌਜੁਆਨ ਸੀ[2]।

ਜਿੱਥੇ ਉਹ ਬਹਾਦਰ ਜਰਨੈਲ ਸੀ ਉਥੇ ਉਹ ਕਾਮਯਾਬ ਪ੍ਰਬੰਧਕ ਵੀ ਸੀ। ਸੰਨ ੧੮੩੪ ਤੋਂ ਲੈ ਕੇ ਕਈ ਸਾਲਾਂ ਤਕ ਆਪ ਪਿਸ਼ਾਵਰ ਵਰਗੇ ਖ਼ੁਦਸਰ ਤੇ ਖ਼ੂਨ ਖਵਾਰ ਇਲਾਕੇ ਦੇ ਨਾਇਬ ਗਵਰਨਰ ਰਹੇ, ਜਿਸ ਵਿਚ ਆਪ ਨੂੰ ਪੂਰੀ ਸੋਲਾਂ ਆਨੇ ਕਾਮਯਾਬੀ ਹੋਈ। ਇਸ ਬਾਬਤ ਮਿਸਟਰ ਕਾਲੀ ਰਾਇ ਆਪਣੀ ਪੁਸਤਕ 'ਸ਼ੇਰੇ ਪੰਜਾਬ' ਦੇ ਸਫ਼ਾ ੨੯੭ 'ਤੇ ਲਿਖਦਾ ਹੈ : 'ਸ਼ਹਿਜ਼ਾਦਾ ਨੌਨਿਹਾਲ ਸਿੰਘ ਪਿਸ਼ਾਵਰ ਦਾ ਬੜਾ ਕਾਬਿਲ ਤੇ ਕਾਮਯਾਬ ਗਵਰਨਰ ਸੀ।'

ਸ਼ਹਿਜ਼ਾਦਾ ਨੌਨਿਹਾਲ ਸਿੰਘ ਖਾਲਸਾ ਧਰਮ ਵਿਚ ਬੜਾ ਹੀ ਤਿਆਰ ਬਰ-ਤਿਆਰ ਸੀ। ਗੁਰਦੁਆਰਿਆਂ ਦੀ ਟਹਿਲ ਕਰਵਾਉਣੀ ਤੇ ਇਨ੍ਹਾਂ

1. ਦੀ ਸਿਖਜ਼ ਐਂਡ ਸਿਖ ਵਾਰਜ਼—ਪੰਨਾ ੫੦।
2. ਫ਼ਾਈਵ ਈਅਰਜ਼ ਇਨ ਇੰਡੀਆਂ—ਫੈਨ, ਪੰਨਾ ੧੪੧-੧੭੧।

ਨਾਲ ਪੱਕੀਆਂ ਜਾਗੀਰਾਂ ਲਾਉਣੀਆਂ ਆਪਣੇ ਜੀਵਨ ਦਾ ਮੁੱਖ ਮੰਤਵ ਸਮਝਦਾ ਸੀ। ਸੰਨ ੧੮੩੪ ਵਿਚ ਜਦ ਆਪ ਪਿਸ਼ਾਵਰ ਦੇ ਹਾਕਮ ਬਣੇ ਤਾਂ ਆਪ ਨੇ ਇਲਾਕਾ ਯੂਸਫ਼ੀ ਦਾ ਪਹਿਲਾ ਦੌਰਾ ਕੀਤਾ! ਇਸ ਵਕਤ ਆਪ ਬਾਬਾ ਫੂਲਾ ਸਿੰਘ ਜੀ ਅਕਾਲੀ ਖ਼ਾਲਸਾ ਕੌਮ ਦੇ ਮਾਣ ਯੋਗ ਸ਼ਹੀਦ ਦੀ ਸਮਾਧ 'ਤੇ ਪਹੁੰਚੇ ਤਾਂ ਉਸ ਜਾਗੀਰ ਨੂੰ ਚੂਣਾ ਹੋਰ ਵਧਾ ਦਿੱਤਾ, ਜਿਹੜੀ ਸੰਨ ੧੮੨੩ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਇਸ ਸਮਾਧ ਨਾਲ ਲਾਈ ਸੀ। ਸਮਾਧ ਦੇ ਅਕਾਲੀ ਸਿੰਘਾਂ ਦੇ ਉਸ ਜਥੇ ਦੀ ਸੇਵਾ ਤੇ ਲੰਗਰ ਆਦਿ ਦੇ ਪ੍ਰਬੰਧ ਨੂੰ ਦੇਖ ਕੇ—ਜੋ ਸਮਾਧ 'ਤੇ ਰਹਿੰਦੇ ਸਨ—ਪ੍ਰਸੰਨ ਹੋਏ ਅਤੇ ਉਨ੍ਹਾਂ ਦੇ ਹੌਂਸਲਿਆਂ ਨੂੰ ਵਧਾਉਣ ਲਈ ਭਾਰੀ ਗੱਫਾ ਲੰਗਰ ਲਈ ਭੇਟਾ ਕੀਤਾ[1]।

ਸੰਨ ੧੮੩੯ ਵਿਚ ਜਦ ਸ਼ਹਿਜ਼ਾਦਾ ਨੌਨਿਹਾਲ ਸਿੰਘ ਕਾਬਲ ਉੱਪਰ ਚੜ੍ਹਾਈ ਲਈ ਜਾਣ ਲੱਗਾ ਤਾਂ ਕੁਝ ਦਿਨ ਪਹਿਲਾਂ ਸ੍ਰੀ ਤਰਨਤਾਰਨ ਸਾਹਿਬ ਜੀ ਦੇ ਗੁਰਦੁਆਰੇ ਦੇ ਦਰਸ਼ਨ ਲਈ ਗਿਆ।

ਸ੍ਰੀ ਤਰਨਤਾਰਨ ਸਾਹਿਬ ਜੀ ਦੇ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕੀਤਾ। ਗੁਰੂ ਘਰ ਦੀ ਮਰਯਾਦਾ ਸੰਯੁਕਤ ਪਰਸ਼ਾਦ ਆਦਿ ਸੱਚੇ ਪਾਤਸ਼ਾਹ ਜੀ ਦੇ ਦਰ 'ਤੇ ਹਾਜ਼ਰ ਕੀਤਾ, ਅਰਦਾਸਾ ਸੁਧਾਇਆ ਤੇ ਹੁਣ ਆਪ ਪਾਵਨ ਸਰੋਵਰ ਦੀ ਵੱਡੀ ਪ੍ਰਕਰਮਾਂ ਕਰਨ ਲੱਗੇ। ਕਹਿੰਦੇ ਹਨ ਕਿ ਆਪ ਜੀ ਇਕ ਬਾਹੀ ਦੀ ਪ੍ਰਕਰਮਾਂ ਕਰਦੇ ਹੋਏ ਇਕਾ ਇਕ ਖਲੋ ਗਏ ਤੇ ਆਖਣ ਲਗੇ ਕਿ ਕਿਤਨਾ ਚੰਗਾ ਹੋਵੇ ਜੋ ਸੱਚੇ ਪਾਤਸ਼ਾਹ ਜੀ ਦੇ ਘਰ ਦੀ ਵੱਡੀ ਪ੍ਰਕਰਮਾ ਦੀ ਚੌਹਾਂ ਗੁੱਠਾਂ 'ਤੇ ਬੜੇ ਉੱਚੇ ਚਾਰ ਮੀਨਾਰ ਬਣਾਏ ਜਾਣ ਜਿਸ ਨਾਲ ਪ੍ਰਕਰਮਾ ਦਾ ਸੁਹੱਪਣ ਹੋਰ ਵਧ ਜਾਏ, ਅਤੇ ਇਹ ਸੇਵਾ ਦਾਸ ਆਪਣੇ ਆਪ ਨੂੰ ਵੱਡਭਾਗੀ ਜਾਣ ਕੇ ਆਪਣੀ ਜ਼ਾਤੀ ਜਾਗੀਰ ਦੀ ਆਮਦਨ ਵਿਚੋਂ ਕਰਵਾਏਗਾ। ਲਿਖਿਆ ਹੈ ਕਿ ਇਕ ਭਾਰੀ ਰਕਮ ਇਸ ਸੇਵਾ ਲਈ ਆਪ ਨੇ ਉਥੇ ਹੀ ਅਰਦਾਸ ਕਰਾ ਦਿੱਤੀ ਤੇ ਬੁਰਜ ਬਨਾਉਣ ਦਾ ਕੰਮ ਆਰੰਭ ਹੋ ਗਿਆ। ਚਵ੍ਹਾਂ ਵਿਚੋਂ ਇਕ ਬੁਰਜ ਤਿਆਰ ਵੀ ਹੋ ਗਿਆ ਤੇ

1. ਮੇਰਾ ਰਚਿਤ ਜੀਵਨ ਬ੍ਰਿਤਾਂਤ 'ਬਾਬਾ ਫੂਲਾ ਸਿੰਘ ਅਕਾਲੀ'—ਪੰਨਾ ੧੮੧।

ਦੂਜੇ ਦੀ ਨੀਂਹ ਆਦਿ ਭਰੀ ਕੇ ਕੁਝ ਕੁ ਉਸਾਰੀ ਦਾ ਕੰਮ ਹੋ ਰਿਹਾ ਸੀ ਕਿ ਇਕਾ ਇਕ ੫ ਨਵੰਬਰ ੧੮੪੦ ਦੀ ਭਿਆਨਕ ਘਟਨਾ ਪੇਸ਼ ਆਈ, ਜਿਸ ਕਰਕੇ ਇਹ ਕੰਮ ਉਥੇ ਦਾ ਉਥੇ ਹੀ ਅਧੂਰਾ ਰਹਿ ਗਿਆ।

ਆਪ ਜੀ ਦਾ ਗੁਰ-ਚਰਨਾਂ ਪਰ ਸਿਦਕ ਤੇ ਪੰਥਕ ਪਿਆਰ ਦਾ ਅੰਦਾਜ਼ਾ ਆਪ ਦੇ ਦਸਖ਼ਤੀ ਫ਼ਰਮਾਨਾਂ ਤੇ ਲਿਖਤਾਂ ਤੋਂ ਸੌਖਾ ਹੀ ਹੋ ਸਕਦਾ ਹੈ, ਜੋ ਇਸ ਵਕਤ ਤੱਕ ਕਈਆਂ ਥਾਵਾਂ 'ਤੇ ਮੌਜੂਦ ਹਨ, ਅਤੇ ਲੇਖਕ ਨੂੰ ਉਨ੍ਹਾਂ ਦੇ ਪੜ੍ਹਨ ਦਾ ਸਮਾਂ ਮਿਲਿਆ ਹੈ। ਆਪ ਦੇ ਸਮੇਂ ਦੀਆਂ ਇਹ ਲਿਖਤਾਂ ਸ਼ੁਰੂ ਹੀ ਇਨ੍ਹਾਂ ਸ਼ਬਦਾਂ ਨਾਲ ਹੁੰਦੀਆਂ ਹਨ :

'ਸ੍ਰੀ ਸਤਿਗੁਰ ਜੀ ! ਖ਼ਾਲਸੇ ਜੀ ਕਾ ਸਦਾ ਬੋਲ ਬਾਲਾ ਰਖੋ।' ਇਸ ਤੋਂ ਅੱਗੇ ਮਤਲਬ ਲਿਖਿਆ ਜਾਂਦਾ ਸੀ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਦੀ ਸਵਰਣ ਔਰ ਸੰਗ ਸਫ਼ੈਦ (ਸੰਗਮਰਮਰ) ਦੀ ਬਹੁਤ ਸਾਰੀ ਸੇਵਾ ਕਰਨ ਦੀ ਵਡਿਆਈ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੋਂ ਆਪ ਨੂੰ ਹੀ ਮਿਲੀ ਸੀ। ਇਸ ਬਦਲੇ ਉਹ ਸਦਾ ਹੀ ਕਹਿੰਦਾ ਹੁੰਦਾ ਸੀ ਕਿ ਮੇਰੇ ਬੜੇ ਵੱਡੇ ਭਾਗ ਹਨ ਕਿ ਸਤਿਗੁਰੂ ਜੀ ਨੇ ਮੇਰੇ 'ਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਮੈਨੂੰ ਇਸ ਸੇਵਾ ਦਾ ਮਾਣ ਬਖਸ਼ਿਆ ਹੈ।

ਇਕ ਦਿਨ ਭਾਈ ਸਾਹਿਬ ਭਾਈ ਗੁਰਮੁਖ ਸਿੰਘ ਜੀ ਨੇ ਮਹਾਰਾਜਾ ਨੌਨਿਹਾਲ ਸਿੰਘ ਨੂੰ ਆ ਕੇ ਰੀਪੋਰਟ ਦਿੱਤੀ ਕਿ ਜੋ ਸੇਵਾ ਸ਼੍ਰੀ ਦਰਬਾਰ ਸਾਹਿਬ ਜੀ ਦੀ ਆਪ ਨੇ ਦੱਸੀ ਸੀ ਸੋ ਸੰਪੂਰਣ ਹੋ ਗਈ ਹੈ ਤੇ ਸੰਗਤ ਦੀ ਇੱਛਾ ਹੈ ਕਿ ਇਸ ਸੇਵਾ ਦੀ ਯਾਦਾਸ਼ਤ ਲਈ ਇਕ ਸ਼ਿਲਾਲੇਖ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਵਾਜ਼ੇ 'ਤੇ ਲਗਾਇਆ ਜਾਵੇ ਤਾਂ ਕਿ ਆਉਣ ਵਾਲੀ ਸੰਤਾਨ ਲਈ ਇਹ ਇਕ ਉੱਤਮ ਨਮੂਨਾ ਬਣ ਜਾਏ ਤੇ ਸੰਗਤਾਂ ਦਾ ਉਤਸ਼ਾਹ ਗੁਰੂ ਘਰ ਦੀ ਸੇਵਾ ਲਈ ਇਸੇ ਤਰ੍ਹਾਂ ਬਣਿਆ ਰਹੇ। ਕਿਹਾ ਜਾਂਦਾ ਹੈ ਕਿ ਪਹਿਲਾਂ ਤਾਂ ਆਪ ਨੇ ਆਪਣੇ ਦਾਦਾ ਜੀ ਦੀ ਤਰ੍ਹਾਂ ਆਪਣਾ ਨਾਮ ਪੱਥਰ 'ਤੇ ਲਿਖਾਉਣ ਤੋਂ ਨਾਂਹ ਕਰ ਦਿੱਤੀ ਪਰ ਜਦ ਆਪ ਨੂੰ ਦੱਸਿਆ ਗਿਆ ਕਿ ਇਹ ਸੰਗਤ ਦੀ ਮੰਗ ਹੈ ਤਾਂ ਮਸਾਂ ਕਿਤੇ ਆਪ ਨੇ ਆਗਿਆ ਦਿੱਤੀ, ਪਰ ਨਾਲ ਹੀ ਇਸ ਗੱਲ ਦੀ ਤਾਕੀਦ ਕਰ ਦਿੱਤੀ, ਕਿ ਜੋ ਕੁਝ

ਲਿਖੋ ਬੜਾ ਨਿਮ੍ਰਤਾ ਭਾਵ ਵਾਲਾ ਹੋਵੇ। ਭਾਈ ਸਾਹਿਬ ਜੀ ਨੇ ਇਕ ਵੱਡੀ ਪੱਥਰ ਸਿਲਾ ਪਰ ਤਿੰਨ ਟੁਕੜੀਆਂ ਬਣਵਾਈਆਂ, ਜਿਨ੍ਹਾਂ ਵਿਚੋਂ ਦਰਮਿਆਨੀ ਟੁਕੜੀ ਵਿਚ ਮਹਾਰਾਜਾ ਜੀ ਦੀ ਮਰਜ਼ੀ ਅਨੁਸਾਰ ਖ਼ਾਲਸੇ ਦਾ ਮੂਲ ਮੰਤ੍ਰ ਤੇ ਉਸੇ ਸਮੇਂ ਦੇ ਬੋਲਾਂ ਵਿਚ ਦਰਜ ਕਰਾਇਆ ਜੋ ਇਸ ਤਰ੍ਹਾਂ ਹੈ :

ਸੇਵਾ ਸ਼੍ਰੀ ਗੁਰੂ ਰਾਮ ਦਾਸ ਜੀ ਕੀ ਸ੍ਵਰਣ ਕੀ ਅਰ ਸੰਗ-ਸੁਫੈਦ ਕੀ ਬਡ-ਭਾਗੀ ਜਾਣ ਕੇ ਸ੍ਰੀ ਮਹਾਰਾਜਾ ਰਣਜੀਤ ਸਿੰਘ ਜੀ ਸੇਂ ਕਰਵਾਈ ਮਾਰਫ਼ਤ ਸ੍ਰੀ ਭਾਈ ਸੰਤ ਸਿੰਘ ਗਿਆਨੀ ਜੀ ਕੀ	੧ੳ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ॥ ਸ੍ਰੀ ਸਤਿਗੁਰ ਜੀ ਖ਼ਾਲਸੇ ਜੀ ਕਾ ਸਦਾ ਬੋਲ ਬਾਲਾ ਰਖੋ॥	ਸਤਿਗੁਰ ਜੀ ਕੀ ਕ੍ਰਿਪਾ ਕਰ ਰਾਜ਼ਸਾਜ਼ ਸ੍ਰੀ ਮਹਾਰਾਜਾ ਖੜਕ ਸਿੰਘ ਜੀ ਅਰ ਕਵਰ ਸ੍ਰੀ ਨੌਨਿਹਾਲ ਸਿੰਘ ਜੀ ਕੋ ਭਯਾ ਤਿਨੋਂ ਨੇ ਹਿਤਕਰ ਭਾਗਯ ਜਾਣ ਕਰ ਸੇਵਾ ਕਰੀ ੧੮੯੬

ਅਵਗੁਣ

ਆਪ ਹੈਰਾਨ ਹੋਵੋਗੇ ਕਿ ਮਹਾਰਾਜਾ ਨੌਨਿਹਾਲ ਸਿੰਘ ਇੰਨੇ ਗੁਣਾਂ ਦਾ ਮਾਲਕ ਹੁੰਦਾ ਹੋਇਆ ਕਿਸ ਤਰ੍ਹਾਂ ਅਪ-ਸੁਆਰਥੀਆਂ ਦੇ ਧੋਖੇ ਵਿਚ ਫਸ ਗਿਆ, ਜਦ ਕਿ ਸਾਰੇ ਇਤਿਹਾਸਕਾਰ ਇਸ ਨੁਕਤੇ 'ਤੇ ਸਹਿਮਤ ਹਨ ਕਿ ਉਸ ਵਿਚ ਉਹ ਸਾਰੇ ਗੁਣ ਮੌਜੂਦ ਸਨ, ਜੋ ਉਸ ਸਮੇਂ ਕਿਸੇ ਕਾਮਯਾਬ ਹੁਕਮਰਾਨ ਲਈ ਲੋੜੀਂਦੇ ਸਨ, ਪਰ ਅਸੀਂ ਇਸ ਗੱਲ ਦੇ ਮੰਨਣ ਲਈ ਤਿਆਰ ਨਹੀਂ ਕਿ ਉਹ ਮਨੁੱਖੀ ਕਮਜ਼ੋਰੀਆਂ ਤੋਂ ਸੁਤੰਤਰ ਸੀ। ਉਸ ਦੇ ਜੀਵਨ ਨੂੰ ਖੋਜੀ ਨਿਗਾਹ ਨਾਲ ਪੜਤਾਲਿਆਂ ਉਸ ਦੀਆਂ ਕਈ ਕਮੀਆਂ ਅੱਖਾਂ ਅੱਗੇ ਆ ਖਲੋਂਦੀਆਂ ਹਨ, ਜਿਨ੍ਹਾਂ ਵਿਚੋਂ ਸਭ ਤੋਂ ਉੱਘੀ ਕਮਜ਼ੋਰੀ ਉਸ ਵਿਚ ਇਹ ਸੀ ਕਿ ਕੋਈ ਆਕੇ ਸਭ ਤੋਂ ਪਹਿਲਾਂ ਜੋ ਕੁਝ ਉਸ ਦੇ ਕੰਨ ਵਿਚ ਆਖ ਦੇਵੇ, ਉਸ ਨੂੰ ਉਹ ਬਿਨਾਂ ਪੜਤਾਲਿਆਂ ਪੱਥਰ ਦੀ ਲਕੀਰ ਸਮਝ ਲੈਂਦਾ ਸੀ। ਅਜਿਹਾ ਸੁਭਾਅ ਰੱਖਣ ਵਾਲੇ ਖ਼ੁਦ ਮੁਖ਼ਤਿਆਰ ਹੁਕਮਰਾਨ ਨੂੰ ਸੁਆਰਥੀ ਲੋਕ ਭਿਆਨਕ ਤੋਂ ਭਿਆਨਕ ਧੋਖਾ ਸੌਖਾ ਹੀ ਦੇ ਸਕਦੇ ਹਨ।

ਵਜ਼ੀਰੇ ਆਜ਼ਮ ਇਸ ਦੀ ਇਸ ਕਮਜ਼ੋਰੀ ਤੋਂ ਪੂਰੀ ਤਰ੍ਹਾਂ ਜਾਣੂ ਸੀ। ਜਿਸ ਵਕਤ ਉਸ ਨੇ ਆਪਣੇ ਸੁਆਰਥ ਲਈ ਨੌਨਿਹਾਲ ਨੂੰ ਆਪਣਾ ਹਥਿਆਰ ਬਨਾਉਣਾ ਚਾਹਿਆ, ਉਦੋਂ ਉਸਨੇ ਮਹਾਰਾਜਾ ਦੀ ਇਸੇ ਕਮਜ਼ੋਰੀ ਤੋਂ ਲਾਭ ਉਠਾਇਆ ਸੀ, ਅਰਥਾਤ ਜਦ ਸਰਦਾਰ ਚੇਤ ਸਿੰਘ ਦਾ ਰਸੂਖ਼ ਧਿਆਨ ਸਿੰਘ ਨੇ ਮਹਾਰਾਜਾ ਖੜਕ ਸਿੰਘ ਕੋਲ ਆਪਣੇ ਨਾਲੋਂ ਵੀ ਵੱਧਦਾ ਡਿੱਠਾ ਤਾਂ ਉਹ ਈਰਖਾ ਦੀ ਅੱਗ ਵਿਚ ਸੜ ਕੇ ਅੱਗ ਭਬੋਲਾ ਹੋ ਗਿਆ। ਉਸ ਸਮੇਂ ਧਿਆਨ ਸਿੰਘ ਨੇ ਝੱਟ ਆਪਣੇ ਵੱਡੇ ਭਾਈ ਗੁਲਾਬ ਸਿੰਘ ਦੀ ਰਾਹੀਂ ਸ਼ਹਿਜ਼ਾਦੇ ਦੇ ਕੰਨ ਤੀਕ ਇਹ ਨਿਰਮੂਲ ਖ਼ਬਰ ਪਹੁੰਚਾ ਦਿੱਤੀ ਕਿ ਸਰਦਾਰ ਚੇਤ ਸਿੰਘ ਨੇ ਮਹਾਰਾਜਾ ਖੜਕ ਸਿੰਘ ਨੂੰ ਇਹ ਸਲਾਹ ਦਿੱਤੀ ਹੈ

ਕਿ ਉਹ ਉਹ ਖ਼ਾਲਸਾ ਰਾਜ ਫ਼ਰੰਗੀਆਂ ਦੇ ਹਵਾਲੇ ਕਰ ਦੇਵੇ ਤੇ ਆਪ ਬੇ-ਚਿੰਤ ਹੋ ਕੇ ਆਪਣਾ ਸੁਖੀ ਜੀਵਨ ਗੁਜ਼ਾਰੇ। ਬਸ ਫਿਰ ਕੀ ਸੀ, ਬਿਨਾਂ ਖੋਜ ਪੜਤਾਲ ਦੇ ਸ਼ਹਿਜ਼ਾਦੇ ਨੇ ਇਨ੍ਹਾਂ ਦੇ ਕਹਿਣ ਨੂੰ 'ਆਕਾਸ਼ਬਾਣੀ' ਸਮਝ ਕੇ ਉਹ ਖ਼ਤਰਨਾਕ ਧੋਖਾ ਖਾਧਾ ਜਿਸ ਦਾ ਸ਼ਿਕਾਰ ਨਾ ਕੇਵਲ ਬੇਦੋਸ਼ਾ ਚੇਤ ਸਿੰਘ ਹੀ ਬਣਿਆ, ਬਲਕਿ ਉਸ ਤੋਂ ਉਸ ਦਾ ਧਰਮੀ ਪਿਤਾ ਮਹਾਰਾਜਾ ਖੜਕ ਸਿੰਘ ਤੇ ਉਹ ਆਪ (ਨੌਨਿਹਾਲ ਸਿੰਘ) ਭੀ ਨਾ ਬਚ ਸਕਿਆ। ਜੇ ਕਦੇ ਸ਼ਹਿਜਾਦਾ ਉਨ੍ਹਾਂ ਦੇ ਕਹਿਣ ਨੂੰ ਜ਼ਰਾ ਵੀ ਠੰਡੇ ਦਿਲ ਨਾਲ ਵਿਚਾਰਦਾ ਤਾਂ ਸਾਰਾ ਪਾਜ ਉਘੜ ਕੇ ਉਸ ਦੇ ਸਾਹਮਣੇ ਆ ਜਾਂਦਾ ਤੇ ਉਹ ਤਬਾਹੀ ਜਿਸ ਨੂੰ ਅੱਜ ਵੀ ਸੁਣਨ ਨਾਲ ਲੂੰ ਕੰਡੇ ਖੜੇ ਹੁੰਦੇ ਹਨ, ਕਦੇ ਵੀ ਨਾ ਹੋ ਪਾਉਂਦੀ। ਪਰ ਨਹੀਂ ਉਸ ਨੇ ਅਜਿਹਾ ਨਹੀਂ ਕੀਤਾ, ਉਹ ਇਸ ਤ੍ਰਾਣ ਦੇ ਭਰੋਸੇ ਰਿਹਾ ਕਿ ਐਸਾ ਕਿਹੜਾ ਜੰਮਿਆ ਹੈ ਜਿਹੜਾ ਮੇਰੇ ਸਾਹਮਣੇ ਵੀ ਝੂਠ ਬੋਲਣ ਦਾ ਹੌਸਲਾ ਕਰ ਸਕਦਾ ਹੈ ? ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸ਼ਹਿਜ਼ਾਦਾ ਆਪਣਾ ਸਰਬੰਸ ਗੁਆ ਬੈਠਾ।

ਇਕ ਹੋਰ ਕਮਜ਼ੋਰੀ ਜੋ ਇਸ ਉਮਰ ਵਿਚ ਆਮ ਪਾਈ ਜਾਂਦੀ ਹੈ ਉਹ ਸੁਭਾਵ ਦੀ ਤੇਜ਼ੀ ਹੈ, ਇਸ ਦੇ ਪ੍ਰਭਾਵ ਤੋਂ ਇਹ ਨੌਜਵਾਨ ਵੀ ਬਚਿਆ ਹੋਇਆ ਨਹੀਂ ਸੀ। ਜਵਾਨੀ ਦੇ ਜੋਸ਼ ਦੇ ਕਾਰਨ ਆਪ ਜੀ ਦੀ ਤਬੀਅਤ ਵਿਚ ਲੋੜ ਤੋਂ ਵਧ ਤੇਜ਼ੀ ਸੀ। ਕਦੀ-ਕਦੀ ਆਪ ਨਿੱਕੀ ਜਿਹੀ ਗੱਲ ਤੋਂ ਭੜਕ ਕੇ ਇੰਨੇ ਤੈਸ਼ ਵਿਚ ਆ ਜਾਂਦੇ ਸੀ ਕਿ ਜਿਸ ਦਾ ਕੋਈ ਹੱਦ ਬੰਨਾ ਨਾ ਰਹਿੰਦਾ। ਸੰਨ ੧੮੪੦ ਦੀਆਂ ਗਰਮੀਆਂ ਦਾ ਜ਼ਿਕਰ ਹੈ ਕਿ ਇਕਾ-ਇਕ ਲਾਹੌਰ ਦਰਬਾਰ ਵਿਚ ਇਹ ਬੇ-ਬੁਨਿਆਦ ਖ਼ਬਰ ਉੱਡਦੀ ਹੋਈ ਪਹੁੰਚੀ ਕਿ ਅੰਗਰੇਜ਼ ਤੇ ਅਫ਼ਗਾਨ ਇਸ ਗੱਲ 'ਤੇ ਵਿਚਾਰ ਕਰ ਰਹੇ ਹਨ ਕਿ ਅਟਕ ਤੋਂ ਪਹਿਲਾਂ ਇਲਾਕਾ ਖ਼ਾਲਸਾ ਰਾਜ ਨਾਲੋਂ ਅੱਡ ਕਰਕੇ ਅਫ਼ਗਾਨਾਂ ਨੂੰ ਮੁੜ ਦਿਵਾ ਦਿੱਤਾ ਜਾਏ ਤੇ ਇਸ ਦੇ ਬਦਲੇ ਅਫ਼ਗਾਨ ਸਿੰਧ ਦਾ ਸਾਰਾ ਪਰਗਣਾ ਅੰਗਰੇਜ਼ਾਂ ਦੇ ਹਵਾਲੇ ਕਰ ਦੇਣ। ਇਸ ਅਫ਼ਵਾਹ ਦੇ ਸੁਣਦੇ ਸਾਰ ਮਹਾਰਾਜਾ ਨੌਨਿਹਾਲ ਸਿੰਘ ਨੇ ਝਟ ਫੌਜ ਨੂੰ—ਤਿਆਰ ਹੋ ਕੇ ਲਾਹੌਰ ਦੇ ਲਾਗੇ ਇਕੱਠੇ ਹੋਣ ਦਾ—ਹੁਕਮ ਦੇ ਦਿੱਤਾ, ਤਾਂ ਜੋ ਅੰਗਰੇਜ਼ੀ ਇਲਾਕੇ 'ਤੇ ਧਾਵਾ ਬੋਲ ਦਿੱਤਾ ਜਾਏ। ਅਫ਼ਵਾਹ ਜੰਗਲ ਦੀ ਅੱਗ ਦੀ ਤਰ੍ਹਾਂ ਸਾਰੇ ਦੇਸ਼ ਵਿਚ ਪਸਰ

ਗਈ ਅਤੇ ਅੰਗਰੇਜ਼ੀ ਕਰਮਚਾਰੀਆਂ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਵਿਚ ਬੜੀ ਹਫੜਾ ਦਫੜੀ ਖਿਲਰ ਗਈ, ਪਰ ਉਨ੍ਹਾਂ ਦੀ ਦੂਰ ਦੀ ਸੋਚ ਤੇ ਠੰਡੀ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਇਸ ਗ਼ਲਤ-ਫ਼ਹਿਮੀ ਦੇ ਬੱਦਲ ਝਬਦੇ ਹੀ ਛਿੰਨ ਭੰਗਰ ਹੋ ਗਏ। ਸ਼ਾਇਦ ਇਹੀ ਕਾਰਨ ਸਨ ਕਿ ਉਸ ਸਮੇਂ ਕੁਝ ਕੁ ਐਸੇ ਲੋਕ ਵੀ ਸਨ ਜੋ ਲਾਹੌਰ ਦਰਬਾਰ ਦੇ ਦੁਫਾੜ ਤੇ ਮਹਾਰਾਜਾ ਨੌਨਿਹਾਲ ਸਿੰਘ ਦੇ ਵਿਰੁੱਧ ਗੋਂਦਾਂ ਗੁੰਦੀਆਂ ਜਾਣ ਵਿਚ, ਅਫ਼ਗ਼ਾਨਾਂ ਜਾਂ ਅੰਗਰੇਜ਼ਾਂ ਦੇ ਹੱਥ ਦੇ ਹੋਣ ਦਾ ਵੀ ਸ਼ੱਕ ਕਰਦੇ ਸਨ, ਪਰ ਇਹ ਖ਼ਿਆਲ ਉਸ ਸਮੇਂ ਦੇ ਵਾਕਿਆਤ ਪਰਖਿਆਂ ਸਚਾਈ ਤੋਂ ਬਹੁਤ ਦੂਰ ਦੇ ਹਨ।

ਹਕੀਕਤ ਵਿਚ ਜਿਹਾ ਕਿ ਪਾਠਕ ਉੱਪਰ ਪੜ੍ਹ ਆਏ ਹਨ ਕਿ ਇਨ੍ਹਾਂ ਸਾਰੇ ਅਤਿਆਚਾਰਾਂ ਹੇਠ ਧਿਆਨ ਸਿੰਘ ਦਾ ਉਹ ਜ਼ਾਤੀ ਲਾਲਚ ਕੰਮ ਕਰਦਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਉਹ ਯੋਗ ਸਮਾਂ ਪੈਦਾ ਕਰ ਲਵੇ ਜਦ ਕਿ ਉਹ ਪੰਜਾਬ ਦਾ ਰਾਜ ਆਪਣੇ ਲਾਡਲੇ ਪੁੱਤਰ ਹੀਰਾ ਸਿੰਘ ਨੂੰ ਦਿਵਾ ਸਕੇ। ਇਹ ਧਰੋਹ ਤੇ ਸਾਰੇ ਖ਼ੂਨ ਖ਼ਰਾਬੇ ਉਸ ਨੇ ਇਸੇ ਹਿਰਸ ਦੇ ਪੂਰਾ ਕਰਨ ਲਈ ਕੀਤੇ।

ਧਿਆਨ ਸਿੰਘ ਦੇ ਇਨ੍ਹਾਂ ਸਾਰਿਆਂ ਛਲ ਕਪਟਾਂ ਦੀ ਇਕ ਬੜੀ ਭਾਵ ਪੂਰਤ ਕਵਿਤਾ (ਚੌਪਾਈ) ਪੰਡਤ ਸ਼ਰਧਾ ਰਾਮ ਫ਼ਿਲੌਰੀਏ ਨੇ ਆਪਣੀ ਰਚਿਤ ਪੁਸਤਕ "ਸਿੱਖਾਂ ਦੇ ਰਾਜ ਦੀ ਵਿਥਿਆ" ਵਿਚ ਲਿਖੀ ਹੈ, ਜਿਸ ਤੋਂ ਉਸ ਦੇ ਜੀਵਨ ਦਾ ਬਹੁਤ ਸਾਰਾ ਭਾਗ ਅਸਲ ਰੂਪ ਵਿਚ ਸਿੱਖਾਂ ਦੇ ਸਾਹਮਣੇ ਆ ਖੜੋਂਦਾ ਹੈ, ਉਸ ਨੂੰ ਅਸੀਂ ਇਨਬਿਨ ਅੱਗੇ ਦੇਂਦੇ ਹਾਂ :

ਚੌਪਈ

ਏਹ ਜੋ ਧਿਆਨ ਸਿੰਘ ਸਰਦਾਰ।
ਧ੍ਰੋਹੀ ਪਾਪੀ ਅਰ ਬਦਕਾਰ॥
ਇਸ ਨੇ ਬਹੁਤ ਧ੍ਰੋਹ ਸੋ ਕਰੇ।
ਬਹੁਤੇ ਇਸ ਦੇ ਹੱਥੋਂ ਮਰੇ॥
ਇਸਦੇ ਜਿਹਾ ਨ ਕਪਟੀ ਕੋਈ।
ਮਹਾਂ ਛਲੀ ਬਣ ਉਮਰਾ ਖੋਈ॥
ਦੇਖੋ ਇਸਨੇ ਕਿਤਨੇ ਮਾਰੇ।
ਛਲ ਬਲ ਕਰਕੇ ਰਿਹਾ ਕਿਨਾਰੇ॥
ਨੌਨਿਹਾਲ ਸਿੰਘ ਇਸ ਨੇ ਮਾਰਾ।
ਫਿਰ ਮਾਤਾ ਵਿਚ ਝਗਰਾ ਡਾਰਾ॥
ਸ਼ੇਰ ਸਿੰਘ ਦਾ ਮਿੱਤਰ ਹੋਇਆ।
ਚੇਤ ਸਿੰਘ ਦਾ ਸਿਰ ਇਨ ਖੋਇਆ॥
ਹੁਣ ਇਸ ਸ਼ੇਰ ਸਿੰਘ ਦੇ ਲਈ।
ਦਾਵ ਘਾਵ ਕੀਤੇ ਸੀ ਕਈ॥
ਫਿਰ ਇਨ ਸੰਧਾਵਾਲੀਏ ਸਾਰੇ।
ਭੂਹੇ ਕੀਤੇ ਇਸ ਹਤਿਆਰੇ॥
ਉਨੀ ਜੋ ਸ਼ੇਰ ਸਿੰਘ ਨੂੰ ਮਾਰਾ।
ਇਸ ਦੁਸ਼ਟ ਦਾ ਸਵ ਵਰਤਾਰਾ॥
ਇਸ ਨੇ ਬਹੁਤ ਪਾਪ ਕਮਾਏ।
ਕਈ ਲੋਕ ਇਨ ਮਾਰ ਗਵਾਏ॥
ਓੜਕ ਇਸ ਦੀ ਵਾਰੀ ਆਈ।
ਸਾਰੀ ਭੁੱਲ ਗਈ ਚਤੁਰਾਈ॥[1]

1. ਪੰਡਤ ਸਰਦੇ ਰਾਮ—ਸਿੱਖਾਂ ਦੇ ਰਾਜ ਦੀ ਵਿਥਿਆ—ਪੰਨਾ ੧੦੨।

ਇਹ ਸਾਰਾ ਪਾਜ ਇਥੇ ਪਹੁੰਚ ਕੇ ਵਧੇਰੇ ਖੁਲ੍ਹ ਜਾਂਦਾ ਹੈ ਜਦ ਅਸੀਂ ਦੇਖਦੇ ਹਾਂ ਕਿ ਮਹਾਰਾਜਾ ਨੌਨਿਹਾਲ ਸਿੰਘ ਦੀ ਮੌਤ ਦੇ ਤੀਜੇ ਦਿਨ ਜਿਹਾ ਕਿ ਪਾਠਕ ਪਿੱਛੇ ਪੜ੍ਹ ਆਏ ਹਨ, ਇਹ ਖ਼ਬਰ ਮਹਾਰਾਣੀ ਚੰਦ ਕੌਰ ਜੀ ਨੂੰ ਉਸ ਨੇ ਸੁਣਾਈ ਤਾਂ ਉਸ ਸਮੇਂ ਸਭ ਤੋਂ ਪਹਿਲੀ ਤਦਬੀਰ ਜੋ ਉਸ ਨੇ ਮਹਾਰਾਣੀ ਦੇ ਸਾਹਮਣੇ ਪੇਸ਼ ਕੀਤੀ ਉਹ ਇਹ ਸੀ ਕਿ ਮੀਆਂ ਹੀਰਾ ਸਿੰਘ ਨੂੰ ਮਹਾਰਾਣੀ ਆਪਣਾ ਮੁਤਬੰਨਾ (ਲੇ ਪਾਲਕ) ਬਣਾ ਕੇ ਉਸ ਦੀ ਸਰਪ੍ਰਸਤ ਬਣ ਕੇ ਪੰਜਾਬ ਦੇ ਤਖ਼ਤ 'ਤੇ ਬੈਠੇ।

ਇਸੇ ਹਿਰਸ ਨੂੰ ਪੂਰਾ ਕਰਨ ਲਈ ਹੀਰਾ ਸਿੰਘ ਤੇ ਉਸਦਾ ਚਾਚਾ ਗੁਲਾਬ ਸਿੰਘ ਮਹਾਰਾਣੀ ਚੰਦ ਕੌਰ ਦੇ ਧੜੇ ਵਲੋਂ ਕੌਰ ਸ਼ੇਰ ਸਿੰਘ ਦੇ ਟਾਕਰੇ 'ਤੇ ਐਸੀ ਲਹੂ ਡੋਹਲਵੀਂ ਲੜਾਈ ਲੜੇ ਕਿ ਸ਼ਹਿਜ਼ਾਦਾ ਸ਼ੇਰ ਸਿੰਘ ਦਾ ਕੋਈ ਦਿਨਾਂ ਤਕ ਕਿਲ੍ਹੇ ਪੁਰ ਕਾਬਜ਼ ਹੋਣਾ ਰੁਕਿਆ ਰਿਹਾ ਤੇ ਰਾਣੀ ਚੰਦ ਕੌਰ ਨੇ ੩੦ ਨਵੰਬਰ ਸੰਨ ੧੮੪੦ ਨੂੰ ਖ਼ਾਲਸਾ ਰਾਜ ਆਪਣੇ ਹੱਥ ਵਿਚ ਲੈਣ ਦਾ ਐਲਾਨ ਕਰ ਦਿਤਾ[1]। ਪਰ ਭਲਾ ਹੋਵੇ ਗਿਆਨੀ ਗੁਰਮੁਖ ਸਿੰਘ ਦਾ, ਜਿਨ੍ਹਾਂ ਦੀ ਵਿਰੋਧਤਾ ਦੇ ਕਾਰਣ ਇਹ ਕੰਮ ਸਿਰੇ ਨਾ ਚੜ੍ਹ ਸਕਿਆ।

ਮੁਕਦੀ ਗੱਲ ਇਹ ਹੈ ਕਿ ਜਿੱਥੇ ਮਹਾਰਾਜਾ ਨੌਨਿਹਾਲ ਸਿੰਘ ਵਿਚ ਬੇਗਿਣਤ ਉੱਚੇ ਗੁਣ ਸਨ, ਅਲਪਗ ਮਨੁੱਖ ਹੋਣ ਦੀ ਸੂਰਤ ਵਿਚ ਉਥੇ ਉਸ ਵਿਚ ਇਹ ਕਮਜ਼ੋਰੀਆਂ ਵੀ ਸਨ, ਜਿਨ੍ਹਾਂ ਦਾ ਇਥੇ ਲਿਖਣਾ ਇਕ ਨਿਰਪੱਖ ਲੇਖਕ ਲਈ ਜ਼ਰੂਰੀ ਹੈ। ਇਸ ਵਿਚ ਵੀ ਸ਼ੱਕ ਨਹੀਂ ਕਿ ਜੇ ਕਦੇ ਉਮਰ ਉਸ ਦਾ ਸਾਥ ਨਿਭਾਉਂਦੀ ਤਾਂ ਆਸ ਹੋ ਸਕਦੀ ਸੀ ਕਿ ਇਨ੍ਹਾਂ ਵਿਚੋਂ ਕਈ ਖ਼ਾਮੀਆਂ ਪੁਰ ਉਹ ਕਾਬੂ ਪਾ ਲੈਂਦਾ, ਪਰ ਇਥੇ ਤਾਂ ਕੁਦਰਤ ਦੇ ਰੰਗ ਹੀ ਹੋਰ ਵਰਤ ਗਏ। ਇਸ ਤਰ੍ਹਾਂ ਖ਼ਾਲਸੇ ਦੇ ਤੀਸਰੇ ਮਹਾਰਾਜਾ ਦਾ ਜੀਵਨ ਬ੍ਰਿਤਾਂਤ ਇਥੇ ਸੰਪੂਰਣ ਹੋ ਜਾਂਦਾ ਹੈ।

॥ ਸਮਾਪਤ ॥

---

1. ਪੈਨਜ਼—ਏ ਸ਼ਾਰਟ ਹਿਸਟਰੀ ਆਫ਼ ਦੀ ਸਿਖਜ਼—ਪੰਨਾ ੧੪੨।